ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 32 | 08 August 2018 to 14 August 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਰੈਫਰੰਡਮ 2020 : ਲੰਡਨ ਵਿਚ ਹੋਣ ਜਾ ਰਹੀ ਰੈਲੀ ਤੋਂ ਭਾਰਤ ਸਰਕਾਰ ਪਰੇਸ਼ਾਨ

- ਕਸ਼ਮੀਰੀਆਂ ਦੀ ਹਮਾਇਤ ਨਾਲ 12 ਅਗਸਤ ਨੂੰ ਲੰਡਨ 'ਚ ਹੋ ਰਹੀ ਹੈ ਰੈਲੀ
- ਰੈਲੀ 'ਤੇ ਰੋਕ ਲਗਾਉਣ ਦੀ ਭਾਰਤ ਸਰਕਾਰ ਦੀ ਮੰਗ ਨੂੰ ਬ੍ਰਿਟੇਨ ਸਰਕਾਰ ਨੇ ਠੁਕਰਾਇਆ
- ਥੈਰੇਸਾ ਮੇ ਸਰਕਾਰ ਨੇ ਕਿਹਾ ਕਿ ਕਾਨੂੰਨ ਦੇ ਦਾਇਰੇ 'ਚ ਸ਼ਾਂਤਮਈ ਪ੍ਰਦਰਸ਼ਨ 'ਤੇ ਰੋਕ ਨਹੀਂ
- ਭਾਰਤੀ ਅਖ਼ਬਾਰਾਂ ਤੇ ਏਜੰਸੀਆਂ ਵਲੋਂ ਭਾਈ ਪੰਮਾ ਨੂੰ ਹਊਆ ਬਣਾ ਕੇ ਕੀਤਾ ਜਾ ਰਿਹਾ ਹੈ ਪੇਸ਼




## ਪੰਜਾਬ ਦੇ ਸਿੱਖ ਨਹੀਂ ਚਾਹੁੰਦੇ ਰੈਫਰੰਡਮ : ਭਾਰਤ

**ਲੰਡਨ/ਬਿਊਰੋ ਨਿਊਜ਼ :**
ਭਾਰਤ ਵਿਚ ਬਰਤਾਨੀਆ ਦੇ ਲੰਡਨ ਵਿਖੇ 12 ਅਗਸਤ ਨੂੰ ਹੋਣ ਜਾ ਰਹੇ ਖ਼ਾਲਿਸਤਾਨ-ਪੱਖੀ ਸਮਾਰੋਹ ਦੀਆਂ ਤਿਆਰੀਆਂ ਚੱਲ 'ਤੇ ਬਵਾਲ ਮੱਚਿਆ ਹੈ। ਭਾਰਤ ਸਰਕਾਰ ਨੇ ਪਹਿਲਾਂ ਇਸ ਸਮਾਰੋਹ 'ਤੇ ਪਾਬੰਦੀ ਲਾਉਣ ਦੀ ਮੰਗ ਇੰਗਲੈਂਡ ਸਰਕਾਰ ਤੋਂ ਕੀਤੀ ਸੀ। ਭਾਰਤੀ ਹਾਈ ਕਮਿਸ਼ਨਰ ਵਾਈ.ਕੇ. ਸਿਨਹਾ ਇਸ ਮਾਮਲੇ ਮਾਮਲੇ ਸੰਬੰਧੀ ਵਿਦੇਸ਼ ਮੰਤਰੀ ਮਾਰਕ ਫ਼ੀਲਡ ਨੂੰ ਵੀ ਮਿਲੇ ਸਨ ਪਰ ਇਹ ਮੰਗ ਪ੍ਰਧਾਨ ਮੰਤਰੀ ਟ੍ਰੀਜ਼ਾ ਮੇਅ ਦੀ ਅਗਵਾਈ ਹੇਠਲੀ ਇੰਗਲੈਂਡ ਸਰਕਾਰ ਵੱਲੋਂ ਮੁੱਢੋਂ ਰੱਦ ਕਰ ਦਿੱਤੀ ਗਈ ਸੀ। ਸਰਕਾਰ ਦਾ ਕਹਿਣਾ ਹੈ ਕਿ ਦੇਸ਼ ਦੇ ਕਾਨੂੰਨ ਦੇ ਘੇਰੇ ਅੰਦਰ ਰਹਿ ਕੇ ਸਭ ਨੂੰ ਇਕੱਠੇ ਹੋਣ ਅਤੇ ਆਪਣੇ ਵਿਚਾਰ ਪ੍ਰਗਟਾਉਣ ਦਾ ਪੂਰਾ ਹੱਕ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਨਾਲ ਹੀ ਇਹ ਵੀ ਕਿਹਾ, ਕਿ "ਪਰ ਜੇ ਕੋਈ ਵਿਅਕਤੀ ਜਾਂ ਸਮੂਹ ਕਿਸੇ ਖ਼ਿਲਾਫ਼ ਨਫ਼ਰਤ ਫੈਲਾਉਂਦਾ ਹੈ ਜਾਂ ਭਾਈਚਾਰਿਆਂ ਵਿੱਚ ਕੋਈ ਅਜਿਹਾ ਤਣਾਅ ਫੈਲਾਉਂਦਾ ਹੈ ਕਿ ਜਿਸ ਨਾਲ ਕਾਨੂੰਨ ਤੇ ਵਿਵਸਥਾ ਦੀ ਹਾਲਤ ਵਿਗੜ ਸਕਦੀ ਹੈ ਜਾਂ ਕਿਤੇ ਹਿੰਸਾ ਫੈਲ ਸਕਦੀ ਹੈ; ਤਦ ਪੁਲਿਸ ਕੋਲ ਅਜਿਹੀਆਂ ਗਤੀਵਿਧੀਆਂ ਨੂੰ ਨੱਥ ਪਾਉਣ ਦੇ ਪੂਰੇ ਅਧਿਕਾਰ ਹੁੰਦੇ ਹਨ।" ਅਮਰੀਕਾ ਦੇ ਇਕ ਸਮੂਹ 'ਸਿੱਖਸ ਫ਼ਾਰ ਜਸਟਿਸ' ਵੱਲੋਂ

ਬਾਕੀ ਸਫ਼ਾ 28 'ਤੇ

## ਸਵਾਲ ਜੋ ਜਵਾਬ ਮੰਨਦੇ ਹਨ ?

- ਕੀ ਇਹ ਰੈਫਰੰਡਮ ਯੂਐਨਓ. ਵਰਗੀ ਕੌਮਾਂਤਰੀ ਸੰਸਥਾ ਦੇ ਦਿਸ਼ਾ-ਨਿਰਦੇਸ਼ਾਂ ਉਤੇ ਕਰਵਾਇਆ ਜਾਣਾ ਹੈ।
- ਸਿੱਖ ਕੌਮ ਦੇ ਕਿਹੜੇ ਖਿੱਤੇ ਦੇ ਨਿਵਾਸੀ ਇਸ ਰੈਫਰੰਡਮ ਵਿਚ ਵੋਟ ਪਾਉਣ ਦਾ ਅਧਿਕਾਰ ਰੱਖਣਗੇ।
- ਵੋਟਾਂ ਕਿਸ ਮੈਨੂਅਲ, ਇਲੈਕਟ੍ਰਾਨਿਕ ਜਾਂ ਆਨ-ਲਾਈਨ ਦੀ ਕਿਸ ਪ੍ਰਣਾਲੀ ਰਾਹੀਂ ਪੈਣਗੀਆਂ।
- ਵੋਟਾਂ ਦੀ ਗਿਣਤੀ ਕਿਹੜੇ ਅਧਿਕਾਰੀ ਅਤੇ ਕਿਸ ਪ੍ਰਬੰਧ (ਚੋਣ ਕਮਿਸ਼ਨ) ਦੀ ਨਿਗਰਾਨੀ ਹੇਠ ਕਰਨਗੇ।
- ਇਸ ਰੈਫਰੰਡਮ ਦਾ ਕੋਈ ਵੀ ਬਲਿਊ ਪ੍ਰਿੰਟ ਤਿਆਰ ਹੋਇਆ ਜਾਂ ਨਹੀਂ।
- ਖ਼ਾਲਿਸਤਾਨ ਦੀਆਂ ਹਾਮੀ ਜਥੇਬੰਦੀਆਂ ਤੋਂ ਇਸ ਵੱਡੇ ਕੌਮੀ ਉਦਮ ਵਿਚ ਕਿਸੇ ਤਰ੍ਹਾਂ ਦੀ ਸਲਾਹ ਜਾਂ ਸਹਿਯੋਗ ਨਾ ਲੈਣ ਦੇ ਕੀ ਕਾਰਨ ਹਨ।
- ਰੈਫਰੰਡਮ ਦੀ ਕਾਰਵਾਈ 'ਖ਼ਾਲਿਸਤਾਨ' ਦੇ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਕਰਨ ਦੀ ਬਜਾਏ ਉਸ ਲਈ ਨੁਕਸਾਨਦਾਇਕ ਤਾਂ ਨਹੀਂ ਹੋਵੇਗੀ।

## ਪਾਕਿਸਤਾਨ ਵਿਚ ਸਿੱਖ ਬੱਚਿਆਂ ਵਾਸਤੇ ਖੋਲ੍ਹਿਆ ਜਾਵੇਗਾ ਵਿਸ਼ੇਸ਼ ਸਕੂਲ

**ਪਿਸ਼ਾਵਰ/ਬਿਊਰੋ ਨਿਊਜ਼ :**
ਪਾਕਿਸਤਾਨ ਦੀ ਸਰਕਾਰ ਉਥੋਂ ਦੇ ਸਿੱਖ ਭਾਈਚਾਰੇ ਨੂੰ ਕਾਫੀ ਤਵੱਜੋਂ ਦੇ ਰਹੀ ਹੈ। ਸਿੱਖਾਂ ਦੀ ਚਿਰੋਕਣੀ ਮੰਗ ਉਤੇ ਪਹਿਲਾਂ ਸਿੱਖਾਂ ਦੇ ਵਿਆਹਾਂ ਲਈ ਆਨੰਦ ਮੈਰਿਜ ਐਕਟ ਲਾਗੂ ਕੀਤਾ ਗਿਆ ਸੀ, ਹੁਣ ਸਿੱਖ ਭਾਈਚਾਰੇ ਦੀ ਇਕ ਵਿਸ਼ੇਸ਼ ਸਕੂਲ ਖੋਲ੍ਹਣ ਦੀ ਮੰਗ ਨੂੰ ਵੀ ਬੂਰ ਪੈਣ ਜਾ ਰਿਹਾ ਹੈ। ਹਾਲ ਹੀ ਵਿਚ ਦਬਗਾਰੀ ਇਲਾਕੇ ਦੇ ਮੁਹੱਲਾ ਜੋਗਨ ਸ਼ਾਹ ਦੇ ਸਿੱਖ ਭਾਈਚਾਰੇ ਨੇ ਸੂਬਾ ਸਰਕਾਰ ਤਕ ਪਹੁੰਚ ਕਰ ਕੇ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਬੰਦੋਬਸਤ ਕਰਨ ਦੀ ਅਪੀਲ ਕੀਤੀ ਸੀ। ਇਸ ਸਬੰਧੀ ਦਰਖ਼ਾਸਤ ਮਿਲਣ ਤੋਂ ਬਾਅਦ ਹਕੂਮਤ ਨੇ ਸਬੰਧਤ ਇਲਾਕੇ ਵਿਚ ਖ਼ਾਸ ਤੌਰ 'ਤੇ ਘੱਟਗਿਣਤੀ ਭਾਈਚਾਰੇ ਲਈ ਸਕੂਲ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ।
ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖ਼ਵਾ ਵਿਚ ਛੇਤੀ ਹੀ ਸਿੱਖ ਭਾਈਚਾਰੇ ਨੂੰ ਆਪਣੇ ਬੱਚਿਆਂ ਦੀ ਤਾਲੀਮ ਲਈ ਵਿਸ਼ੇਸ਼ ਸਕੂਲ ਮਿਲ ਜਾਵੇਗਾ। ਸਬੰਧਤ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਹਕੂਮਤ ਨੇ ਇਹ ਵਿਸ਼ੇਸ਼ ਸਕੂਲ ਖੋਲ੍ਹਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜ਼ਿਲ੍ਹਾ ਸਿੱਖਿਆ ਦਫ਼ਤਰ ਦੇ ਅਧਿਕਾਰੀਆਂ ਨੇ ਵੀ ਕਿਹਾ ਕਿ ਇਸ ਸਬੰਧ ਵਿਚ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਭਾਰਤੀ ਇੰਜਨੀਅਰ ਦੇ ਕਾਤਲ ਨੂੰ ਤੀਹਰੀ ਉਮਰ ਕੈਦ

**ਨਿਊਯਾਰਕ/ਬਿਊਰੋ ਨਿਊਜ਼ :** ਇਥੇ ਇਕ ਭਾਰਤੀ ਮੂਲ ਦੇ ਇੰਜਨੀਅਰ ਨੂੰ ਜਾਨ ਤੋਂ ਮਾਰਨ ਦੇ ਦੋਸ਼ ਵਿਚ ਅਮਰੀਕੀ ਜਲ ਸੈਨਾ ਦੇ ਇਕ ਸੇਵਾਮੁਕਤ ਅਧਿਕਾਰੀ ਨੂੰ ਅਦਾਲਤ ਨੇ ਤੀਹਰੀ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਮਰੀਕਾ ਦੇ ਸੰਘੀ ਨਫਰਤ ਰੋਕੂ ਜੁਰਮ ਕਾਨੂੰਨ ਤਹਿਤ ਇਸ ਕਤਲ ਦਾ ਦੋਸ਼ੀ ਨਿਰੰਤਰ ਤੀਹਰੀ ਉਮਰ ਕੈਦ ਦੀ ਸਜ਼ਾ ਭੁਗਤੇਗਾ। ਇਸ ਸਾਬਕਾ ਫੌਜੀ ਅਧਿਕਾਰੀ ਉੱਤੇ ਭਾਰਤੀ ਮੂਲ ਦੇ ਇੰਜਨੀਅਰ ਸ੍ਰੀਨਿਵਾਸਨ ਕੁਚੀਭੋਤਲਾ ਨੂੰ ਬੀਅਰ ਬਾਰ ਵਿਚ ਗੋਲੀਆਂ ਮਾਰ ਕੇ ਹਲਾਕ ਕਰ ਦੇਣ ਅਤੇ ਉਸ ਦੇ ਦੋ ਸਾਥੀਆਂ ਨੂੰ ਗੰਭੀਰ ਜ਼ਖ਼ਮੀ ਕਰਨ ਦਾ ਸੰਗੀਨ ਦੋਸ਼ ਲੱਗਾ ਸੀ।



ਗੌਰਤਲਬ ਹੈ ਕਿ ਸਾਬਕਾ ਅਧਿਕਾਰੀ ਐਡਮ ਪੁਰਿੰਟੋਨ ਨੇ ਕੁਚੀਭੋਤਲਾ, ਅਲੋਕ ਮਦਾਸਨੀ ਅਤੇ ਇਆਨ ਗਰਿਲੋਤ ਉੱਤੇ ਆਸਟਿਨਜ਼ ਬਾਰ ਐਂਡ ਗਰਿੱਲ ਵਿਚ ਫਰਵਰੀ 2017 ਵਿਚ ਗੋਲੀਆਂ ਚਲਾਈਆਂ ਸਨ। ਅਦਾਲਤ ਨੇ ਮੁਲਜ਼ਮ ਨੂੰ ਸੰਘੀ ਨਫ਼ਰਤ ਰੋਕੂ ਕਾਨੂੰਨ ਅਤੇ ਗੋਲੀਆਂ ਚਲਾਉਣ ਦਾ ਦੋਸ਼ੀ ਠਹਿਰਾਇਆ ਸੀ।

## "ਰੈਫਰੰਡਮ-2020" ਬਾਰੇ ਖਾਲਿਸਤਾਨ ਪੱਖੀ ਜਥੇਬੰਦੀਆਂ ਦੇ ਅਹਿਮ ਇਤਰਾਜ਼ਾਂ 'ਤੇ 'ਸਿੱਖਜ਼ ਫਾਰ ਜਸਟਿਸ' ਖਾਮੋਸ਼

ਸਿੱਖਜ਼ ਫਾਰ ਜਸਟਿਸ ਨਾਂ ਦੀ ਸਿੱਖ ਜਥੇਬੰਦੀ ਵੱਲੋਂ ਵੱਖਰੇ ਸਿੱਖ ਰਾਜ ਖਾਲਿਸਤਾਨ ਦੇ ਮੁੱਦੇ 'ਤੇ ਕਰਵਾਈ ਜਾ ਰਹੀ ਰਾਇਸ਼ੁਮਾਰੀ "ਰੈਫਰੰਡਮ 2020" ਬਾਰੇ ਫਿਲਹਾਲ ਪੰਜਾਬ ਅਤੇ ਵਿਦੇਸ਼ਾਂ ਵਿਚਲੀਆਂ ਅਹਿਮ ਖਾਲਿਸਤਾਨ ਪੱਖੀ ਜਥੇਬੰਦੀਆਂ ਚੁੱਪ ਹਨ ਅਤੇ ਕਿਸੇ ਵੀ ਜਥੇਬੰਦੀ ਵੱਲੋਂ ਇਸ ਨੂੰ ਫਿਲਹਾਲ ਖੁੱਲ੍ਹ ਕੇ ਸਮਰਥਨ ਨਹੀਂ ਦਿੱਤਾ ਗਿਆ ਹੈ।
ਇਸ ਵੇਲੇ ਪੰਜਾਬ ਵਿਚ ਕਈ ਸਿੱਖ ਜਥੇਬੰਦੀਆਂ ਹਨ, ਜੋ ਲੰਮੇ ਸਮੇਂ ਤੋਂ ਸਿੱਧੇ ਤੌਰ 'ਤੇ ਵੱਖਰੇ ਸਿੱਖ ਰਾਜ ਖਾਲਿਸਤਾਨ ਦੀ ਗੱਲ ਕਰਦੀਆਂ ਹਨ। ਇਸ ਅਮਲ ਵਿਚ ਇਨ੍ਹਾਂ ਜਥੇਬੰਦੀਆਂ ਨੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਵੀ ਝੱਲਿਆ ਹੈ। ਇਨ੍ਹਾਂ ਵਿਚ ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਕੁਝ ਫੈਡਰੇਸ਼ਨਾਂ ਸ਼ਾਮਲ ਹਨ। ਯੂਨਾਈਟਿਡ ਅਕਾਲੀ ਦਲ ਖਾਲਿਸਤਾਨ ਦ ੀ ਥਾਂ ਸੂਬੇ ਵਿਚ ਵਿਸ਼ੇਸ਼ ਹੱਕਾਂ ਦਾ ਹਾਮੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਖਾਲਿਸਤਾਨ ਦੀ ਮੰਗ ਤੋਂ ਕੋਹਾਂ

ਬਾਕੀ ਸਫ਼ਾ 28 'ਤੇ

## 50 ਸਾਲਾ ਸਿੱਖ ਦੀ ਨਸਲੀ ਹਮਲੇ 'ਚ ਕੁੱਟਮਾਰ

**ਨਿਊਯਾਰਕ/ਬਿਊਰੋ ਨਿਊਜ਼ :** ਕੈਲੀਫ਼ੋਰਨੀਆ ਵਿਚ ਦੋ ਗੋਰਿਆਂ ਵੱਲੋਂ ਇਕ 50 ਸਾਲਾ ਸਿੱਖ ਦੀ ਨਸਲੀ ਵਿਤਕਰੇ ਕਾਰਨ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਗੋਰਿਆਂ ਨੇ ਸਿੱਖ 'ਤੇ ਨਸਲੀ ਟਿੱਪਣੀਆਂ ਕਰਦੇ ਹੋਏ ਕਿਹਾ,"ਤੁਹਾਡਾ ਇਥੇ ਸਵਾਗਤ ਨਹੀਂ ਹੈ।" ਗੋਰਿਆਂ ਨੇ ਸਿੱਖ ਨੂੰ ਅਪਣੇ ਦੇਸ਼ ਵਾਪਸ ਜਾਣ ਦੀਆਂ ਧਮਕੀਆਂ ਦਿੰਦੇ ਹੋਏ ਕਿਹਾ,"ਗੋ ਬੈਕ ਟੂ ਯੂਅਰ ਕੰਟਰੀ।" ਮਿਲੇ ਵੇਰਵਿਆਂ ਮੁਤਾਬਕ ਸੁਰਜੀਤ ਸਿੰਘ ਮੱਲ੍ਹੀ ਨਾਲ ਇਹ ਘਟਨਾ ਬੀਤੇ ਹਫ਼ਤੇ ਕੈਲੀਫ਼ੋਰਨੀਆ ਵਿਚ ਕੀਜ਼ ਅਤੇ ਫੁਟਈ ਰੋਡ 'ਤੇ ਵਾਪਰੀ। ਸਾਰੇ ਮਾਮਲੇ ਸਬੰਧੀ ਸ. ਮੱਲ੍ਹੀ ਨੇ ਦੱਸਿਆ ਕਿ ਉਹ ਕੈਲੀਫੋਰਨੀਆ ਵਿਚ ਆਪਣੇ ਘਰ ਦੇ ਕੋਲ ਅਮਰੀਕੀ ਪ੍ਰਤੀਨਿਧੀ ਜੈਫ ਡੇਨਹਮ ਲਈ ਰਾਜਨੀਤਕ ਪੋਸਟਰ ਚਿਪਕਾ ਰਿਹਾ ਸੀ ਜੋ ਕਿ ਬਤੌਰ ਰਿਪਬਲਿਕਨ ਉਮੀਦਵਾਰ ਫਿਰ ਤੋਂ ਚੋਣ ਮੈਦਾਨ ਵਿੱਚ ਖੜ੍ਹੇ ਹਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਦੋ ਆਦਮੀ ਆਏ ਅਤੇ ਉਨ੍ਹਾਂ ਨੇ ਚੀਖਦੇ ਹੋਏ ਨਸਲੀ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਕਹਿ ਰਹੇ ਸਨ, ਕਿ "ਤੁਹਾਡਾ ਇੱਥੇ ਸਵਾਗਤ ਨਹੀਂ ਹੈ , ਤੁਸੀਂ ਆਪਣੇ ਦੇਸ਼ ਵਾਪਸ ਜਾਓ।" ਦੋ ਵਿਅਕਤੀ ਮੇਰੇ ਪਿੱਛੇ ਆਏ ਅਤੇ ਟੋਕਣ ਲੱਗੇ। ਉਨ੍ਹਾਂ ਨੇ ਮੇਰੀ ਅੱਖ ਵਿਚ ਰੇਤ ਪਾ ਦਿੱਤੀ, ਤਾ ਕਿ ਮੈਂ ਉਨ੍ਹਾਂ ਨੂੰ ਨਾ ਵੇਖ ਸਕਾਂ। ਫਿਰ ਉਨ੍ਹਾਂ ਨੇ ਮੇਰਾ ਸਿਰ ਫੜਿਆ ਅਤੇ ਡੰਡੇ ਅਤੇ ਬੈਲਟ ਨਾਲ ਮੇਰੀ ਮਾਰ ਕੁਟਾਈ ਸ਼ੁਰੂ ਕਰ ਦਿੱਤੀ। ਸ. ਮੱਲ੍ਹੀ ਨੇ ਦੱਸਿਆ, ਕਿ ਜਿਸ ਤਰ੍ਹਾਂ ਉਹ ਮੈਨੂੰ ਮਾਰ ਰਹੇ ਸਨ, ਹੋ ਸਕਦਾ ਸੀ ਮੈਂ ਮਰ ਜਾਂਦਾ। ਸ. ਮੱਲ੍ਹੀ ਨੇ ਕਿਹਾ ਕਿ ਉਹ ਹਮਲਾ ਕਰਨ ਵਾਲਿਆਂ ਨੂੰ ਚੰਗੀ ਤਰ੍ਹਾਂ ਦੇਖ ਨਹੀਂ ਸਕੇ, ਪਰ ਉਹ ਦੋ ਵਿਅਕਤੀ ਸਨ. ਜਿਨ੍ਹਾਂ ਨੇ ਕਾਲੇ ਰੰਗ ਦੀਆਂ ਟੀ ਸ਼ਰਟਾਂ ਪਾਈਆਂ ਹੋਈਆਂ ਸਨ। ਉਹ ਮੈਨੂੰ ਕਹਿ ਰਹੇ ਸਨ, "ਤੂੰ ਇਥੋਂ ਦਾ ਨਹੀਂ ਹੈ।" ਸ. ਮੱਲ੍ਹੀ ਸੰਨ1992 ਵਿਚ ਭਾਰਤ ਤੋਂ ਅਮਰੀਕਾ ਆਏ ਸਨ ਅਤੇ ਹੁਣ ਇਥੇ ਦੇ ਸਥਾਈ ਨਿਵਾਸੀ ਹਨ। ਪੁਲਿਸ ਅਧਿਕਾਰੀ ਸ਼ੈਰਿਫ਼ ਸਾਰਜੈਂਟ ਟੌਮ ਲੇਤਰਾਸ ਨੇ



ਬਾਕੀ ਸਫ਼ਾ 28 'ਤੇ













ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# ਗਬਾਰਡ ਤੁਲਸੀ ਭਾਰਤ ਵਿਚਲੇ ਹਿੰਦੂਤਵੀਆਂ ਨੂੰ ਦੇ ਰਹੀ ਹੈ ਸ਼ਹਿ : ਪੀਟਰ ਫਰੈਡਰਿਕ

## ਇਕ ਰੇਡੀਓ ਪ੍ਰੋਗਰਾਮ ਵਿਚ ਇਸ ਡੈਮੋਕਰੇਟਿਕ ਪ੍ਰਤਿਨਿਧੀ ਦੀ ਭੂਮਿਕਾ 'ਤੇ ਉਠੀ ਉਂਗਲੀ

**ਕੇਈਲੁਆ-ਕੋਨਾ, (ਹਵਾਈ)/ਬਿਊਰੋ ਨਿਊਜ਼ :** ਹਵਾਈ ਰੇਡੀਓ ਮੇਜ਼ਬਾਨ ਇਰਮੀਨਸੂਲ ਨਾਲ ਇਕ ਮੁਲਾਕਾਤ ਵਿਚ, ਦੱਖਣ ਏਸ਼ੀਆਈ ਮਾਮਲਿਆਂ ਦੇ ਵਿਸ਼ਲੇਸ਼ਕ ਪੀਟਰ ਫਰੈਡਰਿਕ ਨੇ ਚਰਚਾ ਦੌਰਾਨ ਅਮਰੀਕਨ ਕਾਂਗਰਸ ਵਾਸਤੇ ਹਵਾਈ ਸਟੇਟ ਤੋਂ ਡੈਮੋਕਰੇਟਿਕ ਪਾਰਟੀ ਦੀ ਚੁਣੀ ਗਈ ਪ੍ਰਤੀਨਿਧੀ ਤੁਲਸੀ ਗਬਾਰਡ ਦੀ ਸਖਤ ਅਲੋਚਨਾ ਕੀਤੀ ਹੈ। ਉਨ੍ਹਾਂ ਤੁਲਸੀ ਗੇਬਾਰਡ ਦੀ ਭੂਮਿਕਾ ਨੂੰ ਭਾਰਤ ਵਿਚਲੇ ਭਗਵੇਂ ਅੱਤਵਾਦ ਨੂੰ ਸ਼ਹਿ ਦੇਣਾ ਕਹਿ ਕੇ ਗੰਭੀਰ ਇਲਜ਼ਾਮ ਲਗਾਏ ਹਨ। ਪੀਟਰ ਫਰੈਡਰਿਕ ਨੇ ਸਵਾਲ ਉਠਾਇਆ ਕਿ ਭਾਰਤ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸਵੈ ਸੇਵਕ ਸੰਘ (ਆਰਐਸਐਸ), ਹਿੰਦੂਤਵ ਦੇ ਵਕੀਲ ਬਣੇ ਹੋਏ ਹਨ। ਉਹ ਇਕ ਅਜਿਹਾ ਹਿੰਦੂਵਾਦੀ ਏਜੰਡਾ ਲੈ ਕੇ ਚੱਲ ਰਹੇ ਹਨ, ਜਿਸ ਵਿਚ ਇਹ ਮੰਨਿਆ ਜਾਂਦਾ ਹੈ ਕਿ ਸਾਰੇ ਭਾਰਤੀ ਹਿੰਦੂ ਹਨ ਅਤੇ ਇਥੇ ਰਹਿੰਦੇ ਤਮਾਮ ਗੈਰ-ਹਿੰਦੂ ਵਿਦੇਸ਼ੀ ਹਨ।

ਫਰੈਡਰਿਕ ਨੇ ਕਿਹਾ, ਕਿ "ਗਬਾਰਡ ਵੀ ਜਿੰਨਾ ਸੰਭਵ ਹੋ ਸਕੇ, ਇਸ ਕੰਮ ਕਰਨ ਲਈ ਖਰਚ ਕਰ ਰਹੀ ਹੈ। ਉਸ ਦੀ ਰਣਨੀਤੀ ਘੱਟ ਗਿਣਤੀ ਲੋਕਾਂ ਵਿਰੁੱਧ ਹਿੰਸਾ ਵਿਚ ਹਿੱਸਾ ਲੈਣ ਵਾਲੇ ਭਾਰਤ ਵਿਚਲੇ ਕੱਟੜਪੰਥੀਆਂ ਨੂੰ ਸ਼ਕਤੀਸ਼ਾਲੀ ਬਣਾ ਰਹੀ ਹੈ। ਇਥੋਂ ਤਕ ਕਿ ਉਹ ਆਪਣੇ ਸਿਆਸੀ ਮੰਚ ਦੀ ਵਰਤੋਂ ਕਰਕੇ ਭਾਰਤੀ ਘੱਟ ਗਿਣਤੀ ਦੇ ਹਾਲਾਤ ਦੀ ਹਕੀਕਤ ਨੂੰ ਲੁਕਾਉਣ ਦੇ ਨਾਲ-ਨਾਲ ਕੱਟੜ ਹਿੰਦੂ ਰਾਸ਼ਟਰਵਾਦੀ ਲੋਕਾਂ ਦੀ ਮਦਦ ਕਰਦੀ ਹੈ।



ਫਰੈਡਰਿਕ ਨੇ ਖੁਲਾਸਾ ਕੀਤਾ ਕਿ ਮੈਂ ਇਹ ਹਿੰਦੂਤਵ ਨੂੰ ਜਾਣਨ ਲਈ ਇਨ੍ਹਾਂ ਦੇ ਕਾਫੀ ਧਾਰਮਿਕ ਸਮਾਗਮਾਂ ਅਤੇ ਆਸ਼ਰਮਾਂ ਵਿਚ ਗਿਆ। ਇਥੇ ਸਭ ਕੁਝ ਕਿਸੇ ਵੀ ਚੰਗੀ ਚੀਜ਼ ਵਾਂਗ, ਵਾਪਰਦਾ ਹੈ ਪਰ ਜਦੋਂ ਤੁਸੀਂ ਇਸ ਦੇ ਹੇਠਲੇ ਦਰਾਜ਼ ਨੂੰ ਖੋਲ੍ਹਦੇ ਹੋ ਤਾਂ ਇਹ ਇਕ ਸਰਾਪੀ ਹਿੰਸਕ ਰਾਸ਼ਟਰਵਾਦੀ ਨਫਰਤ ਦਾ ਜ਼ਹਿਰ ਹੀ ਨਿਕਲਦਾ ਹੈ। ਭਾਵੇਂ ਅਜਿਹਾ ਵਰਤਾਰਾ ਕਈ ਵਾਰ ਜਰਮਨ, ਅੰਗਰੇਜ਼ਾਂ ਜਾਂ ਯੂਰਪ ਵਿਚ ਵੀ ਬਹੁਤ ਥਾਵਾਂ 'ਤੇ ਪ੍ਰਗਟ ਹੁੰਦਾ ਰਿਹਾ ਹੈ ਪਰ ਹੁਣ ਇਹ ਭਾਰਤ ਵਿਚ ਵੀ ਸਾਹਮਣੇ ਆਇਆ ਹੈ। ਅਮਰੀਕਾ ਵਾਂਗ, ਭਾਰਤ ਵੀ ਬਹੁਗਿਣਤੀ ਧਰਮਾਂ ਵਾਲਾ ਦੇਸ਼ ਹੇ। ਭਾਰਤੀ ਮੂਲ ਦੀ ਅਮਰੀਕੀ ਨੇਤਾ ਤੁਲਸੀ ਗਬਾਰਡ ਨੇ ਵੀ ਇਤਿਹਾਸ ਸਿਰਜਿਆ ਸੀ ਜਦੋਂ ਉਸਨੇ ਆਪਣੇ ਹੱਥ ਵਿਚ ਭਗਵਦ ਗੀਤਾ ਲੈ ਕੇ ਸਹੁੰ ਚੁੱਕੀ ਸੀ। ਫਰੈਡਰਿਕ ਨੇ ਹਿੰਦੂਤਵੀ ਰਾਸ਼ਟਰਵਾਦ ਉਤੇ ਤਨਜ਼ ਕਸਦਿਆਂ ਕਿਹਾ ਕਿ ਹੁਣ ਹਵਾਈ ਦੇ ਲੋਕ ਤੁਲਸੀ ਤੋਂ ਬਹੁਤ ਕੁਝ ਜਾਣਨਾ ਚਾਹੁੰਦੇ ਹਨ ਕਿ ਬਤੌਰ ਅਮਰੀਕਨ ਕਾਂਗਰਸਵੁਮੈਨ ਵੱਜੋਂ ਉਹ ਕਿਸ ਦੀ ਨੁਮਾਇੰਦਗੀ ਕਰ ਰਹੇ ਹਨ।

ਗੌਰਤਲਬ ਹੈ ਕਿ ਪੀਟਰ ਫਰੈਡਰਿਕ ਭਾਰਤ ਦੀ ਘੱਟ ਗਿਣਤੀ ਮਾਮਲਿਆਂ ਬਾਰੇ ਸੰਸਥਾ ਓਐੱਫਐਮਆਈ (ਆਰਗੇਨਾਈਜੇਸ਼ਨ ਫਾਰ ਮਨਿਉਰਿਟੀਜ਼ ਆਫ ਇੰਡੀਆ) ਦੇ ਬੁਲਾਰੇ ਅਤੇ ਸਰਗਰਮ ਕਾਰਕੁੰਨ ਹਨ। ਉਹ ਭਾਰਤ ਦੇ ਬਹੁਤ ਸਾਰੇ ਧਾਰਮਿਕ ਘੱਟ ਗਿਣਤੀ ਸਮੂਹਾਂ ਦੇ ਹੱਕਾਂ ਲਈ ਲੜਦੇ ਆ ਰਹੇ ਹਨ। ਉਨ੍ਹਾਂ ਦੇ ਨਿਸ਼ਾਨੇ ਉਤੇ ਰਾਸ਼ਟਰਵਾਦ, ਫਾਸ਼ੀਵਾਦ, ਅਤੇ ਨਸਲਵਾਦ ਰਿਹਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਨਸਲੀ ਹਮਲੇ ਰੋਕਣ ਲਈ ਸਿੱਖਾਂ ਬਾਰੇ ਵਿਦੇਸ਼ੀ ਦੂਤਘਰਾਂ ਨੂੰ ਵਿਸ਼ੇਸ਼ ਕਿਤਾਬ ਭੇਜਣ ਦਾ ਫੈਸਲਾ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਇੱਕ ਸਿੱਖ ਨੂੰ ਦੋ ਗੋਰਿਆਂ ਵੱਲੋਂ ਨਸਲੀ ਹਿੰਸਾ ਦਾ ਸ਼ਿਕਾਰ ਬਣਾਉਂਦਿਆਂ ਕੁੱਟਣ ਤੇ ਉਸ ਦੇ ਟਰੱਕ ਉੱਤੇ 'ਗੋ ਬੈਕ ਟੂ ਯੂਅਰ ਕੰਟਰੀ' ਲਿਖਣ ਬਾਰੇ ਬੋਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਲੌਂਗੋਵਾਲ ਨੇ ਕਿਹਾ ਕਿ ਉਹ ਇਸ ਸਬੰਧੀ ਭਾਰਤ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਵਿਦੇਸ਼ਾਂ ਵਿਚ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਦੇਸ਼ਾਂ ਵਿਚ ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ 'ਤੇ ਹੋ ਰਹੇ



ਨਸਲੀ ਹਮਲਿਆਂ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਯਤਨਸ਼ੀਲ ਹੈ ਅਤੇ ਇਸੇ ਸਬੰਧ ਵਿਚ ਕਮੇਟੀ ਵੱਲੋਂ ਵਿਸ਼ੇਸ਼ ਕਿਤਾਬ ਤਿਆਰ ਕਰਵਾ ਕੇ ਸਾਰੇ ਦੇਸ਼ਾਂ ਦੇ ਸਫ਼ਾਰਤਖਾਨਿਆਂ ਨੂੰ ਭੇਜੀ ਜਾ ਰਹੀ ਹੈ ਤਾਂ ਜੋ ਸਿੱਖਾਂ ਤੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਬਾਰੇ ਸਮੁੱਚੇ ਸੰਸਾਰ ਦੇ ਸ਼ੰਕੇ ਦੂਰ ਹੋ ਸਕਣ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗਵਾਲ ਨੇ ਇਹ ਵੀ ਕਿਹਾ ਕਿ ਅੰਮ੍ਰਿਤਸਰ ਦੇ ਟਰੱਕ ਡਰਾਈਵਰ ਜੋਗਾ ਸਿੰਘ ਨੂੰ ਝਾਰਖੰਡ ਵਿੱਚ ਮਾਓਵਾਦੀਆਂ ਵੱਲੋਂ ਗੋਲੀ ਮਾਰਨ ਤੇ ਟਰੱਕ ਵਿੱਚ ਜ਼ਿੰਦਾ ਸਾੜਨ ਦੀ ਘਟਨਾ ਬਹੁਤ ਹੀ ਦੁੱਖਦਾਈ ਹੈ ਕਿ ਸਿੱਖ ਆਪਣੇ ਦੇਸ਼ ਵਿੱਚ ਹੀ ਹਿੰਸਕ ਘਟਨਾਵਾਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਝਾਰਖੰਡ ਤੇ ਕੇਂਦਰ ਸਰਕਾਰ ਨੂੰ ਲਿਖਣਗੇ ਕਿ ਉਹ ਪੀੜਤ ਦੇ ਪਰਿਵਾਰ ਨੂੰ ਬਣਦੀ ਸਹਾਇਤਾ ਮੁਹੱਈਆ ਕਰਵਾਏ।ਇਸ ਮੌਕੇ ਉਨ੍ਹਾਂ ਅੱਠਵੇਂ ਪਾਤਸ਼ਾਹ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਖ਼ਤ ਸਾਹਿਬ ਦੇ ਸਾਹਮਣੇ ਵਾਲੇ ਮੈਦਾਨ ਵਿਚ ਪੌਦੇ ਵੀ ਲਗਾਏ।

# ਪੰਜਾਬ 'ਚ ਅਸਲੇ ਦੇ ਸ਼ੌਕੀਨਾਂ ਨੂੰ ਡੋਪ ਦਾ ਡੰਗ

**ਬਠਿੰਡਾ/ਬਿਊਰੋ ਨਿਊਜ਼ :** ਸਿਹਤ ਮਹਿਕਮੇ ਨੂੰ ਪੰਜਾਬ ਸਰਕਾਰ ਦਾ ਹਰ ਹਥਿਆਰ ਦਾ ਲਾਇਸੰਸ ਲੈਣ ਜਾਂ ਪੁਰਾਣਾ ਲਾਇਸੰਸ ਨਵਿਆਉਣ ਵੇਲੇ ਲਾਇਸੰਸਧਾਰੀ ਦਾ ਡੋਪ ਟੈਸਟ ਲਾਜ਼ਮੀ ਕਰਨ ਦਾ ਫ਼ੈਸਲਾ ਰਾਸ ਆ ਗਿਆ ਹੈ। ਇਸ ਦੇ ਖ਼ਜ਼ਾਨੇ ਨੂੰ ਡੋਪ ਟੈਸਟਾਂ ਨੇ ਭਰਨਾ ਸ਼ੁਰੂ ਕਰ ਦਿੱਤਾ ਹੈ। ਉਧਰ ਪੰਜਾਬ ਵਿਚ ਡੋਪ ਟੈਸਟ ਕਿੱਟਾਂ ਦੀ ਖ਼ਰੀਦ ਵਿਚ ਵੀ ਘਾਲਾ ਮਾਲਾ ਹੋਣ ਲੱਗਾ ਹੈ। ਦਰਅਸਲ ਕੇਂਦਰੀ ਗ੍ਰਹਿ ਮੰਤਰਾਲੇ ਨੇ ਲਾਇਸੈਂਸੀ ਹਥਿਆਰ ਲੈਣ ਲਈ ਡੋਪ ਟੈਸਟ ਲਾਜ਼ਮੀ ਕਰਾਰ ਦਿੱਤਾ ਹੈ। ਡੋਪ ਟੈਸਟ ਅਸਲਾ ਸ਼ੌਕੀਨਾਂ ਦੀ ਜੇਬ ਨੂੰ ਡੰਗ ਮਾਰ ਰਹੇ ਹਨ। ਸਰਕਾਰੀ ਹਸਪਤਾਲਾਂ ਵੱਲੋਂ ਖ਼ਰੀਦ ਕੀਤੀ ਡੋਪ ਟੈਸਟ ਕਿੱਟ ਦਾ ਰੇਟ ਹਰ ਸ਼ਹਿਰ ਵਿੱਚ ਵੱਖ-ਵੱਖਰਾ ਹੈ, ਜਿਸ ਤੋਂ ਮਾਮਲਾ ਸ਼ੱਕੀ ਜਾਪਦਾ ਹੈ। ਸਿਹਤ ਵਿਭਾਗ ਨੇ 17 ਅਪਰੈਲ 2018 ਤੋਂ ਡੋਪ ਟੈਸਟ ਅਤੇ ਮੈਡੀਕਲ ਟੈਸਟਾਂ ਦੀ ਫ਼ੀਸ 1500 ਰੁਪਏ ਕਰ ਦਿੱਤੀ ਸੀ, ਜੋ ਪਹਿਲਾਂ 750 ਰੁਪਏ ਪ੍ਰਤੀ ਟੈਸਟ ਸੀ। ਆਰਟੀਆਈ ਵੇਰਵਿਆਂ ਅਨੁਸਾਰ ਸਿਵਲ ਹਸਪਤਾਲ ਮੁਕਤਸਰ ਨੇ ਅਸਲਾ ਲਾਇਸੈਂਸ ਲੈਣ ਦੇ ਸ਼ੌਕੀਨਾਂ ਤੋਂ ਇਕੱਲੇ ਡੋਪ ਟੈਸਟਾਂ ਦੇ ਰੂਪ ਵਿਚ 13.02 ਲੱਖ ਰੁਪਏ ਦੀ ਕਮਾਈ ਕੀਤੀ ਹੈ। ਮੁਕਤਸਰ ਹਸਪਤਾਲ ਨੇ ਜੂਨ ਮਹੀਨੇ ਤੱਕ 1012 ਡੋਪ ਟੈਸਟ ਕੀਤੇ ਸਨ, ਜਿਨ੍ਹਾਂ ਵਿੱਚੋਂ 138 ਕੇਸ ਪਾਜ਼ੇਟਿਵ ਪਾਏ ਗਏ ਸਨ। ਇਨ੍ਹਾਂ ਕੇਸਾਂ ਦੇ ਮੁੜ ਫ਼ੀਸ ਭਰਾ ਕੇ ਜਦੋਂ ਡੋਪ ਟੈਸਟ ਕਰਾਏ ਗਏ ਤਾਂ ਇਨ੍ਹਾਂ ਵਿੱਚੋਂ ਸਿਰਫ਼ ਪੰਜ ਕੇਸ ਹੀ ਪਾਜ਼ੇਟਿਵ ਰਹਿ ਗਏ।




# ਰੋਜ਼ਵਿਲ ਵਿਚ ਹੋਇਆ ਫੰਡ ਰੇਜ਼ਰ ਸਮਾਗਮ



**ਰੋਜ਼ਵਿਲ/ਬਿਊਰੋ ਨਿਊਜ਼ :** ਲੰਘੀ 21 ਜੁਲਾਈ ਨੂੰ ਸਮਾਜ ਸੇਵੀ ਸੰਸਥਾਦੀ ਸਹਾਇਤਾਲਈ ਕੈਲੀਫੋਰਨੀਆ ਦੇ ਸ਼ਹਿਰ ਰੋਜ਼ਵਿਲ ਵਿਚ ਗੁਰੀ ਕੰਗ, ਅਨੂਪਇੰਦਰ ਕੌਰ ਅਤੇ ਅਮਰਜੀਤ ਸਿੰਘ ਦੇ ਉੱਦਮ ਨਾਲ ਇੱਕ ਫੰਡ ਰੇਜ਼ਰ ਸਮਾਗਮ ਕਰਵਾਇਆ ਗਿਆ। ਇਸ ਵਿਚ ਡੇਢ ਕੁ ਸੌ ਮਹਿਮਾਨਾਂ ਨੇ ਹਿੱਸਾ ਲਿਆ। ਸੰਸਥਾ ਵੱਲੋਂ ਪੰਜਾਬ (ਇੰਡੀਆ) ਵਿਚ ਲੋੜਵੰਦਾਂ ਲਈ ਸ਼ੁਰੂ ਕੀਤੇ ਸੇਵਾ ਕਾਰਜਾਂ ਬਾਰੇ ਸ. ਦਲਜੀਤ ਸਿੰਘ ਖਹਿਰਾ, ਅਨੂਪਇੰਦਰ ਕੌਰ ਅਤੇ ਡਾ. ਹਰਕੇਸ਼ ਸਿੰਘ ਸੰਧੂ ਨੇ ਵਿਸਥਾਰਤ ਜਾਣਕਾਰੀ ਦਿੱਤੀ। ਸੰਸਥਾ ਵੱਲੋਂ ਅਤਿ ਦੀ ਗਰੀਬੀ ਦੇ ਡੁੰਬੇ ਹੋਏ ਤੇ ਬੇਸਹਾਰਾ ਲੋਕਾਂ ਲਈ ਜਿੱਥੇ ਸਿਰ ਢਕਣ ਜੋਗੀ ਥਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਉੱਥੇ ਦੁਖੀਆਂ ਤੇ ਰੋਗੀਆਂ ਲਈ ਦਵਾ ਦਾਰੂ ਦਾ ਪ੍ਰਬੰਧ, ਅੱਖਾਂ ਦੇ ਇਲਾਜ ਲਈ ਕੈਂਪ ਅਤੇ ਬੱਚਿਆਂ ਦੀ ਪੜ੍ਹਾਈ ਲਈ ਕਿਤਾਬਾਂ ਅਤੇ ਕੱਪੜਿਆਂ ਦਾ ਬੰਦੋਬਸਤ ਵੀ ਕੀਤਾ ਜਾਂਦਾ ਹੈ। ਪੰਜਾਬ ਵਿਚ ਕੋਈ 1000 ਤੋਂ ਉੱਪਰ ਬੱਚੇ ਸੰਸਥਾ ਦੀ ਮਦਦ ਨਾਲ ਪੜ੍ਹ ਲਿਖ ਰਹੇ ਹਨ ਅਤੇ ਕਈ ਚੰਗੀਆਂ ਨੌਕਰੀਆਂ ਲੈਣ ਵਿਚ ਕਾਮਯਾਬ ਹੋਏ ਹਨ। ਡਾ. ਸੰਧੂ ਨੇ ਦੱਸਿਆ ਕਿ ਇਕ ਆਮ ਬੱਚੇ ਦੀ ਸਾਲ ਦੀ ਪੜ੍ਹਾਈ ਦਾ ਖਰਚਾ ਸਿਰਫ 180.00 ਡਾਲਰ, ਅਸਧਾਰਨ ਬੱਚੇ ਦੀ ਪੜ੍ਹਾਈ ਦਾ ਖਰਚਾ ਸਿਰਫ 360.00 ਡਾਲਰ ਅਤੇ ਖੁਦਕਸ਼ੀ ਕਰ ਗਏ ਕਿਸਾਨ ਦੇ ਪਰਿਵਾਰ ਦੀ ਦੇਖਭਾਲ ਦਾ ਖਰਚਾ 500.00 ਡਾਲਰ ਹੈ। ਕੋਈ ਵੀ ਸੱਜਣ ਇਹ ਸਹਾਇਤਾ ਕਰਨੀ ਚਾਹੇ ਤਾਂ ਸੰਸਥਾ ਨਾਲ 916-246-60 88 ਜਾਂ sahaita.org ਉੱਤੇ ਜਾ ਕੇ ਸੰਪਰਕ ਕਰ ਸਕਦਾ ਹੈ। ਸਮਾਗਮ ਵਿਚ ਸਹਾਇਤਾਦੇ ਸੰਸਥਾਪਕ ਡਾ. ਹਰਕੇਸ਼ ਸਿੰਘ ਸੰਧੂ ਤੋਂ ਇਲਾਵਾ ਸੰਸਥਾ ਦੇ ਨਿਸ਼ਕਾਮ ਤੇ ਅਣਥੱਕ ਸੇਵਾਦਾਰ (ਪ੍ਰਬੰਧਕ) ਸ.ਸਰੂਪ ਸਿੰਘ ਝੱਜ, ਦਲਜੀਤ ਸਿੰਘ ਖਹਿਰਾ, ਅੰਮ੍ਰਿਤਪਾਲ ਸਿੰਘ ਸਰਾਂ ਤੇ ਲਵੀ ਸਰਾਂ ਤੋਂ ਇਲਾਵਾ ਹੋਰ ਵਰਕਰ ਵੀ ਪਹੁੰਚੇ ਹੋਏ ਸਨ। ਸਹਾਇਕ ਸੱਜਣਾ ਵਿਚ ਸ. ਪ੍ਰੀਤਮ ਸਿੰਘ ਜੋਗਾ, ਹਰਦੀਪ ਸਿੰਘ ਹੇਅਰ, ਦਲਵੀਰ ਦਿਲ ਨਿੱਝਰ ਅਤੇ ਕੈਨੀ ਵਿਰਕ ਖਾਸ ਤੌਰ ਉੱਤੇ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਪਰਨੀਤ ਕੌਰ ਸਿੱਧੂ ਦੁਆਰਾ ਤਿਆਰ ਕਰਵਾਈਆਂ ਭੰਗੜਾ ਤੇ ਗਿੱਧਾ ਟੀਮਾਂ ਨੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤੇ। ਜੀਵਨ ਰੱਤੂ ਅਤੇ ਗੋਗੀ ਸੰਧੂ ਨੇ ਇਕ-ਇਕ ਗੀਤ ਗਾ ਕੇ ਰੌਣਕਾਂ ਲਾਈਆਂ।

ਸ਼ਾਇਰ ਅਤੇ ਰਿਐਲਟਰ ਦਿਲ ਨਿੱਝਰ ਨੇ ਆਪਣੇ ਭਾਵਪੂਰਨ ਸ਼ੇਅਰਾਂ ਨਾਲ ਸਭ ਦੇ ਮਨ ਮੋਹ ਲਏ। ਰੋਟੀ ਪਾਣੀ ਦੀ ਸੇਵਾ ਮਹਿਫਿਲ ਰੈਸਟੋਰੈਂਟ ਵਾਲਿਆਂ ਨੇ ਬੜੀ ਰੂਹ ਨਾਲ ਨਿਭਾਈ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਾਖੂਬੀ ਨਿਭਾਇਆ।

## 32ਵੀਆਂ ਸਾਲਾਨਾ ਸਿੱਖ ਖੇਡਾਂ ਦਾ ਸ਼ਡਿਊਲ ਜਾਰੀ

**ਮੈਲਬੋਰਨ/ਬਿਊਰੋ ਨਿਊਜ਼ :** ਮੈਲਬੋਰਨ ਦੀ ਪ੍ਰਬੰਧਕ ਕਮੇਟੀ ਵਲੋਂ 2019 ਲਈ 32ਵੀਆਂ ਸਾਲਾਨਾ ਸਿੱਖ ਖੇਡਾਂ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਪ੍ਰਬੰਧਕ ਕਮੇਟੀ ਦੇ ਸਪੋਕਸਮੈਨ ਨਵਦੀਪ ਪਾਂਗਲੀ ਦਿੱਤੀ। ਉਨ੍ਹਾਂ ਕਿਹਾ ਕਿ 32ਵੀਆਂ ਸਾਲਾਨਾ ਸਿੱਖ ਖੇਡਾਂ ਦਾ ਲੋਗੋ, ਖੇਡ ਚਿੰਨ, ਕਮੇਟੀ ਦੀਆਂ ਫੋਟੋਆਂ, ਗਰਾਊਂਡਾਂ ਦੀ ਜਾਣਕਾਰੀ ਅਤੇ ਰਿਹਾਇਸ਼ ਸਬੰਧੀ ਮੁੱਢਲੀ ਜਾਣਕਾਰੀ ਖੇਡਾਂ ਦੀ ਵੈੱਬਸਾਈਟ 'ਤੇ ਜਾਰੀ ਕਰ ਦਿੱਤੀ ਗਈ ਹੈ। 19 ਤੋਂ 21 ਅਪ੍ਰੈਲ, 2019 ਤੱਕ ਹੋਣ ਵਾਲੀਆਂ ਸਿੱਖ ਖੇਡਾਂ ਨੂੰ ਮੈਲਬੋਰਨ ਦੇ ਸਾਰੇ ਕਲੱਬ, ਗੁਰਦੁਆਰੇ ਅਤੇ ਸਭਿਆਚਾਰਕ ਜਥੇਬੰਦੀਆਂ ਰਲ ਕੇ ਯਾਦਗਾਰੀ ਬਣਾਉਣ ਲਈ ਵਚਨਬੱਧ ਹਨ। ਉਮੀਦ ਕੀਤੀ ਜਾਂਦੀ ਹੈ ਕਿ ਇਸ ਵਾਰੀ 3500 ਤੋਂ ਵੱਧ ਖਿਡਾਰੀ ਅਤੇ ਡੇਢ ਲੱਖ ਤੋਂ ਵੱਧ ਦਰਸ਼ਕ ਹਿੱਸਾ ਲੈਣਗੇ।ਕਮੇਟੀ ਦੇ ਸਕੱਤਰ ਸਤਨਾਮ ਸਿੰਘ ਪਾਬਲਾ ਅਤੇ ਮੀਤ ਪ੍ਰਧਾਨ ਰੁਪਿੰਦਰ ਸਿੰਘ ਬਰਾੜ ਨੇ ਭਰੋਸਾ ਦਿਵਾਇਆ ਕਿ ਸਿੱਖ ਖੇਡਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਦੌਰਾਨ ਹੋ ਰਹੇ ਸਾਰੇ ਹੋਰ ਸਥਾਨਕ ਟੂਰਨਾਮੈਂਟਾਂ ਨੂੰ ਸੰਵਿਧਾਨ ਦੇ ਮੁਤਾਬਕ ਮੁਲਤਵੀ ਕਰ ਦਿੱਤਾ ਜਾਵੇਗਾ। ਇਸ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਦਲਵਿੰਦਰ ਗਰਚਾ ਅਤੇ ਕੌਮੀ ਕਮੇਟੀ ਨੇ ਖ਼ੁਸ਼ੀ ਜ਼ਾਹਿਰ ਕੀਤੀ।

# ਬੇਅਦਬੀ ਕੇਸ ਨੂੰ ਲਮਕਾ ਕੇ ਕਮਜ਼ੋਰ ਕਰਨ ਦੀ ਸਾਜਿਸ਼ : ਸਿੱਖ ਬੁੱਧੀਜੀਵੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਿੱਖ ਬੁੱਧੀਜੀਵੀਆਂ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਬਰਗਾੜੀ ਕੇਸ ਨਾਲ ਜੁੜੇ ਬਹਿਬਲ ਕਲਾਂ ਗੋਲੀ ਕਾਂਡ ਨੂੰ ਸੀਬੀਆਈ. ਦੇ ਹਵਾਲੇ ਕਰਨ ਦੇ ਐਲਾਨ ਨੂੰ ਇਨਸਾਫ ਦੇਣ ਤੋਂ ਭੱਜਣਾ ਅਤੇ ਸਿੱਖ ਭਾਵਨਾਵਾਂ ਦੀ ਅਤਿਅੰਤ ਬੇਪਰਵਾਹੀ ਕਰਨੀ ਕਿਹਾ ਹੈ। ਇਸ ਸਬੰਧੀ ਖੁਸ਼ਹਾਲ ਸਿੰਘ ਜਨਰਲ ਸੈਕਟਰੀ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਉਨ੍ਹਾਂ ਨੇ ਕਿਹਾ ਕਿ ਮੌਜੂਦਾ ਕਾਂਗਰਸੀ ਸਰਕਾਰ ਵੀ ਬਾਦਲ ਸਰਕਾਰ ਦੀ ਤਰਜ਼ 'ਤੇ ਬੇਅਦਬੀ ਦੇ ਕੇਸ ਵਿਚ ਸਿੱਖਾਂ ਨੂੰ ਕੋਈ ਇਨਸਾਫ ਨਹੀਂ ਦਿਵਾਉਣਾ ਚਾਹੁੰਦੀ। ਅਕਾਲੀ-ਭਾਜਪਾ ਦੀ ਤਰ੍ਹਾਂ ਰਾਸ਼ਟਰਵਾਦੀ ਹਿੱਤਾਂ 'ਤੇ ਗੈਰ-ਸਿੱਖ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਟੁੱਟਵੀਂ-ਟੁੱਟਵੀਂ ਕਾਰਵਾਈ ਕਰ ਰਹੀ ਹੈ। ਕਾਂਗਰਸ ਸਰਕਾਰ ਬੇਅਦਬੀ ਦੇ ਕੇਸ ਵਿਚ ਸੰਨ 2019 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਗਿਣਤੀ-ਮਿਣਤੀ ਦੇ ਅਧਾਰ 'ਤੇ ਕਾਰਵਾਈ ਕਰਨਾ ਚਾਹੁੰਦੀ ਹੈ। ਇਸੇ ਕਰਕੇ ਅਕਾਲੀ-ਭਾਜਪਾ ਸਰਕਾਰ ਦੇ ਪਦ ਚਿੰਨ੍ਹਾਂ ਉਤੇ ਚੱਲਦਿਆਂ ਕਾਂਗਰਸ ਸਰਕਾਰ ਨੇ ਵੀ ਬੇਅਦਬੀ ਕੇਸ ਦਾ ਕੁਝ ਹਿੱਸਾ ਸੀਬੀਆਈ. ਦੇ ਹਵਾਲੇ ਕਰ ਦਿੱਤਾ ਹੈ। ਬਾਦਲ ਸਰਕਾਰ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਥਾਪਿਆ ਸੀ। ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਕਮਿਸ਼ਨ ਕਮੇਟੀਆਂ ਬਣਾਉਣ ਪਿਛੇ ਮਕਸਦ ਸਿਰਫ ਕੇਸਾਂ ਵਿਚ ਪਾਣੀ ਪਾਉਣਾ ਅਤੇ ਕਮਜ਼ੋਰ ਕਰਨਾ ਹੁੰਦਾ ਹੈ। ਦਰਜਨ ਤੋਂ ਵੱਧ ਅਜਿਹੀਆਂ ਕਮਿਸ਼ਨ ਕਮੇਟੀਆਂ ਨਵੰਬਰ, 84 ਦੀ ਨਸਲਕੁਸ਼ੀ ਵਿਚ ਥਾਪੇ ਗਏ ਪਰ ਉਨ੍ਹਾਂ ਨੇ ਸਿੱਖਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ, ਸਗੋਂ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਕੇਸਾਂ ਨੂੰ ਲਟਕਾ ਕੇ 5000 ਸਿੱਖਾਂ ਦੇ ਕਤਲਾਂ ਦਾ ਮਾਮਲਾ ਰੋਲ ਦਿੱਤਾ ਹੈ। ਹੈਰਾਨੀ ਦੀ ਗੱਲ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਵਿਚ ਲਿਖੀ ਐਫਆਈਆਰ ਵਿਚ ਗੋਲੀ ਚਲਾਉਣ ਵਾਲੇ ਨੂੰ ਅਣਪਛਾਤੇ ਲਿਖਿਆ ਹੈ। ਨਸਲਕੁਸ਼ੀ ਕੇਸਾਂ ਵਿਚ ਵੀ ਇਸ ਤਰ੍ਹਾਂ ਦੀਆਂ ਛਲਾਵੇ ਭਰੀਆਂ ਐਫਆਈਆਰ ਦਰਜ ਕੀਤੀਆਂ ਸਨ। ਸਾਂਝੇ ਬਿਆਨ ਵਿਚ ਸਿੱਖ ਵਿਚਾਰਵਾਨਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਯਾਦ ਕਰਵਾਇਆ ਕਿ ਪਿਛਲੇ ਸਾਲ ਫਰਵਰੀ ਵਿਚ ਚੋਣ ਪਰਚਾਰ ਦੌਰਾਨ ਉਨ੍ਹਾਂ ਨੇ ਗੁਟਕੇ ਉਪਰ ਹੱਥ ਧਰ ਕੇ, ਸਹੁੰ ਚੁੱਕ ਕੇ ਜਨਤਕ ਰੈਲੀ ਵਿਚ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਬੇਅਦਬੀ ਕੇਸ ਦੇ ਦੋਸ਼ੀਆਂ ਨੂੰ ਚਾਰ ਹਫਤਿਆਂ ਵਿਚ ਦਬੋਚ ਲਿਆ ਜਾਵੇਗਾ। ਹੁਣ ਤਾਂ ਇਉਂ ਲੱਗ ਰਿਹਾ ਹੈ ਕਿ ਨਵੰਬਰ 84 ਦੀ ਨਸਲਕੁਸ਼ੀ ਵਾਂਗ ਬੇਅਦਬੀ ਦੀਆਂ ਘਟਨਾਵਾਂ ਵਿਚ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲੇਗਾ, ਕਿਉਂਕਿ ਕਾਂਗਰਸ ਵੀ ਹਿੰਦੂ ਰਾਸ਼ਟਰਵਾਦੀ ਮੋਦੀ ਸਰਕਾਰ ਵਾਂਗ ਘੱਟ-ਗਿਣਤੀਆਂ ਦੀ ਕੀਮਤ ਤੇ ਬਹੁ-ਗਿਣਤੀ ਨੂੰ ਖੁਸ਼ ਰੱਖਣ ਦੇ ਰਾਹ ਪੈ ਗਈ ਹੈ। ਇਸ ਮੌਕੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਬੁਲਾਰੇ ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਕਿਸ਼ਨਨਪੁਰਾ, ਜਸਵਿੰਦਰ ਸਿੰਘ ਰਾਜਪੁਰਾ, ਗੁਰਤੇਜ ਸਿੰਘ ਆਈਏਐਸ., ਪ੍ਰੋ. ਗੁਰਦਰਸ਼ਨ ਸਿੰਘ, ਪ੍ਰੋ. ਕੁਲਬੀਰ ਸਿੰਘ, ਡਾ. ਗੁਰਮੇਜ ਸਿੰਘ, ਡਾ. ਦੇਵਿੰਦਰ ਸਿੰਘ ਬਾਛਲ, ਪ੍ਰੋ. ਕੁਲਵਿੰਦਰ ਸਿੰਘ, ਪ੍ਰੋ. ਹਰਭਜਨ ਸਿੰਘ, ਪ੍ਰੋ. ਹਰਜੇਸ਼ਵਰਪਾਲ ਸਿੰਘ, ਪ੍ਰੋ. ਭੁਪਿੰਦਰ ਸਿੰਘ, ਡਾ. ਜਗਦੀਪ ਸਿੰਘ ਅਤੇ ਸੁਖਦੇਵ ਸਿੰਘ, ਜਸਪਾਲ ਸਿੰਘ ਅਤੇ ਗੁਰਬਚਨ ਸਿੰਘ ਸੀਨੀਅਰ ਪੱਤਰਕਾਰ ਆਦਿ ਹਾਜ਼ਰ ਸਨ।



# ਲਾਈਵਓਕ ਗਰਿਡਲੀ ਤੀਆਂ ਵਿਚ ਗਾਇਕ ਰੌਸ਼ਨ ਪ੍ਰਿੰਸ ਨੇ ਆਪਣੇ ਗੀਤਾਂ ਰਾਹੀਂ ਬੀਬੀਆਂ ਨੂੰ ਖ਼ੂਬ ਨਚਾਇਆ

**ਯੂਬਾ ਸਿਟੀ/ਹੁਸਨ ਲੜੋਆ ਬੰਗਾ**



ਯੂਬਾ ਸਿਟੀ ਦੇ ਲਾਗਲੇ ਸ਼ਹਿਰ ਲਾਈਵਓਕ ਵਿਚ 8ਵੀਆਂ ਤੀਆਂ ਦਾ ਆਯੋਜਨ ਗਰਿਡਲੀ ਕਮਿਊਨਿਟੀ ਸੈਂਟਰ ਵਿੱਚ ਜਸਮਿੰਦਰ ਮੱਟੂ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿਚ ਪੰਜਾਬੀ ਫਿਲਮਾਂ ਦੇ ਐਕਟਰ ਅਤੇ ਪੰਜਾਬੀ ਗਾਇਕ ਰੌਸ਼ਨ ਪ੍ਰਿੰਸ ਨੇ ਆਪਣੀ ਗਾਇਕੀ ਨਾਲ ਬੀਬੀਆਂ ਦੇ ਅਖਾੜੇ ਵਿਚ ਰੂਹ ਭਰੀ। ਤੀਆਂ ਦੇ ਪ੍ਰੋਗਰਾਮ ਦਾ ਆਗਾਜ਼ ਦੁਪਹਿਰ 12 ਵਜੇ ਸ਼ੁਰੂ ਹੋ ਗਿਆ, ਜਿਸ ਦੌਰਾਨ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਬੀਬੀਆਂ ਨੇ ਵੱਖ ਵੱਖ ਆਈਟਮਾਂ ਵਿੱਚ ਸ਼ਮੂਲੀਅਤ ਕੀਤੀ। ਇਸ ਤੀਆਂ ਦੇ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਸਮਾਜ ਸੇਵਿਕਾ ਬੀਬੀ ਬਖਸ਼ਿੰਦਰ ਕੌਰ ਥੀਆੜਾ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਪ੍ਰਨੀਤ ਕੌਰ ਸਿੱਧੂ ਰੌਕਲਿਨ ਵਲੋਂ ਤਿਆਰ ਕੀਤੀਆਂ ਵੱਖ ਵੱਖ ਟੀਮਾਂ ਨੇ ਰੌਣਕ ਬਣਾਈ ਰੱਖੀ। ਸਥਾਨਕ ਬੀਬੀਆਂ ਦਾ ਗਿੱਧਾ ਜਿਸ ਨੂੰ ਗੁਰਮੀਤ ਕੌਰ ਵਲੋਂ ਤਿਆਰ ਕੀਤਾ ਗਿਆ ਵੀ ਕਾਫ਼ੀ ਸਲਾਹੁਣਯੋਗ ਸੀ। ਮਨਵੀਰ ਗਿੱਲ ਲਾਈਵਓਕ ਵਲੋਂ ਕੋਰੀਓਗ੍ਰਾਫ਼ੀ ਕੀਤੀ ਗਈ, ਇਸ ਤੋਂ ਇਲਾਵਾ ਜਸਵਿੰਦਰ ਕੌਰ ਧਨੋਆ ਅਤੇ ਜਸਵਿੰਦਰ ਜੱਸੀ ਦੀ ਸਕਿੱਟ ਨੇ ਜਿੱਥੇ ਦਰਸ਼ਕ ਬੀਬੀਆਂ ਵਿਚ ਹਾਸਾ ਪੁਆਇਆ ਉਥੇ ਨਾਲ ਹੀ ਸਮਾਜ ਨੂੰ ਸੇਧ ਦੇਣ ਦਾ ਵੀ ਇਕ ਜ਼ਰੀਆ ਬਣਿਆ। ਇਸ ਤੀਆਂ ਦੇ ਸਮਾਗਮ ਵਿਚ ਹਰਨੇਕ ਸਿੰਘ ਸਟਾਰ ਆਫ਼ ਇੰਡੀਆ ਵਲੋਂ ਦਰਸ਼ਕ ਬੀਬੀਆਂ ਲਈ ਮੁਫ਼ਤ ਖਾਣਾ, ਚਾਹ ਅਤੇ ਜਲੇਬੀਆਂ ਦਾ ਪ੍ਰਬੰਧ ਕੀਤਾ ਗਿਆ ਸੀ। ਬੀਬੀ ਆਸ਼ਾ ਸ਼ਰਮਾ ਨੇ ਸਾਰਾ ਦਿਨ ਸਟੇਜ ਦੀ ਕਾਰਵਾਈ ਚਲਾਈ ਅਤੇ ਸਾਰੀਆਂ ਆਈਟਮਾਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਇਸ ਤੀਆਂ ਦੇ ਪ੍ਰੋਗਰਾਮ ਦੌਰਾਨ ਰੈਫ਼ਲਜ਼ ਵੀ ਕੱਢੇ ਗਏ ਜਿਨ੍ਹਾਂ ਵਿਚ ਬੰਬੇ ਜਿਊਲਰਜ਼ ਵਲੋਂ ਸੋਨੇ ਦੀ ਮੁੰਦਰੀ, ਪੰਜਾਬ ਫੈਸ਼ਲ ਮਾਹਿਲਪੁਰੀਆ ਇੰਪੋਰੀਅਮ ਵਲੋਂ ਸੂਟ ਅਤੇ ਪਰਮਜੀਤ ਪੰਮਾ ਵਲੋਂ ਵੀ ਸੂਟ ਹੋਰ ਸਾਜ਼ੋ ਸਮਾਨ ਸਪਾਂਸਰ ਕੀਤਾ ਗਿਆ। ਇਸ ਦੌਰਾਨ ਪੰਜਾਹ ਦੇ ਕਰੀਬ ਵਧੀਆ ਕਿਸਮ ਦੇ ਸੂਟ ਤੇ ਹੋਰ ਜਿਊਲਰੀ ਰੈਫਲਜ਼ 'ਚ ਕੱਢੇ ਗਏ। ਇਸ ਮੌਕੇ ਪ੍ਰਬੰਧਕਾਂ 'ਚ ਜਸਮਿੰਦਰ ਕੌਰ ਮੱਟੂ, ਸੰਦੀਪ ਗਿੱਲ ਅਤੇ ਮਨਦੀਪ ਬੈਂਸ ਵਲੋਂ ਸਾਰੇ ਸਪਾਂਸਰਾਂ, ਕਲਾਕਾਰਾਂ ਤੇ ਦਰਸ਼ਕਾਂ ਦਾ ਤੀਆਂ ਨੂੰ ਸਫ਼ਲ ਬਣਾਉਣ ਤੇ ਧੰਨਵਾਦ ਕੀਤਾ। ਅਖ਼ੀਰ ਵਿਚ ਪੰਜਾਬੀ ਗਾਇਕ ਰੌਸ਼ਨ ਪ੍ਰਿੰਸ ਦੀਆਂ ਬੋਲੀਆਂ ਤੇ ਕਲਾਕਾਰਾਂ ਤੇ ਦਰਸ਼ਕ ਬੀਬੀਆਂ ਨੇ ਧਮਾਲਾਂ ਪਾਈਆਂ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.




Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਆਪਣੀ 74ਵੀਂ ਵਰੇਗੰਢ ਟਾਟਾ ਨਗਰ ਜਮਸ਼ੇਦਪੁਰ ਵਿਖੇ ਮਨਾਏਗੀ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਆਪਣੀ ਜਥੇਬੰਦੀ ਦੀ 74ਵੀਂ ਵਰੇਗੰਢ ਟਾਟਾ ਨਗਰ ਜਮਸ਼ੇਦਪੁਰ (ਝਾਰਖੰਡ) ਵਿਖੇ 13 ਸਤੰਬਰ ਦਿਨ ਵੀਰਵਾਰ ਨੂੰ ਪੂਰੇ ਉਤਸ਼ਾਹ ਨਾਲ ਮਨਾਏਗੀ। ਇਸ ਮੌਕੇ ਪੰਜਾਬ ਤੋ ਬਾਹਰ ਵਸਦੇ ਸਿੱਖਾਂ ਦੀਆਂ ਮੁਸ਼ਕਲਾਂ ਅਤੇ ਉਹਨਾਂ ਦੇ ਹੱਲ ਲਈ ਪੰਜਾਬ ਵਸਦੇ ਸਿੱਖ ਅਤੇ ਵਿਦੇਸ਼ ਵਸਦੇ ਸਿੱਖ ਕੀ ਮਹਿਸੂਸ ਕਰਦੇ ਹਨ, ਇਸ ਬਾਰੇ ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਇਨਸਾਫ਼ ਲਈ ਲੜੇ ਜਾ ਰਹੇ ਸੰਘਰਸ਼ ਬਾਰੇ ਸੈਮੀਨਾਰ ਕੀਤਾ ਜਾਵੇਗਾ। ਇਸ ਵਿਚ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਕਈ ਗਵਾਹ ਪਹੁੰਚਣਗੇ। ਇਸ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ-ਮੁਹੰਮਦ ਅਤੇ ਫੈਡਰੇਸ਼ਨ ਈਸਟ ਇੰਡੀਆ ਦੇ ਪ੍ਰਧਾਨ ਸਤਨਾਮ ਸਿੰਘ ਗੰਭੀਰ ਨੇ ਦੱਸਿਆ ਕਿ ਫੈਡਰੇਸ਼ਨ ਇਨਸਾਫ ਪ੍ਰਾਪਤੀ ਲਈ ਯਤਨਸ਼ੀਲ ਹੈ ਤੇ ਹੁਣ ਇਹ ਲੜਾਈ ਵਿਸ਼ਵ ਪੱਧਰ ਤੇ ਸੰਯੁਕਤ ਰਾਸ਼ਟਰ ਤਕ ਪਹੁੰਚ ਚੁੱਕੀ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਪੀਰ-ਮੁਹੰਮਦ ਨੇ 1984 ਤੋ ਲੈਕੇ ਹੁਣ ਤੱਕ ਕੇਂਦਰ ਵਿਚ ਬਣੀਆਂ ਸਰਕਾਰਾਂ ਨੂੰ ਨਿਸ਼ਾਨੇ ਤੇ ਲਿਆਂਦਾ ਤੇ ਕਿਹਾ ਕਿ ਕਿਸੇ ਵੀ ਸਰਕਾਰ ਨੇ ਸਿੱਖ ਕੌਮ ਨੂੰ ਇਨਸਾਫ ਨਹੀਂ ਦਿੱਤਾ ਬਲਕਿ ਅਪਰਾਧੀਆਂ ਦੀ ਪੁਸ਼ਤਪਨਾਹੀ ਕੀਤੀ ਹੈ।

# ਬੈਲਗਹਿੰਮ ਵਿਖੇ ਗੁਰਦੁਆਰਾ ਸਿੰਘ ਸਭਾ ਦਾ ਨੀਂਹ ਪੱਥਰ ਰੱਖਿਆ



ਬੇਲਗਹਿੰਮ ਦੀ ਸੰਗਤ ਨਵੇਂ ਬਣਨ ਜਾ ਰਹੇ ਗੁਰਦੁਆਰਾ ਸਿੰਘ ਸਭਾ ਦਾ ਨੀਂਹ ਪੱਥਰ ਰੱਖਣ ਸਮੇਂ।

**ਸਿਆਟਲ /ਗੁਰਚਰਨ ਸਿੰਘ ਢਿੱਲੋਂ :** ਸਿਆਟਲ ਤੋਂ 80 ਮੀਲ ਦੂਰ ਵੈਨਕੋਵਰ ਦੇ ਬਾਰਡਰ ਬਲੈਕ ਦੇ ਨਜ਼ਦੀਕ ਪੰਜਾਬੀ ਭਾਈਚਾਰੇ ਵਲੋਂ ਗੁਰਦੁਆਰਾ ਸਿੰਘ ਸਭਾ ਬੈਲਗਹਿੰਮ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਤੋਂ ਪਹਿਲਾਂ ਗੁਰੂ ਨਾਨਕ ਗੁਰਸਿੱਖ ਟੈਂਪਲ ਲਿੰਡਨ (ਬੈਲਗਹਿੰਮ) ਲੰਮੇ ਸਮੇਂ ਤੋਂ ਚੱਲ ਰਿਹਾ ਹੈ, ਜਿੱਥੇ ਹਰੇਕ ਹਫ਼ਤੇ ਗੁਰਬਾਣੀ ਕੀਰਤਨ ਅਤੇ ਸਾਲਾਨਾ ਸਮਾਗਮ ਹੁੰਦੇ ਰਹਿੰਦੇ ਹਨ। ਪੰਜਾਬੀ ਭਾਈਚਾਰੇ ਦੀ ਵਧ ਰਹੀ ਆਮਦ ਨੂੰ ਵੇਖ ਕੇ ਦਵਿੰਦਰ ਸਿੰਘ ਸਹੋਤਾ, ਰਣਜੀਤ ਸਿੰਘ ਸੰਘੇੜਾ, ਚਰਨਜੀਤ ਸਿੰਘ ਹੁੰਦਲ, ਮਨਜੀਤ ਸਿੰਘ ਔਲਖ, ਸਤਪਾਲ ਸਿੰਘ ਸਿੱਧੂ ਵਟਸਅੱਪ ਕਾਊਂਟੀ ਕੌਂਸਲ ਮੈਂਬਰ, ਰਛਪਾਲ ਸਿੰਘ ਸੰਧੂ ਰਿਸ਼ੀ, ਮਹਿੰਦਰ ਸਿੰਘ ਬਾਹੀਆ, ਲਖਬੀਰ ਸਿੰਘ ਧਾਮੀ, ਗੁਰਦਿਆਲ ਸਿੰਘ ਮੱਟੂ, ਪਰਮਜੀਤ ਸਿੰਘ ਹੋਠੀ, ਸੋਨੋ ਰੰਧਾਵਾ ਆਦਿ ਮੈਂਬਰਾਂ ਦੀ ਅਗਵਾਈ ਹੇਠ ਨਵਾਂ ਗੁਰਦੁਆਰਾ ਸਾਹਿਬ ਬਣਾਉਣ ਲਈ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਬੈਲਗਹਿੰਮ ਗੁਰਦੁਆਰਾ ਗੁਰੂ ਨਾਨਕ ਗੁਰਸਿੱਖ ਟੈਂਪਲ ਦੇ ਮੁੱਖ ਸੇਵਾਦਾਰ ਸੁਖਵੰਤ ਸਿੰਘ ਗਿੱਲ, ਲਖਵਿੰਦਰ ਸਿੰਘ ਭੱਜੂ, ਜਗਜੀਤ ਸਿੰਘ ਸੰਧੂ, ਮਨਜੀਤ ਸਿੰਘ ਧਾਲੀਵਾਲ, ਗੁਰਇਕਬਾਲ ਸਿੰਘ ਕਾਹਲੋਂ, ਰਾਜ ਕਾਹਲੋਂ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਰਛਪਾਲ ਸਿੰਘ ਸੰਧੂ ਰਿਸ਼ੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਧ ਰਹੀ ਸੰਗਤ ਕਰਕੇ ਨਵੇਂ ਗੁਰਦੁਆਰਾ ਸਾਹਿਬ ਵਾਸਤੇ ਜ਼ਮੀਨ ਲੈ ਕੇ ਉਸਾਰੀ ਆਰੰਭ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਭਾਈਚਾਰੇ ਵਲੋਂ ਪੂਰਾ ਸਹਿਯੋਗ ਮਿਲ ਰਿਹਾ ਹੈ।

# ਵਿਪਸਾ ਵਲੋਂ ਡਾ. ਮੋਹਨ ਸਿੰਘ ਤਿਆਗੀ ਦੀ ਪੁਸਤਕ ਲੋਕ ਅਰਪਨ

**ਬ੍ਰੈਨਟਵੁਡ/ਬਿਊਰੋ ਨਿਊਜ਼ :** ਵਿਪਸਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਦੇ ਗ੍ਰਹਿ ਬ੍ਰੈਨਟਵੁਡ (ਕੈਲੀਫੋਰਨੀਆ) ਵਿਖੇ ਡਾ. ਮੋਹਨ ਤਿਆਗੀ ਦੁਆਰਾ ਰਚਿਤ ਆਲੋਚਨਾਤਮਕ ਪੁਸਤਕ, "ਸਮਕਾਲੀ ਪੰਜਾਬੀ ਕਾਵਿ-ਅਧਿਅਨ" ਲੋਕ ਅਰਪਿਤ ਕੀਤੀ ਗਈ। ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਦੀ ਉਪ ਪ੍ਰਧਾਨ ਸੁਰਿੰਦਰ ਸੀਰਤ ਵੱਲੋਂ ਜਾਰੀ ਇਕ ਪ੍ਰੈਸ ਰਿਲੀਜ਼ ਵਿਚ ਇਹ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਹ ਪੁਸਤਕ ਲੇਖਕ ਦੀ ਗੈਰ ਮੌਜੂਦਗੀ ਵਿਚ ਉਹਨਾਂ ਦੇ ਵੱਡੇ ਭਰਾ ਸਾਹਿਬ ਸ. ਸੁਖਵੀਰ ਸਿੰਘ ਐਬਲੋਵਾਲ ਵਲੋਂ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਦੀ ਮਹੱਤਤਾ ਇਹ ਹੈ ਕਿ ਇਸ ਵਿਚ ਅੰਕਿਤ ਪਹਿਲਾ ਨਿਬੰਧ , ਅਮਰੀਕੀ ਪੰਜਾਬੀ ਕਵਿਤਾ-ਗਲੋਬਲੀ ਪਰਿਪੇਖ ਵਿਚ ਕਲਮਬੰਦ ਕੀਤਾ ਗਿਆ ਹੈ। ਅਮਰੀਕੀ ਪੰਜਾਬੀ ਕਵਿਤਾ ਗਦਰੀ ਬਾਬਿਆਂ ਦੀ ਰਾਜਨੀਤਕ ਚੇਤਨਾ ਤੋਂ ਆਰੰਭ ਹੋ ਕੇ ਗਲੋਬਲ ਪੱਧਰ 'ਤੇ ਵਾਪਰ ਰਹੀਆਂ ਜਟਿਲ ਤਬਦੀਲੀਆਂ ਨੂੰ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਦੁਆਰਾ ਆਪਣੇ ਕਲਾਵੇ ਵਿਚ ਲੈ ਤੁਰਦੀ ਹੈ। ਇਸ ਸਿਰਜਨਾਤਮਕ ਖੇਤਰ ਵਿਚ ਸ਼ਾਇਦ ਹੀ ਕੋਈ ਐਸਾ ਲੇਖਕ ਹੋਵੇ ਜਿਸ ਨੂੰ ਜ਼ਿਕਰਯੋਗ ਥਾਂ ਪ੍ਰਾਪਤ ਨਾ ਹੋਈ ਹੋਵੇ। ਇਸ ਪੁਸਤਕ ਰਾਹੀਂ ਡਾ. ਮੋਹਨ ਤਿਆਗੀ , ਜਿੱਥੇ ਅਜੋਕੀ ਆਧੁਨਿਕ ਕਵਿਤਾ ਵਿਚ , ਨਵੀਨ ਬਿੰਬ ਉਸਾਰਦਾ ਸਿਰਜਨਾਤਮਕ ਰਚਨਾਕਾਰ ਵੱਜੋਂ ਉਭਰਿਆ ਹੈ, ਉਥੇ ਹੀ ਉਹ ਗਲੋਬਲ ਸੰਦਰਭ ਵਿਚ ਰਚੀ ਜਾ ਰਹੀ ਕਾਵਿ ਸਿਰਜਣਾ ਦਾ ਸਮੀਖਿਆਕਾਰ ਵੀ ਹੋ ਨਿਬੜਦਾ ਹੈ।



ਸਮੇਂ ਸਮੇਂ ਸਿਰ ਲਿਖੇ ਗਏ 24 ਨਿਬੰਧ ਇਸ ਪੁਸਤਕ ਵਿਜ ਸ਼ਾਮਲ ਹਨ ਜਿਸ ਵਿਚ ਵਿਸ਼ੇਸ਼ ਤੌਰ ਤੇ ਵਿਪਸਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਦੀ ਸੱਜਰੀ ਵਰਨਣਯੋਗ ਪੁਸਤਕ, "ਜੰਗ, ਜਸ਼ਨ ਤੇ ਜੁਗਨੂੰ" ਸ਼ਾਮਲ ਕੀਤੀ ਗਈ ਹੈ। ਇਹ ਆਲੋਚਨਾਤਮਕ ਪੁਸਤਕ ਇਸ ਲਈ ਵੀ ਧਿਆਨ ਕੇਂਦਰਤ ਕਰਦੀ ਹੈ ਕਿ ਇਸ ਵਿਚ ਪੰਜਾਬੀ ਸਾਹਿਤ ਸਭਾ ਸੈਕਰਾਮੈਨਟੋ ਦੇ ਪ੍ਰਸਿੱਧ ਲੇਖਕ, ਦਿੱਲ ਨਿੱਜਰ ਦੀ ਪੁਸਤਕ, "ਦਿਲ ਦਰਿਆ ਦੇ ਵਹਿਣ" ਅਤੇ ਸਾਹਿਤ ਸਭਾ ਸਟਾਕਟਨ ਦੀ ਉਭਰ ਰਹੀ ਸ਼ਾਇਰਾ, ਹਰਪ੍ਰੀਤ ਕੌਰ ਧੂਤ ਦੀ ਪਲੇਠੀ ਪੁਸਤਕ "ਦਹਿਲੀਜ਼ ਦੇ ਆਰ-ਪਾਰ" ਬਾਰੇ ਵੀ ਰਚਨਾਵਾਂ ਸ਼ਾਮਲ ਹਨ। ਅੰਤ ਵਿਚ ਵਿਪਸਾ ਅਤੇ ਨਾਰਥ ਅਮਰੀਕਾ ਦੇ ਸਮੂਹ ਲੇਖਕਾਂ ਵਲੋਂ ਡਾ. ਮੋਹਨ ਤਿਆਗੀ ਦਾ ਇਸ ਕ੍ਰਿਤ ਨੂੰ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਲਈ ਧੰਨਵਾਦ ਕੀਤਾ ਗਿਆ।


# WHITE HAWK TRUCKING INC

***Need Drivers & Owner Operators***

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

***Call for more Info:***

**Phone: (209) 242-9569, (209) 564-8899, (209) 345-6968**

**2101 MARTIN LUTHER KING JR WAY STOCKTON, CA 95205**

# ਪੰਜਾਬ ਵਿਚ ਆਮ ਆਦਮੀ ਪਾਰਟੀ ਪਈ 'ਮੜ੍ਹੀਆਂ ਦੇ ਰਾਹ'

**• ਕੇਜਰੀਵਾਲ ਨੇ ਭਗਵੰਤ ਮਾਨ ਨੂੰ ਅਸਤੀਫਾ ਵਾਪਸ ਲੈਣ ਲਈ ਕੀਤਾ ਰਾਜ਼ੀ • ਪੰਥਕ ਜਥੇਬੰਦੀਆਂ ਤੇ ਪ੍ਰਵਾਸੀ ਪੰਜਾਬੀ ਭਾਈਚਾਰਾ ਖਹਿਰੇ ਵੱਲ ਝੁਕਿਆ**

**ਜਲੰਧਰ/ਬਿਊਰੋ ਨਿਊਜ਼ :**
ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਵਲੋਂ ਭੁਲੱਥ ਦੇ ਵਿਧਾਇਕ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਕੀਤੀ ਗਈ ਬਠਿੰਡਾ ਵਿਖੇ ਕਾਨਫ਼ਰੰਸ ਤੋਂ ਬਾਅਦ 'ਆਪ' ਪਾਰਟੀ ਦਾ ਅੰਦਰੂਨੀ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ।

ਚਾਹੇ ਬਠਿੰਡਾ ਦੀ ਕਾਨਫਰੰਸ ਗਿਣਤੀ ਦੇ ਪੱਖੋਂ ਪ੍ਰਭਾਵਸ਼ਾਲੀ ਸੀ ਪਰ ਇਸ ਵਿਚ ਜਿੰਨੇ ਵਿਧਾਇਕਾਂ ਦੇ ਪੁੱਜਣ ਦੀ ਉਮੀਦ ਕੀਤੀ ਜਾ ਰਹੀ ਸੀ, ਓਨੇ ਨਹੀਂ ਪਹੁੰਚੇ। ਇਸ ਵਿਚ ਖਹਿਰਾ ਸਮੇਤ ਸਿਰਫ਼ 7 ਵਿਧਾਇਕਾਂ ਨੇ ਹੀ ਸ਼ਮੂਲੀਅਤ ਕੀਤੀ। ਇਸੇ ਹੀ ਦਿਨ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵਲੋਂ ਪੰਜਾਬ ਦੇ ਵਿਧਾਇਕਾਂ ਨੂੰ ਦਿੱਲੀ ਬੁਲਾਇਆ ਗਿਆ ਸੀ। ਉਥੇ 12 ਵਿਧਾਇਕ ਪੁੱਜੇ, ਜਦੋਂ ਕਿ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਇਸ ਸਿਆਸਤ ਤੋਂ ਦੂਰ ਹੀ ਰਹੇ। ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੇ 20 ਵਿਧਾਇਕ ਹਨ ਪਰ ਖਹਿਰਾ ਵਲੋਂ ਬੁਲਾਈ ਕਾਨਫਰੰਸ ਦਾ ਭਰਵਾਂ ਇਕੱਠ 'ਆਪ' ਅਤੇ ਕੇਜਰੀਵਾਲ ਲਈ ਵੱਡਾ ਚੈਲਿੰਜ ਬਣਿਆ ਹੋਇਆ ਹੈ। ਗੜ੍ਹਸ਼ੰਕਰ ਤੋਂ ਐਮਐਲਏ ਜੈ ਸਿੰਘ ਰੌੜੀ ਵੀ ਦੋਬਾਰਾ ਖਹਿਰੇ ਦੀ ਹਮਾਇਤ ਵਿਚ ਡਟ ਗਏ ਹਨ।

ਪੰਥਕ ਜਥੇਬੰਦੀਆਂ ਦਾ ਵੀ ਝੁਕਾਅ ਖਹਿਰੇ ਵਲ ਹੁੰਦਾ ਜਾ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿਚ ਖਹਿਰੇ ਦਾ ਸਟੈਂਡ ਸਪੱਸ਼ਟ ਹੋਣ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਨਵੀਆਂ ਸੰਭਾਵਨਾਵਾਂ ਤੇ ਗੱਠਜੋੜ ਪ੍ਰਗਟ ਹੋ ਸਕਦੇ ਹਨ ਤੇ ਪੰਥਕ ਧਿਰਾਂ ਇਸ ਗੱਠਜੋੜ ਦਾ ਹਿੱਸਾ ਬਣ ਸਕਦੀਆਂ ਹਨ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜਿੰਨਾ ਚਿਰ ਤੱਕ ਖਹਿਰਾ ਆਪਣਾ ਪੰਥ ਤੇ ਪੰਜਾਬ ਬਾਰੇ ਸਟੈਂਡ ਕਲੀਅਰ ਨਹੀਂ ਕਰਦੇ, ਓਨਾ ਚਿਰ ਤੱਕ ਉਨ੍ਹਾਂ ਨੂੰ ਸਹਿਯੋਗ ਦੇਣ ਬਾਰੇ ਨਹੀਂ ਸੋਚਿਆ ਜਾ ਸਕਦਾ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਪੰਥਕ ਜਥੇਬੰਦੀਆਂ ਦੀ ਖਹਿਰਾ ਗਰੁੱਪ ਨਾਲ ਨੇੜਤਾ ਦਾ ਆਧਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੀ ਬਣ ਸਕਦੀਆਂ ਹਨ।

ਯਾਦ ਰਹੇ ਕਿ ਖਹਿਰਾ ਨੇ ਬਰਗਾੜੀ ਇਨਸਾਫ ਮੋਰਚੇ ਦੇ ਧਰਨੇ ਵਿਚ ਜਾ ਕੇ ਉਨ੍ਹਾਂ ਨੂੰ ਸਮਰਥਨ ਦਿੱਤਾ ਸੀ ਅਤੇ ਹੁਣ ਰੈਲੀ ਦੌਰਾਨ ਉਨ੍ਹਾਂ ਨੇ ਬਹਿਬਲ ਗੋਲੀ ਕਾਂਡ ਵਿਚ ਵੀ ਸਖਤ ਸਟੈਂਡ ਲੈਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਖਹਿਰਾ ਦਾ ਰੈਫਰੰਡਮ 2020 ਨੂੰ ਲੈ ਕੇ ਆਇਆ ਬਿਆਨ ਵੀ ਸੁਰਖੀਆਂ ਵਿਚ ਰਿਹਾ ਸੀ। ਹਾਲਾਂਕਿ ਖਹਿਰਾ ਨੇ ਇਸ 'ਤੇ ਸਫਾਈ ਦਿੱਤੀ ਸੀ। ਸਰਬੱਤ ਖਾਲਸਾ ਦੇ ਇਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵੱਲੋਂ ਵੀ ਖਹਿਰਾ ਦੇ ਸਟੈਂਡ ਦਾ ਦੱਬੀ ਆਵਾਜ਼ ਵਿਚ ਸਮਰਥਨ ਕੀਤਾ ਗਿਆ ਹੈ।

ਯਾਦ ਰਹੇ ਕਿ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਲੋਕ ਰਵਾਇਤੀ ਪਾਰਟੀਆਂ ਤੋਂ ਬਦਜ਼ਨ ਹੋ ਕੇ ਇਕ ਤੀਸਰੇ ਬਦਲ ਦੀ ਭਾਲ ਵਿਚ ਸਨ। ਇਸ ਲਈ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਕਾਫ਼ੀ ਹੁੰਗਾਰਾ ਮਿਲਿਆ ਸੀ। ਇਹ ਵੀ ਉਮੀਦ ਕੀਤੀ ਜਾਣ ਲੱਗੀ ਸੀ ਕਿ ਇਹ ਪਾਰਟੀ ਚੋਣ ਮੈਦਾਨ ਵਿਚੋਂ ਸਫ਼ਲ ਹੋ ਕੇ ਉੱਭਰੇਗੀ ਪਰ ਹਾਈਕਮਾਂਡ ਲੀਡਰਾਂ ਦੀਆਂ ਅਨੇਕਾਂ ਅੰਦਰੂਨੀ ਖਾਮੀਆਂ ਤੇ ਲੱਗੇ ਦੋਸ਼ਾਂ ਕਾਰਨ ਚੋਣਾਂ ਦੌਰਾਨ ਹੀ ਪੰਜਾਬੀਆਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋ ਗਿਆ ਸੀ ਤੇ ਬਹੁਗਿਣਤੀ ਸਿੱਖ ਤੇ ਪੰਜਾਬੀ ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਵਲ ਝੁਕ ਗਏ ਸਨ। ਪੰਜਾਬ ਵਿਚ ਕਾਂਗਰਸ ਨੂੰ ਜ਼ਿਆਦਾ ਸੀਟਾਂ ਪ੍ਰਾਪਤ ਹੋਣ ਕਾਰਨ ਸਰਕਾਰ ਬਣਾਉਣ ਦਾ ਮੌਕਾ ਮਿਲਿਆ। 'ਆਪ' ਸਿਰਫ਼ 20 ਸੀਟਾਂ ਤੱਕ ਹੀ ਸਿਮਟ ਕੇ ਰਹਿ ਗਈ।

ਸੁਖਪਾਲ ਸਿੰਘ ਖਹਿਰਾ ਦਾ ਰੈਫਰੰਡਮ 2020 ਦੇ ਹੱਕ ਵਿੱਚ ਬੋਲਣਾ, ਬਰਗਾੜੀ ਮੋਰਚੇ ਵਿੱਚ ਹਾਜ਼ਰੀ ਲਵਾਉਣੀ, ਅਹੁਦਾ ਬਦਲਣ ਦੇ ਮੌਜੂਦਾ ਵਿਵਾਦ ਨੂੰ ਦਿੱਲੀ ਬਨਾਮ ਪੰਜਾਬ ਦਾ ਰੂਪ ਦੇ ਕੇ ਪੇਸ਼ ਕਰਨਾ, ਬਠਿੰਡਾ ਰੈਲੀ ਵਿੱਚ ਇਨਕਲਾਬ ਦੇ ਨਾਅਰੇ ਨੂੰ ਰੱਦ ਕਰਕੇ ਪੰਜਾਬੀ ਏਕਤਾ ਦਾ ਨਾਅਰਾ ਲੁਆਉਣਾ ਆਦਿ ਤੋਂ ਸਪੱਸ਼ਟ ਹੈ ਕਿ ਹਾਈਕਮਾਂਡ ਤੇ ਖਹਿਰਾ ਵਿਚਾਲੇ ਏਕੇ ਦੀ ਸੰਭਾਵਨਾ ਘੱਟ ਹੀ ਹੈ।




## ਭਗਵੰਤ ਮਾਨ ਮੁੜ ਸੰਭਾਲਣਗੇ 'ਆਪ' ਪੰਜਾਬ ਦੀ ਕਮਾਨ

ਆਮ ਆਦਮੀ ਪਾਰਟੀ ਵੱਲੋਂ ਖਹਿਰਾ ਧੜੇ ਦੀਆਂ ਬਗਾਵਤੀ ਸੁਰਾਂ ਨੂੰ ਮੋੜਵਾਂ ਜਵਾਬ ਦੇਣ ਲਈ ਇਕ ਵਾਰ ਫਿਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਪੰਜਾਬ ਦੀ ਕਮਾਨ ਸੌਂਪੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਪੰਜਾਬ ਇਕਾਈ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਮਾਨ ਨੇ ਵੀ ਪਾਰਟੀ ਉੱਤੇ ਪੈਦਾ ਹੋਏ ਸੰਕਟ ਦੇ ਚੱਲਦਿਆਂ ਪੰਜਾਬ ਇਕਾਈ ਦੀ ਕਮਾਨ ਸੰਭਾਲਣ ਦਾ ਮਨ ਬਣਾ ਲਿਆ ਹੈ। ਸੂਤਰਾਂ ਅਨੁਸਾਰ ਪਿਛਲੇ ਦਿਨੀਂ ਦਿੱਲੀ ਦੇ ਰਾਮ ਮਨੋਹਰ ਹਸਪਤਾਲ ਵਿੱਚ ਦਾਖ਼ਲ ਮਾਨ ਦਾ ਹਾਲ-ਚਾਲ ਪੁੱਛਣ ਗਏ ਕੇਜਰੀਵਾਲ, ਸਿਸੋਦੀਆ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਇਸ ਮੁੱਦੇ ਉੱਤੇ ਉਨ੍ਹਾਂ ਨਾਲ ਚਰਚਾ ਕਰਕੇ ਪੰਜਾਬ ਇਕਾਈ ਦੀ ਅਗਵਾਈ ਕਰਨ ਲਈ ਕਿਹਾ ਜਿਸ ਲਈ ਮਾਨ ਨੇ ਹਾਮੀ ਭਰ ਦਿੱਤੀ ਹੈ। ਮਾਨ ਨੇ ਵੀ ਫੋਨ 'ਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪੰਜਾਬ ਇਕਾਈ ਨੂੰ ਪੈਰਾਂ ਸਿਰ ਕਰਨ ਲਈ ਉਨ੍ਹਾਂ ਨੇ ਮੁੜ ਪੰਜਾਬ ਵਿੱਚ ਸਰਗਰਮ ਹੋਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਸੰਸਦ ਦਾ ਕੰਮ ਨਿਪਟਾ ਕੇ ਜਲਦੀ ਹੀ ਪੰਜਾਬ ਆ ਰਹੇ ਹਨ ਅਤੇ ਫਿਰ ਲੋਕ ਸਭਾ ਚੋਣਾਂ ਤੱਕ ਉਹ ਆਪਣਾ ਸਾਰਾ ਸਮਾਂ ਪੰਜਾਬ ਵਿੱਚ ਹੀ ਪਾਰਟੀ ਲਈ ਦੇਣਗੇ।

## ਖਹਿਰਾ ਪਾਰਟੀ ਤੋੜ ਰਹੇ ਨੇ-ਚੀਮਾ

ਆਮ ਆਦਮੀ ਪਾਰਟੀ ਦੇ ਨਵੇਂ ਬਣਾਏ ਗਏ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਜਿੱਥੇ ਇਹ ਕਿਹਾ ਕਿ ਆਪਣੀ ਕੁਰਸੀ ਖੁੱਸਣ 'ਤੇ ਖਹਿਰਾ ਪਾਰਟੀ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ ਉੱਥੇ ਉਨ੍ਹਾਂ ਇਹ ਵੀ ਕਿਹਾ ਕਿ ਖਹਿਰਾ ਨਾਲ ਗੱਲਬਾਤ ਚੱਲ ਰਹੀ ਹੈ, ਉਨ੍ਹਾਂ ਨੂੰ ਮਨਾ ਲਵਾਂਗੇ। ਚੀਮਾ ਨੇ ਕਿਹਾ ਕਿ ਖਹਿਰਾ ਤੇ ਸਹਿਯੋਗੀਆਂ ਵਲੋਂ ਬਠਿੰਡਾ ਵਿਚ ਕੀਤੀ ਕਨਵੈਂਨਸ਼ਨ ਭਾਵੇਂ ਪਾਰਟੀ ਵਿਰੋਧੀ ਸਰਗਰਮੀ ਸੀ ਪਰ ਫਿਰ ਵੀ ਖਹਿਰਾ ਖ਼ਿਲਾਫ਼ ਕੋਈ ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ ਜਾਵੇਗੀ ਕਿਉਂ ਜੋ ਖਹਿਰਾ ਅਤੇ ਦੂਜੇ ਵਿਧਾਇਕਾਂ ਨੇ ਅਜੇ ਪਾਰਟੀ ਨਹੀਂ ਛੱਡੀ ਅਤੇ ਨਾ ਹੀ ਛੱਡਣ ਦਾ ਕੋਈ ਐਲਾਨ ਨਹੀਂ ਕੀਤਾ ਹੈ।



## ਕੇਜਰੀਵਾਲ ਦੀ ਸੋਚ ਕਾਰਨ 'ਆਪ' ਖ਼ਤਮ ਹੋਣ ਕਿਨਾਰੇ-ਚੰਦੂਮਾਜਰਾ

ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਦੇਸ਼ ਦੀ ਰਾਜਨੀਤੀ ਨੂੰ ਬਦਲਣ ਦੀਆਂ ਗੱਲਾਂ ਕਰਨ ਵਾਲੇ ਕੇਜਰੀਵਾਲ ਦੀ ਤਾਨਾਸ਼ਾਹੀ ਸੋਚ ਸਦਕਾ ਹੀ 'ਆਪ' ਪਾਰਟੀ ਖਤਮ ਹੋਣ ਦੀਆਂ ਬਰੂਹਾਂ 'ਤੇ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਚਾਹੇ ਉਹ ਧਰਮਵੀਰ ਗਾਂਧੀ ਹੋਵੇ ਚਾਹੇ ਸੁੱਚਾ ਸਿੰਘ ਛੋਟੇਪੁਰ ਜਾਂ ਹੁਣ ਸੁਖਪਾਲ ਸਿੰਘ ਖਹਿਰਾ ਪਾਰਟੀ ਤੋਂ ਕਿਨਾਰਾ ਕਰ ਰਹੇ ਹੋਣ ਪਰ ਇਸ ਸਭ ਦੇ ਪਿੱਛੇ ਕੇਜਰੀਵਾਲ ਦੀ ਤਾਨਾਸ਼ਾਹੀ ਸੋਚ ਹੀ ਹੈ।



## ਸੁਖਪਾਲ ਸਿੰਘ ਖਹਿਰਾ ਵਲੋਂ ਹਾਈਕਮਾਂਡ ਨੂੰ ਚੈਲਿੰਜ

ਸੁਖਪਾਲ ਸਿੰਘ ਖਹਿਰਾ ਉਤੇ ਔਰਤ ਤੇ ਦਲਿਤ ਵਿਰੋਧੀ ਹੋਣ ਦੇ ਦੋਸ਼ ਵਿਰੋਧੀ ਦਲ ਦੇ ਨੇਤਾ ਹਰਪਾਲ ਸਿੰਘ ਚੀਮਾ ਤੇ ਸਰਬਜੀਤ ਕੌਰ ਮਾਣੂੰਕੇ ਨੇ ਲਗਾਏ ਹਨ, ਇਸ ਦੇ ਜਵਾਬ ਵਿਚ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਹ ਕਦੇ ਵੀ ਔਰਤ ਤੇ ਦਲਿਤ ਵਿਰੋਧੀ ਨਹੀਂ ਹੋ ਸਕਦੇ। ਖਹਿਰਾ ਨੇ ਕਿਹਾ ਹੈ ਕਿ ਉਹ ਗੁਰੂ ਸਾਹਿਬਾਨ ਦੀ ਹਦਾਇਤ ਅਨੁਸਾਰ ਔਰਤਾਂ ਦਾ ਸਦਾ ਸਤਿਕਾਰ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਦਲਿਤਾਂ ਨਾਲ ਤਾਂ ਉਨ੍ਹਾਂ ਦਾ ਅਟੁੱਟ ਰਿਸ਼ਤਾ ਹੈ ਤੇ ਉਹ ਉਨ੍ਹਾਂ ਨਾਲ ਮਿਲਦੇ ਬੈਠਦੇ ਤੇ ਇਕੱਠੇ ਖਾਂਦੇ-ਪੀਂਦੇ ਹਨ। ਖਹਿਰਾ ਨੇ ਕਿਹਾ ਕਿ ਉਨ੍ਹਾਂ ਨੂੰ ਵਿਰੋਧੀ ਦਲ ਦੇ ਨੇਤਾ ਦਾ ਕੋਈ ਲਾਲਚ ਨਹੀਂ, ਉਹ ਇਸ ਨੂੰ ਛੱਡ ਚੁੱਕੇ ਹਨ ਪਰ ਜੇਕਰ ਪਾਰਟੀ ਹਾਈਕਮਾਂਡ ਕਿਸੇ ਦਲਿਤ ਨੂੰ ਹੀ ਇਹ ਅਹੁਦਾ ਦੇਣਾ ਚਾਹੁੰਦੀ ਹੈ, ਉਹ ਪਾਰਟੀ ਵਿਚ ਕਾਬਲੀਅਤ ਵਾਲੇ ਤਿੰਨ ਦਲਿਤ ਐਮਐਲਏ ਹਨ ਜਿਨ੍ਹਾਂ ਨੂੰ ਇਹ ਅਹੁਦਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਵਿਚ ਜੈਤੋ ਤੋਂ ਮਾਸਟਰ ਬਲਦੇਵ ਸਿੰਘ, ਭਦੌੜ ਤੋਂ ਪਿਰਮਲ ਸਿੰਘ ਖਾਲਸਾ ਤੇ ਰਾਏਕੋਟ ਤੋਂ ਜਗਤਾਰ ਸਿੰਘ ਜੱਗਾ ਸ਼ਾਮਲ ਹਨ। ਜੇਕਰ ਹਾਈਕਮਾਂਡ ਅਜਿਹਾ ਕਰਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਖਹਿਰਾ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਉਨ੍ਹਾਂ ਦਾ ਭਰਵਾਂ ਇਕੱਠ ਦੇਖ ਕੇ ਬੌਖਲਾਅ ਚੁੱਕੀ ਹੈ ਤੇ ਇਸ ਲਈ ਉਨ੍ਹਾਂ 'ਤੇ ਦਲਿਤ ਅਤੇ ਇਸਤਰੀ ਵਿਰੋਧੀ ਹੋਣ ਦੇ ਦੋਸ਼ ਲਗਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਹਾਈਕਮਾਂਡ ਦਲਿਤ ਹਿਤੇਸ਼ੀ ਹੈ ਤਾਂ ਉਹ ਦਿੱਲੀ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਅਹੁਦੇ 'ਤੇ ਕਿਸੇ ਦਲਿਤ ਨੂੰ ਬਿਠਾ ਦੇਵੇ ਤਾਂ ਮੰਨ ਲਿਆ ਜਾਵੇਗਾ ਕਿ 'ਆਪ' ਹਾਈਕਮਾਂਡ ਦਲਿਤਾਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਵਿਧਾਨ ਸਭਾ ਵਿਚ ਵਿਰੋਧੀ ਦਲ ਦੀ ਡਿਪਟੀ ਲੀਡਰ ਸਰਬਜੀਤ ਕੌਰ ਮਾਣੂੰਕੇ ਨੂੰ ਜਵਾਬ ਦਿੰਦੇ ਹੋਏ ਕਿਹਾ ਕਿ ਅੱਜ ਉਹ ਕਹਿ ਰਹੀ ਹੈ ਕਿ ਖਹਿਰਾ ਮਹਿਲਾ ਵਿਰੋਧੀ ਹੈ, ਅਸਲ ਵਿਚ ਜਦ ਉਹ ਵਿਰੋਧੀ ਦਲ ਦੀ ਡਿਪਟੀ ਲੀਡਰ ਬਣੀ ਸੀ ਤਾਂ ਉਸ ਦਾ ਨਾਮ ਹਾਈਕਮਾਂਡ ਕੋਲ ਮੈਂ ਹੀ ਪੇਸ਼ ਕੀਤਾ ਸੀ ਤੇ ਹੁਣ ਉਹ ਮੇਰੇ 'ਤੇ ਦੋਸ਼ ਲਗਾ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਲੋਕ 500 ਲੋਕ ਇਕੱਠੇ ਨਹੀਂ ਕਰ ਸਕਦੇ, ਉਹ ਲੋਕ ਮੇਰੇ ਉੱਪਰ ਦੋਸ਼ ਲਗਾ ਰਹੇ ਹਨ।

## ਮਹਿਲਾ ਵਿਧਾਇਕਾਂ ਬਾਰੇ ਭੱਦੀਆਂ ਟਿੱਪਣੀਆਂ ਕਾਰਨ ਘਿਰੇ ਖਹਿਰਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀਆਂ ਆਮ ਆਦਮੀ ਪਾਰਟੀ ਦੀਆਂ ਤਿੰਨ ਮਹਿਲਾ ਵਿਧਾਇਕਾਂ ਸਰਵਜੀਤ ਕੌਰ ਮਾਣੂੰਕੇ (ਵਿਰੋਧੀ ਧਿਰ ਦੀ ਉਪ ਨੇਤਾ), ਪ੍ਰੋ. ਬਲਜਿੰਦਰ ਕੌਰ ਤੇ ਰੁਪਿੰਦਰ ਕੌਰ ਰੂਬੀ ਵਿਰੁੱਧ ਸੋਸ਼ਲ ਮੀਡੀਆ ਉਪਰ ਭੱਦੀਆਂ ਟਿੱਪਣੀਆਂ ਕੀਤੀਆਂ ਜਾਣ ਕਾਰਨ ਹੀ ਹੁਣ ਵਿਧਾਇਕ ਸੁਖਪਾਲ ਸਿੰਘ ਖਹਿਰਾ ਕਸੂਤੇ ਘਿਰ ਗਏ ਹਨ। ਭਾਵੇਂ ਉਨ੍ਹਾਂ ਨੇ ਆਪਣੇ ਸਬੰਧਤ ਹਮਾਇਤੀਆਂ ਨੂੰ ਤੁਰੰਤ ਕਹਿ ਕੇ ਇਹ ਅਭੱਦਰ ਟਿੱਪਣੀਆਂ ਸੋਸ਼ਲ ਮੀਡੀਆ ਪਲੇਟਫਾਰਮ ਤੋਂ ਹਟਵਾ ਦਿੱਤੀਆਂ ਅਤੇ ਖੁਦ ਮੁਆਫੀ ਵੀ ਮੰਗੀ ਹੈ ਪਰ ਸਮਾਜ ਦੇ ਸ਼ਾਲੀਨ ਤਬਕਿਆਂ ਵਿਚ ਇਸ ਘਟਨਾ ਨੇ ਸੁਖਪਾਲ ਸਿੰਘ ਖਹਿਰੇ ਦੀ ਕਾਫੀ ਫਜ਼ੀਹਤ ਕਰਵਾ ਦਿੱਤੀ ਹੈ। ਆਮ ਆਦਮੀ ਪਾਰਟੀ ਦੇ ਉਭਾਰ ਦਾ ਜ਼ਰੀਆ ਬਣਿਆ ਸੋਸ਼ਲ ਮੀਡੀਆ ਹੀ ਹੁਣ ਪਾਰਟੀ ਲਈ ਪੁਆੜੇ ਦੀ ਜੜ੍ਹ ਬਣ ਰਿਹਾ ਹੈ। ਇਸ ਵੇਲੇ ਸੋਸ਼ਲ ਮੀਡੀਆ ਉਪਰ 'ਆਪ' ਵੱਲੋਂ ਕੀਤੀ ਜਾਂਦੀ ਸਿਆਸਤ ਕਾਰਨ ਪਾਰਟੀ ਦੀਆਂ ਤਿੰਨ ਮਹਿਲਾ ਵਿਧਾਇਕਾਂ ਅਤੇ ਸੁਖਪਾਲ ਖਹਿਰਾ ਵਿਚਕਾਰ ਤਿੱਖਾ ਟਕਰਾਅ ਚੱਲ

**ਬਾਕੀ ਸਫ਼ਾ 28 'ਤੇ**


Allstate
You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਮਿੱਡਵੈਸਟ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਧਾਰਮਿਕ ਦੀਵਾਨ ਸਜਾਏ





**ਸ਼ਿਕਾਗੋ/ਮੱਖਣ ਕਲੇਰ :** ਪਿਛਲੇ ਦੋ-ਤਿੰਨ ਹਫਤਿਆਂ ਤੋਂ ਪੰਥ ਪ੍ਰਸਿੱਧ ਕਥਾ ਵਾਚਕ ਭਾਈ ਪਰਮਜੀਤ ਸਿੰਘ ਖਾਲਸਾ ਆਨੰਦਪੁਰ ਸਾਹਿਬ ਵਾਲੇ ਅਤੇ ਭਾਈ ਕੁਲਵੰਤ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਮਿੱਡਵੈਸਟ ਦੀਆਂ ਵੱਖ-ਵੱਖ ਸਟੇਟਾਂ ਦੇ ਗੁਰਦੁਆਰਾ ਸਾਹਿਬਾਨਾਂ ਵਿਚ ਕਥਾ ਰਾਹੀਂ ਗੁਰਬਾਣੀ ਦਾ ਪ੍ਰਚਾਰ ਕੀਤਾ। ਕਥਾ ਵਾਚਕਾਂ ਨੇ ਮਿੱਡਵੈਸਟ ਦੀਆਂ ਸਟੇਟਾਂ ਉਹਾਇਓ, ਮਿਸ਼ੀਗਨ, ਇੰਡੀਆਨਾ, ਇਲੀਨੌਇਸ ਤੇ ਵਿਸਕਾਨਸਨ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਹਰ ਰੋਜ਼ ਸ਼ਾਮ ਦੇ ਦੀਵਾਨਾਂ ਵਿਚ ਅਤੇ ਐਤਵਾਰ ਨੂੰ ਸਵੇਰ ਦੇ ਦੀਵਾਨਾਂ ਵਿਚ ਹਾਜ਼ਰੀਆਂ ਭਰ ਕੇ ਕਥਾ ਵਖਿਆਨ ਰਾਹੀਂ ਸੰਗਤਾਂ ਨੂੰ ਗੁਰਬਾਣੀ, ਨਾਮ ਸਿਮਰਨ, ਗੁਰਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਧਾਰਮਿਕ ਦੀਵਾਨਾਂ ਵਿਚ ਸੰਗਤਾਂ ਨੇ ਭਾਰੀ ਗਿਣਤੀ ਵਿਚ ਪਹੁੰਚ ਕੇ ਕਥਾ ਸਰਵਣ ਕੀਤੀ।

ਇਨ੍ਹਾਂ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੇ ਸਿੱਖ ਪੰਥ ਦੇ ਦੋਵਾਂ ਪ੍ਰਚਾਰਕਾਂ ਦਾ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਅੰਦਰ ਨਿੱਘਾ ਸਵਾਗਤ ਅਤੇ ਮਾਣ ਸਤਿਕਾਰ ਕੀਤਾ ।ਪ੍ਰਬੰਧਕਾਂ ਵੱਲੋਂ ਆਉਣ ਵਾਲੇ ਸਮੇਂ ਵਿਚ ਵੀ ਦੋਵਾਂ ਪਰਚਾਰਕਾਂ ਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ ਗਿਆ।

# ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਨੇ ਕਰਵਾਏ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ





**ਫਰਿਜ਼ਨੋ/ਬਿਊਰੋ ਨਿਊਜ਼ :** ਇੰਡੋ ਅਮੈਰੀਕਨ ਹੈਰੀਟੇਜ਼ ਵਲੋਂ ਵਿਦਿਆਰਥੀਆਂ ਲਈ ਭਾਸ਼ਨ ਮੁਕਾਬਲਿਆਂ ਦਾ ਇਕ ਪ੍ਰੋਗਰਾਮ 29 ਜੁਲਾਈ 2018 ਨੂੰ ਫਰਿਜ਼ਨੋ ਵਿਚ ਇੰਡੀਆ ਉਵਨ ਦੇ ਹਾਲ ਵਿਚ ਕਰਵਾਇਆ ਗਿਆ। ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਤ ਇਹ ਪ੍ਰੋਗਰਾਮ ਪਿਛਲੇ 6 ਸਾਲਾਂ ਤੋਂ ਲਗਾਤਾਰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਕਿੰਡਰ ਗਾਰਡਨ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੇ ਵਿਦਿਆਰਥੀ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਇਕ ਭਾਸ਼ਨ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸ ਪ੍ਰੋਗਰਾਮ ਲਈ ਸਮੂਹ ਭਾਈਚਾਰੇ ਵਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ। ਸਰੋਤਿਆਂ ਨਾਲ ਖਚਾ-ਖਚ ਭਰੇ ਹਾਲ ਵਿਚ ਵੱਖ-ਵੱਖ ਉਮਰ ਦੇ 35 ਦੇ ਕਰੀਬ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕੀਤੇ, ਜਿਨਾਂ ਨੂੰ ਤਿੰਨ ਜੱਜਾਂ ਦੇ ਇਕ ਪੈਨਲ ਅਤੇ ਸਮੂਹ ਲੋਕਾਂ ਨੇ ਬੜੇ ਧਿਆਨ ਨਾਲ ਸੁਣਿਆ। ਜੱਜਾਂ ਦੀ ਜੁੰਮੇਵਾਰੀ ਪਿਛਲੇ ਸਾਲਾਂ ਦੀ ਤਰਾਂ ਹੀ ਡਾ ਗੁਰੂਮੇਲ ਸਿੱਧੂ, ਡਾ ਅਰਜਨ ਸਿੰਘ ਜੋਸ਼ਨ ਅਤੇ ਹਰਜਿੰਦਰ ਕੰਗ ਨੇ ਨਿਭਾਈ। ਇਸ ਵਾਰ ਦੇ ਵਿਸ਼ੇ ਪਰਾਇਮਰੀ ਸਕੂਲ ਦੇ ਵਿਦਿਆਰਥੀਆ ਲਈ ਕਿਸੇ ਵੀ ਆਜ਼ਾਦੀ ਘੁਲਾਟੀਏ 'ਤੇ ਅਧਾਰਤ ਆਪਣੀ ਸਪੀਚ, ਮਿਡਲ ਸਕੂਲ਼ ਦੇ ਵਿਦਿਆਰਥੀਆ ਦਾ ਵਿਸ਼ਾ ਜਲ੍ਹਿਆਂਵਾਲੇ ਬਾਗ ਦਾ ਸਾਕਾ, ਹਾਈ ਸਕੂਲ਼ ਦੇ ਵਿਦਿਆਰਥੀ ਵਾਤਾਵਰਣ ਵਿਚ ਵਧ ਰਹੇ ਪਰਦੂਸ਼ਣ ਦੇ ਕਾਰਨ, ਪਰਭਾਵ ਅਤੇ ਉਪਾਵਾਂ ਬਾਰੇ ਅਤੇ ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਭਾਸ਼ਨ ਦਾ ਵਿਸ਼ਾ 'ਬਰਤਾਨਵੀ ਰਾਜ ਅਧੀਨ ਭਾਰਤ ਵਿਚ ਨਿਆਂ' ਸੀ। ਸਾਰੇ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਵਿਚ ਹਿਸਾ ਲੈਣ ਲਈ ਸਨਮਾਨ ਚਿੰਨ ਦਿਤੇ ਗਏ ਅਏ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਨਗਦ ਇਨਾਮ ਵੀ ਦਿਤੇ ਗਏ। ਹਰ ਗਰੁੱਪ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲਿਆਂ ਵਿਚ ਕ੍ਰਮਵਾਰ ਗਰੁੱਪ ਏ ਤੋਂ ਜਪਲੀਨ ਢਿਲੋਂ, ਮਨਜੋਤ ਕੌਰ ਗੁਰਮ ਅਤੇ ਚਰਨਜੋਤ ਬੈਂਸ, ਗਰੁੱਪ ਬੀ ਤੋਂ ਜਸਮੀਤ ਸਰਾਂ, ਰਵਨੀਤ ਕੌਰ ਅਤੇ ਰਾਜਵੀਰ ਸਿੰਘ ਧਾਲੀਵਾਲ, ਗਰੁੱਪ ਸੀ ਤੋਂ ਹਰਕੀਰਤ ਸਿੰਘ, ਰਛਵੀਰ ਕੌਰ ਧਾਲੀਵਾਲ, ਸਾਹਿਬ ਕੌਰ ਵਿਰਕ ਅਤੇ ਮਹਿਕਪ੍ਰੀਤ ਕੌਰ ਸਿੱਧੂ, ਗਰੁਪ ਡੀ ਤੋਂ ਦਲਜੀਤ ਸਿੰਘ ਸਰਾਏ, ਜਸ਼ਨਪਾਲ ਸਿੰਘ ਮਾਂਗਟ ਅਤੇ ਹਰਨੀਤ ਕੌਰ ਸ਼ਾਮਲ ਹਨ।

ਇਸ ਤੋਂ ਇਲਾਵਾ ਜੀਐਚ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਤਿਆਰ ਟੀਮਾਂ ਨੇ ਗਿੱਧੇ ਅਤੇ ਭੰਗੜੇ ਦਾ ਸ਼ਾਨਦਾਰ ਪਰਦਰਸ਼ਨ ਕੀਤਾ। ਫੋਰਮ ਵਲੋਂ ਸ੍ਰ ਗੁਰਦੀਪ ਸਿੰਘ ਅਣਖੀ ਨੇ ਆਪਣੇ ਵਿਚਾਰ ਪੇਸ਼ ਕਰਦਿਆ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸ਼ਰਧਾਜਲੀ ਭੇਟ ਕੀਤੀ। ਉਨਾਂ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਫੋਰਮ ਦਾ ਮੰਤਵ ਜਿਥੇ ਬੱਚਿਆਂ ਨੂੰ ਸ਼ਹੀਦਾਂ ਅਤੇ ਹੋਰ ਦੇਸ਼ ਭਗਤਾਂ ਦੀ ਸੋਚ ਤੋਂ ਜਾਣੂ ਕਰਵਾਉਣਾ ਹੈ,ਉਥੇ ਹੀ ਉਨਾਂ ਨੂੰ ਪੰਜਾਬੀ ਬੋਲੀ ਬੋਲਣ, ਪੜ੍ਹਨ ਅਤੇ ਲਿਖਣ ਲਈ ਪਰੇਰਤ ਕਰਨਾ ਵੀ ਹੈ। ਫੋਰਮ ਇਨਾਂ ਬੱਚਿਆਂ ਨੂੰ ਆਪਣੀਆਂ ਸਟੇਜਾਂ 'ਤੇ ਥਾਂ ਦੇ ਕੇ ਉਨਾਂ ਨੂੰ ਕੱਲ੍ਹ ਦੇ ਨੇਤਾਵਾਂ ਦੇ ਰੂਪ ਵਿਚ ਦੇਖਣਾ ਚਾਹੁੰਦਾ ਹੈ ਜੋ ਕਿ ਇਕ ਸੁਚੱਜੇ ਸਮਾਜ ਦੀ ਅਗਵਾਈ ਕਰਨਗੇ। ਪ੍ਰੋਗਰਾਮ ਦੀ ਸ਼ੁਰੂਆਤ ਰਾਜਿੰਦਰ ਸਿੰਘ ਬਰਾੜ ਨੇ ਦੇਸ਼ ਭਗਤੀ ਦੇ ਗੀਤਾਂ ਨਾਲ ਕੀਤੀ। ਪ੍ਰਿੰਸੀਪਲ ਹਜ਼ੂਰਾ ਸਿੰਘ ਅਤੇ ਸ੍ਰ ਲਛਮਣ ਸਿੰਘ ਰਾਠੌਰ ਨੇ ਆਪਣੀ ਕਵਿਤਾ ਨਾਲ ਹਾਜ਼ਰੀ ਲਵਾਈ। ਇੰਡੀਆ ਤੋਂ ਇਕ ਪਰਿਵਾਰਕ ਸੱਦੇ 'ਤੇ ਇਥੇ ਪਹੁੰਚੇ ਹੋਏ ਡਾ ਬਿੰਦਰਜੀਤ ਕੌਰ ਨੇ ਆਪਣੀ ਲਿਖੀ ਹੋਈ ਇਕ ਕਵਿਤਾ 'ਭਾਰਤ ਦੀ ਆਜ਼ਾਦੀ' ਸੁਣਾ ਕੇ ਸਭ ਨੂੰ ਪ੍ਰਭਾਵਤ ਕੀਤਾ। ਸ੍ਰੀ ਅਰਜਨ ਸਿੰਘ ਜੋਸ਼ਨ ਨੇ ਬੋਲਦਿਆ ਨਸ਼ਿਆਂ ਵਿਚ ਗਰਕ ਰਹੀ ਪੰਜਾਬ ਦੀ ਜਵਾਨੀ 'ਤੇ ਦੁਖ ਜ਼ਾਹਰ ਕੀਤਾ ਤੇ ਕਿਹਾ ਕਿ ਇਹ ਸਮੇਂ ਦੀਆਂ ਸਰਕਾਰਾਂ ਵਲੋਂ ਪੰਜਾਬੀ ਲੋਕਾਂ ਨੂੰ ਉਲਝਾਈ ਰੱਖਣ ਲਈ ਇਕ ਸ਼ਾਜ਼ਿਸ਼ ਦੇ ਤਹਿਤ ਕੀਤਾ ਜਾ ਰਿਹਾ ਹੈ।

ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੈਕਟਰੀ ਸੁਰਿੰਦਰ ਮੰਡਾਲੀ ਨੇ ਇਸ ਪ੍ਰੋਗਰਾਮ ਦੇ ਜੇਤੂਆਂ ਅਤੇ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਇਸ ਪ੍ਰੋਗਰਾਮ ਲਈ ਬੱਚਿਆਂ ਨੂੰ ਤਿਆਰ ਕਰਵਾਉਣ ਅਤੇ ਉਤਸ਼ਾਹਤ ਕਰਨ ਲਈ ਸਾਰੇ ਮਾਪਿਆ ਦਾ ਧੰਨਵਾਦ ਵੀ ਕੀਤਾ। ਉਨਾਂ ਨੇ ਇਸ ਪ੍ਰੋਗਰਾਮ ਦੇ ਜੱਜਾਂ ਦਾ ਉਚੇਚਾ ਧੰਨਵਾਦ ਕੀਤਾ। ਉਨਾਂ ਨੇ ਇਸ ਪ੍ਰੋਗਰਾਮ ਦੀ ਗੱਲ ਸਮੂਹ ਲੋਕਾਂ ਤੱਕ ਪਹੁੰਚਾਉਣ ਲਈ ਰੇਡੀਉ 900 ਏ ਐਮ ਦੇ ਸਾਰੇ ਪੰਜਾਬੀ ਹੋਸਟਾਂ, ਪੰਜਾਬੀ ਅਖਬਾਰਾਂ, ਰੇਡੀਉ ਪੰਜਾਬ ਅਤੇ ਪੰਜਾਬੀ ਰੇਡੀਉ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਦੇ ਕੁਝ ਇਨਾਮਾਂ ਨੂੰ ਸਪਾਂਸਰ ਕਰਨ ਲਈ ਮਨਜੀਤ ਕੁਲਾਰ, ਸ੍ਰ ਕਰਮ ਸਿੰਘ ਮਾਨ ਅਤੇ ਮਨਦੀਪ ਟਰਾਂਸਪੋਰਟ ਦਾ ਵੀ ਧੰਨਵਾਦ ਕੀਤਾ ਗਿਆ। ਸਟੇਜ ਦੀ ਕਾਰਵਾਈ ਸ਼ਰਨਜੀਤ ਧਾਲੀਵਾਲ, ਪਰੀਤ ਗਿੱਲ ਅਤੇ ਮਨੂਵੀਰ ਧਾਲੀਵਾਲ ਨੇ ਬੜੇ ਸੁਚੱਜੇ ਢੰਗ ਨਾਲ ਚਲਾਈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਬਰਗਾੜੀ ਕਾਂਡ : ਸਿਰਸੇਵਾਲੇ ਦੀ ਸ਼ਹਿ 'ਤੇ ਹੋਈ ਸੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਅੰਗਰੇਜ਼ੀ ਅਖਬਾਰ ਹਿੰਦੁਸਤਾਨ ਟਾਈਮਜ਼ ਦੀ ਖ਼ਬਰ ਮੁਤਾਬਿਕ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਪੰਜਾਬ ਪੁਲਿਸ ਦੀ ਸਿੱਟ ਨੇ ਬਰਗਾੜੀ ਬੇਅਦਬੀ ਮਾਮਲੇ ਦੀ ਜਾਂਚ ਪੂਰੀ ਕਰਦਿਆਂ ਦੋਸ਼ੀਆਂ ਦੀ ਸ਼ਨਾਖਤ ਕਰ ਲਈ ਸੀ ਪਰ ਡੇਰਾ ਸਿਰਸਾ ਨਾਲ ਸਬੰਧਿਤ ਇਨ੍ਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੋਂ ਉਸ ਸਮੇਂ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ)-ਭਾਜਪਾ ਸਰਕਾਰ ਨੇ ਪੁਲਿਸ ਨੂੰ ਰੋਕ ਦਿੱਤਾ। ਜੱਜ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਫਿਲਹਾਲ ਜਨਤਕ ਨਹੀਂ ਹੋਈ ਹੈ, ਤਾਂ ਇਹ ਖ਼ਬਰ ਛਾਪਣ ਵਾਲੇ ਹਿੰਦੁਸਤਾਨ ਟਾਈਮਜ਼ ਅਖਬਾਰ ਦੇ ਪੱਤਰਕਾਰ ਨੇ ਕਿਹਾ ਹੈ ਕਿ ਇਹ ਜਾਣਕਾਰੀ ਉਸ ਨੂੰ ਰਿਪੋਰਟ ਨਾਲ ਜੁੜੇ ਸਰਕਾਰੀ ਸੂਤਰ ਤੋਂ ਮਿਲੀ ਹੈ।
ਇਸ ਗੁਪਤ ਸੂਤਰ ਦੇ ਹਵਾਲੇ ਨਾਲ ਹਿੰਦੁਸਤਾਨ ਟਾਈਮਜ਼ ਅਖਬਾਰ ਨੇ ਛਾਪਿਆ ਹੈ ਕਿ ਪੰਜਾਬ ਪੁਲਿਸ ਦੀ ਸਿੱਟ ਦੇ ਮੁਖੀ ਡੀਆਈਜੀ ਰਣਬੀਰ ਸਿੰਘ ਖੱਟੜਾ ਨੇ ਜਾਂਚ ਕਮਿਸ਼ਨ ਨੂੰ ਦੱਸਿਆ ਕਿ ਉਨ੍ਹਾਂ ਬਾਦਲ ਸਰਕਾਰ ਮੌਕੇ ਬਰਗਾੜੀ ਬੇਅਦਬੀ ਮਾਮਲੇ ਨੂੰ ਹੱਲ ਕਰ ਲਿਆ ਸੀ ਪਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੋਂ ਰੋਕ ਦਿੱਤਾ ਗਿਆ। ਕੁਝ ਸਮਾਂ ਪਹਿਲਾਂ ਇਹ ਖਬਰਾਂ ਵੀ ਸਾਹਮਣੇ ਆਈਆਂ ਸਨ ਕਿ ਸਿੱਟ ਨੇ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਬੇਅਦਬੀ ਮਾਮਲਿਆਂ ਨੂੰ ਹੱਲ ਕਰ ਲਿਆ ਹੈ ਪਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੀ ਸਿੱਟ ਨੂੰ ਕਾਰਵਾਈ ਰੋਕ ਦੇਣ ਲਈ ਕਹਿ ਦਿੱਤਾ ਹੈ।
ਗੌਰਤਲਬ ਹੈ ਕਿ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਦਾ ਪਹਿਲਾ ਭਾਗ ਲੰਘੀ 30 ਜੂਨ ਨੂੰ ਪੰਜਾਬ ਦੇ ਮੁੱਖ ਮੰਤਰੀ ਨੂੰ ਦੇ ਦਿਤਾ ਸੀ। ਇਸ ਪਹਿਲੇ ਭਾਗ ਵਿਚ ਜੂਨ 2015 'ਚ ਬੁਰਜ ਜਵਾਹਰ ਸਿੰਘ ਵਾਲਾ ਦੀ ਬੇਅਦਬੀ ਘਟਨਾ, ਅਕਤੂਬਰ 2015 ਦੀ ਬਰਗਾੜੀ ਬੇਅਦਬੀ ਘਟਨਾ ਅਤੇ ਅਕਤੂਬਰ 2015 ਵਿਚ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸ਼ਾਂਤਮਈ ਰੋਸ ਮੁਜ਼ਾਹਰਾ ਕਰ ਰਹੀਆਂ ਸਿੱਖ ਸੰਗਤਾਂ 'ਤੇ ਪੁਲਿਸ ਵਲੋਂ ਚਲਾਈ ਗੋਲੀ ਦੀਆਂ ਘਟਨਾਵਾਂ ਦੀ ਜਾਂਚ ਸ਼ਾਮਲ ਹੈ। ਜਸਟਿਸ ਰਣਜੀਤ ਸਿੰਘ ਦੀਆਂ ਸਿਫਾਰਸ਼ਾਂ ਅੁਨਸਾਰ ਬਹਿਬਲ ਕਲਾਂ ਗੋਲੀ ਕਾਂਡ ਵਿਚ ਦਸ ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਖਿਲਾਫ ਕੇਸ ਦਰਜ ਕਰਨ ਵਾਸਤੇ ਗ੍ਰਹਿ ਵਿਭਾਗ ਵੱਲੋਂ ਪੰਜਾਬ ਪੁਲੀਸ ਦੇ ਮੁਖੀ ਨੂੰ ਸਬੰਧਤ ਫਾਈਲ ਭੇਜੀ ਗਈ ਹੈ। ਕਮਿਸ਼ਨ ਦੀਆਂ ਸਿਫਾਰਸ਼ ਅਨੁਸਾਰ ਜਿਨ੍ਹਾਂ ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਨਾਂ ਬਾਜਾਖਾਨਾ ਪੁਲੀਸ ਥਾਣੇ ਵਿਚ ਪਹਿਲਾਂ ਹੀ ਦਰਜ ਐਫਆਈਆਰ. ਨੰਬਰ 130 ਵਿਚ ਜੋੜੇ ਜਾਣੇ ਹਨ, ਉਨ੍ਹਾਂ ਵਿਚ ਮੋਗਾ ਜ਼ਿਲ੍ਹੇ ਦਾ ਤਤਕਾਲੀ ਐਸਐਸਪੀ. ਚਰਨਜੀਤ ਸਿੰਘ ਸ਼ਰਮਾ, ਐਸਪੀ.ਬਿਕਰਮਜੀਤ ਸਿੰਘ, ਲਾਡੋਵਾਲ ਦਾ ਐਸਐਚਓ. ਹਰਪਾਲ ਸਿੰਘ, ਇੰਸਪੈਕਟਰ ਪਰਦੀਪ ਸਿੰਘ, ਸਬ-ਇੰਸਪੈਕਟਰ ਅਰੀਜੀਤ ਸਿੰਘ, ਹਵਾਲਦਾਰ ਗੁਰਪ੍ਰੀਤ ਸਿੰਘ, ਪਰਮਿੰਦਰ ਸਿੰਘ, ਸਿਪਾਹੀ ਸ਼ਮਸ਼ੇਰ ਸਿੰਘ ਤੇ ਹਰਪ੍ਰੀਤ ਸਿੰਘ ਆਦਿ ਸ਼ਾਮਲ ਹਨ। ਇਨ੍ਹਾਂ ਨਾਵਾਂ ਦਾ ਜ਼ਿਕਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਦਿਨੀਂ ਇਕ ਪ੍ਰੈਸ ਕਾਨਫਰੰਸ ਵਿਚ ਵੀ ਕੀਤਾ ਸੀ।



ਇਸੇ ਦੌਰਾਨ ਪੀਸੀਐਸ. ਐਸੋਸੀਏਸ਼ਨ ਪੰਜਾਬ ਦਾ ਇਕ ਵਫਦ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਮਿਲਿਆ ਤੇ ਕੋਟਕਪੂਰਾ ਦੇ ਐਸਡੀਐਮ ਹਰਜੀਤ ਸਿੰਘ ਸੰਧੂ ਦੀ ਗੋਲੀ ਕਾਂਡ ਵੇਲੇ ਸਥਿਤੀ ਨੂੰ ਬਿਆਨ ਕਰਦਿਆਂ ਕਾਰਵਾਈ ਨਾ ਕਰਨ ਦੀ ਅਪੀਲ ਕੀਤੀ। ਪਤਾ ਲੱਗਾ ਹੈ ਕਿ ਵਫਦ ਨੇ ਮੁੱਖ ਸਕੱਤਰ ਨੂੰ ਕਿਹਾ ਕਿ ਐਸਡੀਐਮ ਨੇ ਪੁਲੀਸ ਨੂੰ ਕੇਵਲ ਹਵਾਈ ਫਾਇਰ ਕਰਨ ਦੇ ਹੁਕਮ ਦਿਤੇ ਸਨ।
ਬਰਗਾੜੀ ਕਾਂਡ ਦੀ 'ਗੁਪਤ ਰਿਪੋਰਟ' ਵਿਚ ਕਈ ਗੁੱਝੇ ਭੇਤ ਬੰਦ ਹਨ, ਜਿਨ੍ਹਾਂ ਦੇ ਡਰੋਂ ਕੈਪਟਨ ਹਕੂਮਤ ਕੋਈ ਭਾਫ਼ ਬਾਹਰ ਨਹੀਂ ਕੱਢ ਰਹੀ। ਬਰਗਾੜੀ ਇਨਸਾਫ਼ ਮੋਰਚੇ ਦੀ ਮੰਗ ਹੈ ਕਿ ਰਿਪੋਰਟ ਜਨਤਕ ਕੀਤੀ ਜਾਵੇ, ਜਦੋਂ ਹੁਣ ਸਰਕਾਰ 'ਬਰਗਾੜੀ ਰਿਪੋਰਟ' ਨੂੰ ਜਨਤਕ ਕਰਨ ਤੋਂ ਪਿੱਛੇ ਹਟ ਰਹੀ ਹੈ, ਤਾਂ ਪੰਥਕ ਧਿਰਾਂ ਦੇ ਸ਼ੱਕ ਹੋਰ ਵਧ ਗਏ ਹਨ। ਦਰਅਸਲ ਹੁਣ ਤਕ ਦੀਆਂ ਖਬਰਾਂ ਮੁਤਾਬਕ ਬਰਗਾੜੀ ਕਾਂਡ ਦੀ ਤਾਰ ਸਿੱਧੀ ਡੇਰਾ ਸਿਰਸਾ ਨਾਲ ਜੁੜੀ ਹੈ। ਵੇਰਵਿਆਂ ਅਨੁਸਾਰ ਡੇਰਾ ਮੁਖੀ ਦੇ ਪੀਏ ਰਾਕੇਸ਼ ਦਿੜ੍ਹਬਾ ਦੇ ਇਸ਼ਾਰੇ 'ਤੇ ਡੇਰੇ ਦੇ ਮੋਹਰੀ ਮੈਂਬਰਾਂ ਨੇ ਸਿੱਖ ਪ੍ਰਚਾਰਕਾਂ ਤੋਂ ਬਦਲਾ ਲੈਣ ਲਈ ਦੋ ਪੜਾਵੀ ਸਾਜ਼ਿਸ਼ ਘੜੀ। ਪਹਿਲੀ ਸਾਜ਼ਿਸ਼ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮਾਰਨ ਦੀ ਸੀ ਅਤੇ ਦੂਸਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ। ਰਿਪੋਰਟ ਅਨੁਸਾਰ ਡੇਰਾ ਮੁਖੀ ਦੇ ਪੀਏ ਰਾਕੇਸ਼ ਦਿੜ੍ਹਬਾ ਦੀ ਹਦਾਇਤ 'ਤੇ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਨੇ ਕੋਟਕਪੂਰਾ ਦੇ ਮਹਿੰਦਰਪਾਲ ਬਿੱਟੂ ਨਾਲ ਸਿੱਖ ਪ੍ਰਚਾਰਕ ਦਾਦੂਵਾਲ ਨੂੰ ਭੀਖੀ ਵਿਚ ਮਾਰਨ ਦੀ ਯੋਜਨਾ ਬਣਾਈ ਸੀ। ਦਾਦੂਵਾਲ ਦੇ ਪ੍ਰੋਗਰਾਮਾਂ ਵਿਚ ਵੱਡੀ ਗਿਣਤੀ ਵਿਚ ਪ੍ਰੇਮੀ ਭੇਜੇ ਜਾਣ ਦੀ ਯੋਜਨਾ ਸੀ, ਤਾਂ ਜੋ ਹਮਲਾਵਰ ਬਚ ਕੇ ਨਿਕਲ ਸਕਣ। ਜਦੋਂ ਮਾਨਸਾ ਦੇ ਡੇਰਾ ਆਗੂਆਂ ਨੇ ਹਾਮੀ ਨਾ ਭਰੀ ਤਾਂ ਯੋਜਨਾ ਫ਼ਲਾਪ ਹੋ ਗਈ। ਬਿੱਟੂ ਨੇ ਡੇਰੇ ਦੇ ਹੁਕਮਾਂ ਨੂੰ ਅਮਲੀ ਰੂਪ ਦੇਣ ਲਈ ਆਪਣੇ ਸਾਥੀ ਨਿਸ਼ਾਨ ਸਿੰਘ ਕੋਟਕਪੂਰਾ, ਸ਼ਕਤੀ ਸਿੰਘ ਵਾਸੀ ਡੱਗੋ ਰੋਮਾਣਾ, ਰਣਦੀਪ ਸਿੰਘ ਨੀਲਾ ਫ਼ਰੀਦਕੋਟ, ਸੁਖਜਿੰਦਰ ਸਿੰਘ ਸੰਨੀ ਕੋਟਕਪੂਰਾ ਨਾਲ ਨਵੀਂ ਵਿਉਂਤ ਬਣਾਈ, ਜਿਸ ਤਹਿਤ ਸੰਨੀ ਤੇ ਨੀਲੇ ਨੇ ਮੱਲਕੇ, ਬਰਗਾੜੀ, ਸਾਹੋਕੇ ਤੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰਾਂ ਦੇ ਆਸੇ ਪਾਸੇ ਰੇਕੀ ਕੀਤੀ।
ਰਿਪੋਰਟ ਅਨੁਸਾਰ ਨੀਲਾ ਤੇ ਸੰਨੀ ਮੋਟਰਸਾਈਕਲ (ਪੀਬੀ 04 ਟੀ-0930) 'ਤੇ ਬੁਰਜ ਜਵਾਹਰ ਸਿੰਘ ਵਾਲਾ ਗਏ। ਇਸ ਟੀਮ ਦੇ ਮੈਂਬਰ ਪਹਿਲਾਂ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਗੁਰਦੇਵ ਸਿੰਘ ਪ੍ਰੇਮੀ ਦੀ ਦੁਕਾਨ 'ਤੇ ਗਏ, ਜਿੱਥੋਂ ਕੋਲਡ ਡਰਿੰਕ ਪੀਣ ਮਗਰੋਂ ਉਹ ਗੁਰੂ ਘਰ ਵਿੱਚ ਗਏ। ਗੁਰੂ ਘਰ ਵਿੱਚੋਂ ਸਰੂਪ ਚੁੱਕਣ ਮਗਰੋਂ ਮੋਟਰਸਾਈਕਲ 'ਤੇ ਫ਼ਰਾਰ ਹੋ ਗਏ। ਕੋਟਕਪੂਰਾ ਸਾਈਡ ਉਡੀਕ 'ਚ ਖੜ੍ਹੇ ਬਲਜੀਤ ਸਿੰਘ ਤੇ ਸ਼ਕਤੀ ਨੂੰ ਇਹ ਸਰੂਪ ਦੇ ਦਿੱਤੇ ਗਏ, ਜਿਨ੍ਹਾਂ ਨੇ ਸਰੂਪ ਸਮੇਤ ਅਲਟੋ ਕਾਰ ਕੋਟਕਪੂਰਾ ਦੇ ਨਾਮ ਚਰਚਾ ਘਰ ਵਿੱਚ ਖੜ੍ਹੀ ਕਰ ਦਿੱਤੀ। ਸ਼ਾਮ ਵਕਤ ਇਹ ਸਰੂਪ ਬਲਜੀਤ ਸਿੰਘ ਦੇ ਘਰ ਪਹੁੰਚਾਏ ਗਏ, ਜਿੱਥੇ ਸੰਦੂਕ 'ਚ ਕਰੀਬ ਤਿੰਨ ਸਾਢੇ ਤਿੰਨ ਮਹੀਨੇ ਇਹ ਸਰੂਪ ਪਏ ਰਹੇ। ਜਦੋਂ ਸਤੰਬਰ 2015 'ਚ ਫ਼ਰੀਦਕੋਟ ਦੇ ਸਿਨੇਮਾ ਮਾਲਕਾਂ ਨੇ ਵਿਵਾਦਾਂ ਦੇ ਡਰੋਂ ਡੇਰਾ ਮੁਖੀ ਦੀ ਫ਼ਿਲਮ ਲਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਡੇਰਾ ਆਗੂਆਂ ਨੇ ਸਾਜ਼ਿਸ਼ ਨੂੰ ਅਗਲੇ ਪੜਾਅ ਵਿੱਚ ਦਾਖ਼ਲ ਕਰ ਦਿੱਤਾ। ਸਾਜ਼ਿਸ਼ ਤਹਿਤ ਸ਼ਕਤੀ ਸਿੰਘ ਨੇ ਬਰਗਾੜੀ ਤੋਂ ਸਾਫ਼ ਕਾਗ਼ਜ਼ ਤੇ ਮਾਰਕਰ ਲਿਆ ਕੇ ਬਿੱਟੂ ਕੋਟਕਪੂਰਾ ਨੂੰ ਦੇ ਦਿੱਤੇ, ਜਿੱਥੇ ਸੰਨੀ ਨੇ ਸਿੱਖ ਧਰਮ ਪ੍ਰਤੀ ਇਤਰਾਜ਼ਯੋਗ ਭਾਸ਼ਾ 'ਚ ਪੋਸਟਰ ਲਿਖੇ। ਸ਼ਕਤੀ, ਸੰਨੀ, ਭੋਲੇ ਤੇ ਬਲਜੀਤ ਸਿੰਘ ਨੇ 24 ਅਤੇ 25 ਸਤੰਬਰ 2015 ਦੀ ਸ਼ਾਮ ਨੂੰ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ 'ਚ ਇਹ ਪੋਸਟਰ ਲਾ ਦਿੱਤੇ। ਇਵੇਂ 12 ਅਕਤੂਬਰ 2015 ਦੀ ਸਵੇਰ ਨੂੰ ਤਿੰਨ ਵਜੇ ਨਿਸ਼ਾਨ ਸਿੰਘ ਦੀ ਕਾਰ ਵਿੱਚ ਬਲਜੀਤ ਸਿੰਘ ਦੇ ਘਰੋਂ ਸਰੂਪ ਲਿਆਂਦੇ ਗਏ। ਰਿਪੋਰਟ ਦੇ ਤੱਥਾਂ ਅਨੁਸਾਰ ਕਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜੇ ਗਏ। ਸੰਨੀ, ਨਿਸ਼ਾਨ ਤੇ ਭੋਲੇ ਨੇ ਪਵਿੱਤਰ ਅੰਗ ਖਿਲਾਰ ਦਿੱਤੇ। ਕੁਝ ਅੰਗ ਪ੍ਰਦੀਪ ਕੁਮਾਰ ਨੂੰ ਖਿਲਾਰਨ ਲਈ ਦਿੱਤੇ ਪਰ ਉਸ ਨੇ ਇਹ ਅੰਗ ਰਜਵਾਹੇ ਵਿਚ ਜਲ ਪ੍ਰਵਾਹ ਕਰ ਦਿੱਤੇ।
ਇਸੇ ਦੌਰਾਨ ਜਦੋਂ ਪੂਰੇ ਪੰਜਾਬ ਵਿੱਚ ਰੋਸ ਵਜੋਂ ਧਰਨੇ ਮੁਜ਼ਾਹਰੇ ਹੋਣ ਲੱਗੇ ਤਾਂ 26-27 ਅਕਤੂਬਰ 2015 ਨੂੰ ਹਰਸ਼ ਧੂਰੀ ਦੇ ਆਦੇਸ਼ਾਂ 'ਤੇ ਬਿੱਟੂ ਨੇ ਦੋ ਡੇਰਾ ਪੈਰੋਕਾਰਾਂ ਨੂੰ ਬਾਕੀ ਬਚਦੇ ਅੰਗ ਉਸ ਤੱਕ ਪਹੁੰਚਾਉਣ ਲਈ ਆਖਿਆ। ਬਿੱਟੂ ਨੇ ਆਪਣੇ ਬਚਾਅ ਲਈ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਆਪਣੀ ਬੇਕਰੀ ਦੀ ਭੱਠੀ ਵਿੱਚ ਜਲਾ ਦਿੱਤੀ ਅਤੇ ਬਾਕੀ ਬਚਦਾ ਸਰੂਪ ਡਰੇਨ ਵਿੱਚ ਸੁੱਟ ਦਿੱਤਾ। ਜਾਂਚ ਟੀਮ ਦੇ ਮੁਖੀ ਡੀਆਈਜੀ ਰਣਬੀਰ ਸਿੰਘ ਖੱਟੜਾ ਨੇ ਤੱਥਾਂ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਮੁਕੰਮਲ ਰਿਪੋਰਟ ਪੁਲੀਸ ਮੁਖੀ ਰਾਹੀਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਅਤੇ ਸੀਬੀਆਈ ਨੂੰ ਸੌਂਪ ਦਿੱਤੀ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630
6120 Faith Home Rd Ceres, CA 95307
TAX ID #32-0065398
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
TOLL FREE 888.725.7441 OFFICE : 209.537.0975 FAX : 209.537.0375

# ਨਸ਼ਿਆਂ ਦੇ ਚੱਕਰਵਿਊ 'ਚ ਫਸੇ ਪੰਜਾਬ ਦਾ ਦੁਖਾਂਤ

ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916



ਪੰਜਾਬ ਨਸ਼ਿਆਂ ਦੇ ਚੱਕਰਵਿਊ ਵਿਚ ਬੁਰੀ ਤਰ੍ਹਾਂ ਫਸ ਚੁੱਕਾ ਹੈ। ਪੰਜਾਬ ਦੇ ਗੱਭਰੂ ਅਫੀਮ, ਹੈਰੋਇਨ ਅਤੇ ਕੋਕੀਨ ਵਰਗੇ ਨਸ਼ੇ ਦਾ ਸ਼ਿਕਾਰ ਹੋ ਰਹੇ ਹਨ। ਨਸ਼ੇੜੀ ਨੌਜਵਾਨ ਜੋ ਡਰੱਗ ਕਾਰਨ ਮਰ ਰਹੇ ਹਨ, ਉਹ ਹਾਥੀ ਨੂੰ ਬੇਹੋਸ਼ ਕਰਨ ਵਾਲੀ ਦਵਾਈ ਦੀ ਵਰਤੋਂ ਕਰ ਰਹੇ ਹਨ, ਜਿਸ ਨਾਲ ਸਰੀਰ ਕਾਲਾ ਪੈ ਜਾਂਦਾ ਹੈ ਤੇ ਪਲਾਸਟਿਕ ਵਾਂਗ ਆਕੜ ਜਾਂਦਾ ਹੈ। ਜਦੋਂ ਮੌਤ ਹੋ ਜਾਂਦੀ ਹੈ ਤਾਂ ਉਹ ਪਲਾਸਟਿਕ ਬਣਿਆ ਸਰੀਰ ਅੱਗ ਨਾਲ ਵੀ ਨਹੀਂ ਸੜਦਾ। ਡਰੱਗ ਮੁਨਾਫਾ ਤੇ ਕਾਲੀ ਮਾਇਆ ਕਮਾਉਣ ਦਾ ਸੌਖਾ ਰਸਤਾ ਬਣ ਗਈ ਹੈ। ਹੈਰੋਇਨ ਦੀ ਵਰਤੋਂ ਕਰਨ ਵਾਲਾ ਇਕ ਸਖਸ਼ ਇਸ 'ਤੇ ਰੋਜਾਨਾ ਤਕਰੀਬਨ 1400 ਰੁਪਏ ਤੱਕ ਖਰਚ ਕਰ ਦਿੰਦਾ ਹੈ।

ਪੰਜਾਬ ਵਿਚ ਪਾਕਿਸਤਾਨ ਸਰਹੱਦ ਨਾਲ ਜੁੜੇ ਇਲਾਕਿਆਂ ਵਿਚ ਇਹ ਸਮੱਸਿਆ ਸਭ ਤੋਂ ਜ਼ਿਆਦਾ ਹੈ। ਇੱਥੋਂ ਅਫਗਾਨਿਸਤਾਨ ਤੋਂ ਪਾਕਿਸਤਾਨ ਦੇ ਰਸਤੇ ਹੁੰਦੇ ਹੋਏ ਭਾਰਤ ਵਿਚ ਹੈਰੋਇਨ ਦੀ ਸਮਗਲਿੰਗ ਕੀਤੀ ਜਾਂਦੀ ਹੈ। ਡਰੱਗ ਕਾਰਣ ਹੁਣੇ ਜਿਹੇ ਪੰਜਾਬ ਵਿਚ ਹੋਈਆਂ ਮੌਤਾਂ ਤੇ ਰਾਜਨੀਤਕ ਪਾਰਟੀਆਂ ਸਿਆਸਤ ਕਰ ਰਹੀਆਂ ਹਨ, ਪਰ ਕਿਸੇ ਵੀ ਸਿਆਸੀ ਨੇਤਾ ਨੇ ਪੰਜਾਬ ਦੀ ਡਰੱਗ ਸਮੱਸਿਆ ਤੇ ਪੰਜਾਬ ਦੇ ਦੁਖਾਂਤ ਦਾ ਹੱਲ ਨਹੀਂ ਦੱਸਿਆ। ਪੰਜਾਬ ਦੀ ਜ਼ਮੀਨੀ ਹਕੀਕਤ ਇਹ ਹੈ ਕਿ ਨਸ਼ੇ ਕਾਰਣ ਬਰਬਾਦ ਹੋਏ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮਕਬੂਲਪੁਰਾ ਨੂੰ 'ਵਿਧਵਾਵਾਂ ਦੀ ਬਸਤੀ' ਕਿਹਾ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਇੱਥੋਂ ਦੇ ਜ਼ਿਆਦਾਤਰ ਮਰਦਾਂ ਦੀ ਨਸ਼ੇ ਦੇ ਕਾਰਣ ਮੌਤ ਹੋ ਚੁੱਕੀ ਹੈ। ਕੈਪਟਨ ਸਰਕਾਰ ਤੇ ਪੁਲਸ ਵਿਭਾਗ ਇਕ ਪਾਸੇ ਨਸ਼ਾ ਸਮੱਗਲਰਾਂ ਦੀ ਸਪਲਾਈ ਲਾਈਨ ਤੋੜਨ ਦਾ ਦਾਅਵਾ ਕਰ ਰਿਹਾ ਹੈ ਤੇ ਦੂਜੇ ਪਾਸੇ ਲਗਾਤਾਰ ਡਰੱਗ ਸਮੱਗਲਰ ਆਪਣਾ ਕਾਲਾ ਕਾਰੋਬਾਰ ਫੈਲਾ ਰਹੇ ਹਨ ਤੇ ਪੰਜਾਬ ਦੀ ਨਸਲਕੁਸ਼ੀ ਦਾ ਕਾਰਨ ਬਣ ਰਹੇ ਹਨ। ਜੇਕਰ ਸਪਲਾਈ ਲਾਈਨ ਟੁੱਟ ਗਈ ਤਾਂ ਇਹ ਨਸ਼ੇ ਕਿੱਥੋਂ ਆ ਰਹੇ ਹਨ? ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਹਰ ਸਾਲ ਨਸ਼ੇ ਦਾ ਕਾਰੋਬਾਰ 2000 ਕਰੋੜ ਦੇ ਲਗਭਗ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਜਨਤਾ ਦੇ ਸਾਹਮਣੇ ਕਸਮ ਖਾਧੀ ਸੀ ਕਿ ਚਾਰ ਹਫਤਿਆਂ ਵਿਚ ਉਹ ਪੰਜਾਬ ਤੋਂ ਨਸ਼ਾ ਖਤਮ ਕਰ ਦੇਣਗੇ ਪਰ ਸੱਤਾ ਵਿਚ ਆਉਣ ਦੇ ਬਾਅਦ ਸਿਰਫ ਐੱਸ.ਟੀ.ਐੱਫ. ਬਣਾਉਣ ਦੇ ਬਾਅਦ ਸਰਕਾਰ ਨੇ ਹੋਰ ਕੁਝ ਨਹੀਂ ਕੀਤਾ। ਇਸ ਦੌਰਾਨ ਪਿਛਲੇ ਤਿੰਨ ਮਹੀਨਿਆਂ ਵਿਚ ਜਦ 70 ਤੋਂ ਜ਼ਿਆਦਾ ਮੌਤਾਂ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਸਨ। ਟਾਸਕ ਫੋਰਸ ਵੱਲੋਂ ਪਿਛਲੇ ਦੋ ਮਹੀਨਿਆਂ ਵਿੱਚ ਜਿੱਥੇ ਅੰਦਾਜ਼ਨ 6 ਹਜ਼ਾਰ ਤਸਕਰਾਂ ਦੀ ਗ੍ਰਿਫ਼ਤਾਰੀ ਕੀਤੀ ਗਈ, ਉੱਥੇ ਹੀ 4700 ਕੇਸ ਵੀ ਦਰਜ ਕੀਤੇ ਗਏ। ਪਿਛਲੇ 15 ਮਹੀਨੇ ਵਿਚ ਸੂਬੇ ਭਰ ਤੋਂ ਪੁਲਸ ਨੇ 337 ਕਿਲੋਗ੍ਰਾਮ ਹੈਰੋਇਨ ਫੜੀ ਹੈ ਜਿਸ ਦੀ ਕੌਮਾਂਤਰੀ ਕੀਮਤ 1885 ਕਰੋੜ ਰੁਪਏ ਹੈ ਪਰ ਇਸ ਮਾਮਲੇ ਵਿਚ ਵੱਡਾ ਸਮੱਗਲਰ ਗ੍ਰਿਫ਼ਤਾਰ ਨਹੀਂ ਹੋਇਆ। ਪੁਲੀਸ ਨੂੰ ਇਸ ਨਸ਼ਾ ਸਮੱਗਲਿੰਗ ਪਿੱਛੇ ਕਾਲਿਆਂ ਦਾ ਵੱਡਾ ਹੱਥ ਦਿਖਾਈ ਦਿੱਤਾ ਹੈ। ਇਹ ਵਿਦੇਸ਼ੀ ਨਾਗਰਿਕ ਸਟੱਡੀ ਵੀਜ਼ੇ 'ਤੇ ਪੰਜਾਬ ਆਉਂਦੇ ਹਨ ਤੇ ਦੁਆਬੇ ਦੀ ਇਕ ਯੂਨੀਵਰਸਿਟੀ ਵਿਚ ਦਾਖਲਾ ਲੈ ਰਹੇ ਹਨ। ਪੰਜਾਬ ਪੁਲੀਸ ਨੇ ਬੀਤੇ ਦੋ ਸਾਲਾਂ ਦੇ ਦੌਰਾਨ ਪੰਜਾਬ ਦੇ ਅੰਦਰ ਨਸ਼ਾ ਸਪਲਾਈ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਦ ਕਿ ਇਸ ਸਾਲ ਜੂਨ ਮਹੀਨੇ ਤੱਕ ਪੁਲੀਸ ਨੇ 24 ਵਿਦੇਸ਼ੀ ਨਾਗਰਿਕਾਂ ਨੂੰ ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ।

## ਚੀਨ ਦਾ ਇਨਕਲਾਬ ਤੇ ਨਸ਼ੇ

ਅਸੀਂ ਯਾਦ ਕਰਵਾ ਦੇਈਏ ਕਿ 1949 ਦੇ ਇਨਕਲਾਬ ਤੋਂ ਪਹਿਲਾਂ ਚੀਨ ਵਿੱਚ ਨਸ਼ਾਖੋਰੀ ਦੀ ਹਾਲਤ ਇਹ ਸੀ ਕਿ 7 ਕਰੋੜ ਲੋਕ ਅਫੀਮ, ਤੇ ਹੈਰੋਇਨ ਦੇ ਆਦੀ ਸਨ। ਇਸ ਸਭ ਦਾ ਨਤੀਜਾ ਇਹ ਸੀ ਕਿ ਲੋਕ ਨਸ਼ੇ ਖਾਤਰ ਆਪਣੇ ਬੱਚਿਆਂ ਤੱਕ ਨੂੰ ਵੇਚ ਰਹੇ ਸਨ, ਔਰਤਾਂ ਨੂੰ ਵੇਸਵਾਗਮਨੀ ਲਈ ਮਜਬੂਰ ਸੀ। ਚੀਨ ਉੱਪਰ ਨਸ਼ਾ ਯੂਰਪ ਅਤੇ ਅਮਰੀਕਾ ਦੇ ਬਸਤੀਵਾਦੀਆਂ ਦੁਆਰਾ ਥੋਪਿਆ ਗਿਆ ਸੀ।

ਇੱਥੇ ਜ਼ਿਕਰਯੋਗ ਹੈ ਕਿ ਪ੍ਰਾਚੀਨ ਕਾਲ ਤੋਂ ਚੀਨ ਇਕ ਅਮੀਰ ਅਤੇ ਵਪਾਰਕ ਦੇਸ ਮੰਨਿਆ ਜਾਂਦਾ ਰਿਹਾ ਹੈ। ਚੀਨ ਨੇ ਸਿਲਕ ਅਤੇ ਚਾਹ ਦਾ ਨਿਰਯਾਤ ਕਰਕੇ ਯੂਰਪ ਦੇ ਬਜ਼ਾਰਾਂ ਵਿਚ ਆਪਣਾ ਪ੍ਰਭਾਵ ਜਮਾ ਲਿਆ ਸੀ। ਇਸ ਲਈ ਉਸ ਨੂੰ ਬਾਹਰੀ ਦੁਨੀਆਂ ਸਮਾਨ ਦੀ ਖਰੀਦਦਾਰੀ ਦੀ ਕੋਈ ਜ਼ਰੂਰਤ ਨਹੀਂ ਸੀ। ਇਸ ਲਈ ਬਦਲੇ ਵਿਚ ਉਹ ਚਾਂਦੀ ਦੇ ਸਿੱਕੇ ਹੀ ਲੈਂਦੇ ਸਨ। ਕਿਹਾ ਜਾਂਦਾ ਹੈ ਕਿ ਇਕ ਵਾਰ ਬ੍ਰਿਟੇਨ ਦੇ ਰਾਜਾ ਨੇ ਚੀਨ ਦੀ ਚਾਹ ਪੀਤੀ ਤਾਂ ਉਸ ਨੂੰ ਬਹੁਤ ਚੰਗਾ ਲੱਗਾ ਤੇ ਦੇਖਦੇ ਦੇਖਦੇ ਇੰਗਲੈਂਡ ਵਿਚ ਵੀ ਇਸ ਦੀ ਮੰਗ ਵਧ ਗਈ। ਇਸ ਨਾਲ ਵਿਉਪਾਰਕ ਸੰਤੁਲਨ ਵਿਗੜ ਗਿਆ। ਅੰਤ ਵਿਚ ਉਸ ਨੂੰ ਅਫੀਮ ਦੇ ਰੂਪ ਵਿਚ ਜਾਦੂ ਦਾ ਚਿਰਾਗ ਹੱਥ ਲੱਗਿਆ। ਈਸਟ ਇੰਡੀਆ ਕੰਪਨੀ ਨੇ 1773 ਈਸਵੀ ਦੌਰਾਨ ਭਾਰਤ ਵਿੱਚੋਂ ਅਫ਼ੀਮ ਦਰਾਮਦ ਕਰਕੇ ਚੀਨੀ ਵਿਉਪਾਰੀਆਂ ਨੂੰ ਵਿਸ਼ਵਾਸ ਵਿਚ ਲੈ ਕੇ ਚੀਨ ਵਿੱਚ ਵੇਚਣੀ ਸ਼ੁਰੂ ਕਰ ਦਿੱਤੀ। ਸੰਘਾਈ ਦੇ ਬੰਦਰਗਾਹ ਵਿਚ ਉਸ ਦੇ ਵੱਡੇ ਵੱਡੇ ਜਹਾਜ਼ ਭੇਜਣੇ ਸ਼ੁਰੂ ਕਰ ਦਿੱਤੇ। ਇਸ ਕਾਰਣ ਬ੍ਰਿਟੇਨ ਦੀ ਵਿਉਪਾਰਕ ਸਥਿਤੀ ਮਜ਼ਬੂਤ ਹੋ ਗਈ। ਵੱਡੇ ਵੱਡੇ ਵਿਉਪਾਰੀਆਂ ਨੇ ਰਿਟੇਲ ਵਿਉਪਾਰੀਆਂ ਰਾਹੀਂ ਪਿੰਡਾਂ ਵਿਚ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਉਨੀਵੀਂ ਸਦੀ ਦੇ ਪਹਿਲੇ ਚਾਰ ਦਹਾਕਿਆਂ ਵਿੱਚ ਚੀਨ ਵਿੱਚ ਵੇਚੀ ਜਾਂਦੀ ਅਫ਼ੀਮ ਦੇ ਵਪਾਰ ਵਿੱਚ ਦਸ ਗੁਣਾਂ ਵਾਧਾ ਹੋ ਗਿਆ।

ਨਸ਼ੇ ਦੀ ਲਤ ਲਗਦੇ ਹੀ ਚੀਨੀ ਆਪਣੇ ਚਾਂਦੀ ਦੇ ਸਿੱਕੇ ਵੇਚਣ ਲੱਗੇ। ਤਕਰੀਬਨ ਦਸ ਮਿਲੀਅਨ ਚੀਨੀ ਇਸ ਅਫੀਮ ਦੇ ਨਸ਼ੇ ਵਿਚ ਫਸ ਗਏ। ਨਸ਼ਿਆਂ ਕਾਰਣ ਲੋਕ ਸਰੀਰਕ ਤੇ ਮਾਨਸਿਕ ਤੌਰ 'ਤੇ ਬੇਕਾਰ ਹੋ ਗਏ ਅਤੇ ਆਰਥਿਕ ਤੌਰ 'ਤੇ ਉਜੜ ਗਏ।

1839 ਦੌਰਾਨ ਜਦ ਸਥਿਤੀ ਅਤਿਅੰਤ ਭਿਆਨਕ ਹੋ ਗਈ ਤਦ ਤਤਕਾਲੀਨ ਸਮਰਾਟ ਨੇ ਇਸ 'ਤੇ ਡੂੰਘਾਈ ਨਾਲ ਵਿਚਾਰ ਕਰਨ ਦੇ ਲਈ ਆਪਣੇ ਸਭ ਤੋਂ ਕਾਬਲ ਅਧਿਕਾਰੀ ਲਿਨ-ਤਸੇ-ਸ਼ੂ ਨੂੰ ਕੈਂਟਨ ਨੂੰ ਸੰਘਾਈ ਭੇਜਿਆ। ਉਸ ਨੇ ਬੰਦਰਗਾਹ ਤੋਂ ਤਕਰੀਬਨ ਵੀਹ ਹਜ਼ਾਰ ਪੇਟੀ (1200 ਟਨ) ਅਰਥਾਤ 2.66 ਮਿਲੀਅਨ ਪਾਉਂਡ ਦੀ ਅਫੀਮ ਬਿਨਾਂ ਕੋਈ ਮੁਆਵਜ਼ਾ ਦਿੱਤੇ ਜ਼ਬਤ ਕਰ ਲਿਆ। ਵਿਉਪਾਰ 'ਤੇ ਪਾਬੰਦੀ ਲਗਾ ਦਿੱਤੀ ਤੇ ਉਸ ਦੇ ਅਧਿਕਾਰੀਆਂ ਨੂੰ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ। ਓਧਰ ਬਰਤਾਨਵੀ ਅਫ਼ਸਰ ਈਲੀਅਟ ਨੇ ਇਸ ਕਾਰਵਾਈ ਦਾ ਬਦਲਾ ਲੈਣ ਦੀ ਧਮਕੀ ਦਿੱਤੀ। ਇਸ 'ਤੇ ਖਿੱਚੋਤਾਣ ਇੰਨੀ ਵਧ ਗਈ ਕਿ ਬਰਤਾਨਵੀ ਪ੍ਰਧਾਨ ਮੰਤਰੀ ਪਾਮਸਟਰਨ ਨੇ ਗੁਲਾਮ ਭਾਰਤ ਵਿੱਚੋਂ ਜਹਾਜ਼ ਅਤੇ ਫ਼ੌਜੀ ਚੀਨ 'ਤੇ ਹਮਲਾ ਕਰਨ ਲਈ ਭੇਜ ਦਿੱਤੇ। ਉਨ੍ਹਾਂ ਨੇ 1839 ਈਸਵੀਂ ਦੌਰਾਨ ਕੈਂਟਨ ਨੂੰ ਘੇਰ ਕੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਇੰਗਲੈਂਡ ਦਾ ਸਾਥ ਆਇਰਲੈਂਡ ਨੇ ਦਿੱਤਾ। ਬਰਤਾਨੀਆਂ ਨੂੰ ਦੂਜੇ ਪੱਛਮੀ ਮੁਲਕਾਂ ਕੋਲੋਂ ਫ਼ੌਜੀ ਸਹਾਇਤਾ ਮਿਲੀ ਸੀ। ਅੰਤ ਚੀਨੀ ਫ਼ੌਜ ਤੇ ਸਰਕਾਰ ਕੁਝ ਹਜ਼ਾਰਾਂ ਬਰਤਾਨਵੀ ਲੜਾਕਿਆਂ ਦੀ ਫ਼ੌਜ ਤੋਂ ਹਾਰ ਗਈ ਅਤੇ 29 ਅਗਸਤ 1842 ਈਸਵੀ ਦੌਰਾਨ ਬ੍ਰਿਟਿਸ਼ ਨੇ ਚੀਨ ਦੇ ਨਾਲ ਨਾਨਜਿੰਗ ਵਿਚ ਇਕ ਸੰਧੀ ਕੀਤੀ, ਜੋ ਇਸ ਪ੍ਰਕਾਰ ਸੀ :

ਕੈਂਟਨ ਦੇ ਨਾਲ-ਨਾਲ ਚਾਰ ਹੋਰ ਬੰਦਰਗਾਹਾਂ ਇੰਗਲੈਂਡ ਲਈ ਖੋਲ੍ਹ ਦਿੱਤੀਆਂ। ਹਾਂਗ-ਕਾਂਗ ਦਾ ਟਾਪੂ ਬਰਤਾਨੀਆ ਨੂੰ ਸੌਂਪ ਦਿੱਤਾ। ਉਸ ਸਮੇਂ ਦੌਰਾਨ ਦੋਨਾਂ ਸਰਕਾਰਾਂ ਨੇ ਸਮਝੌਤਾ ਕੀਤਾ ਸੀ ਕਿ ਇਕ ਜੁਲਾਈ 1997 ਨੂੰ ਹਾਂਗਕਾਂਗ ਕੁਝ ਸ਼ਰਤਾਂ ਦੇ ਨਾਲ ਚੀਨ ਨੂੰ ਸੌਂਪ ਦਿੱਤਾ ਜਾਵੇਗਾ। ਦਰਾਮਦ ਬਰਾਮਦ 'ਤੇ ਚੀਨੀਆਂ ਲਈ ਪੰਜ ਫ਼ੀਸਦੀ ਟੈਕਸ ਲਾ ਦਿੱਤਾ। ਸਦੀਆਂ ਤੋਂ ਏਕਾਧਿਕਾਰ ਪ੍ਰਾਪਤ ਵਪਾਰਕ ਜਥੇਬੰਦੀਆਂ ਕੋ-ਹਾਂਗ ਨੂੰ ਭੰਗ ਕਰ ਦਿੱਤਾ। ਕੂਟਨੀਤਕ ਸਮਾਨਤਾ ਲਾਗੂ ਕਰ ਦਿੱਤੀ। ਅੰਗਰੇਜ਼ਾਂ ਨੂੰ ਉਨ੍ਹਾਂ ਦੇ ਆਪਣੇ ਹੀ ਕਾਨੂੰਨਾਂ ਤਹਿਤ ਮੁਕੱਦਮੇ ਚਲਾਉਣ ਦਾ ਅਧਿਕਾਰ ਦੇ ਦਿੱਤਾ। ਬਰਤਾਨੀਆ ਨੇ ਚੀਨ ਕੋਲੋਂ ਦੋ ਕਰੋੜ ਦਸ ਲੱਖ ਡਾਲਰ ਹਰਜਾਨੇ ਵਜੋਂ ਲਏ। ਚੀਨ 'ਤੇ ਇਹ ਸ਼ਰਤ ਵੀ ਲਾਈ ਗਈ ਕਿ ਉਹ ਜਿਹੜੀਆਂ ਸੁੱਖ ਸਹੂਲਤਾਂ ਕਿਸੇ ਦੂਜੇ ਦੇਸ਼ ਨੂੰ ਦੇਵੇਗਾ ਬਰਤਾਨੀਆ ਨੂੰ ਉਹ ਆਪਣੇ ਆਪ ਪ੍ਰਾਪਤ ਹੋ ਜਾਣਗੀਆਂ। ਸੰਧੀ ਤੋਂ ਬਾਅਦ ਇੰਗਲੈਂਡ ਦੇ ਹੌਸਲੇ ਏਨੇ ਵਧ ਗਏ ਸਨ ਕਿ ਉਹ ਚੀਨ ਵਿਚ ਮਨਮਾਨੀਆਂ ਕਰਨ ਲੱਗ ਪਏ ਸਨ। ਜਦ ਚੀਨੀ ਅਧਿਕਾਰੀਆਂ ਨੇ ਉਨ੍ਹਾਂ ਦੇ ਐਰੋ ਨਾਮਕ ਜਹਾਜ਼ ਦੀ ਤਲਾਸ਼ੀ ਲਈ ਤਾਂ ਅਫੀਮ ਵੱਡੇ ਪੱਧਰ 'ਤੇ ਬਰਾਮਦ ਹੋਈ।

ਇਸ ਦੇ ਕਾਰਣ ਦੂਸਰਾ ਅਫੀਮ ਯੁੱਧ ਹੋਇਆ ਜਿਸ ਵਿਚ ਬ੍ਰਿਟੇਨ ਦਾ ਸਾਥ ਫਰਾਂਸ, ਰੂਸ ਅਤੇ ਅਮਰੀਕਾ ਨੇ ਦਿੱਤਾ ਸੀ। ਸੰਨ 1858 ਦੀ ਸੰਧੀ ਦੇ ਅਨੁਸਾਰ ਚੀਨ ਨੇ ਹੋਰ ਗਿਆਰਾਂ ਪੋਰਟ ਖੋਲ੍ਹ ਦਿੱਤੇ ਅਤੇ ਇਸਾਈ ਮਿਸ਼ਨਰੀਆਂ ਨੂੰ ਵੀ ਆਪਣੀ ਸਰਜਮੀ ਵਿਚ ਆਉਣ ਦਾ ਅਧਿਕਾਰ ਦੇ ਦਿੱਤਾ, ਨਾਲ ਹੀ ਅਫ਼ੀਮ ਦੇ ਵਪਾਰ ਨੂੰ ਮਾਨਤਾ ਦੇ ਦਿੱਤੀ ਗਈ। ਦੋਨਾਂ ਯੁੱਧਾਂ ਵਿਚ ਚੀਨ ਨੂੰ ਬੇਹੱਦ ਬੇਇੱਜ਼ਤ ਹੋ ਕੇ ਹਾਰ ਦਾ ਸਾਹਮਣਾ ਕਰਨਾ ਪਿਆ। ਮਾਂਚੂ ਇੰਗਲੈਂਡ ਤੇ ਹੋਰ ਪੱਛਮੀ ਦੇਸਾਂ ਦੇ ਕਠਪੁਤਲੀਆਂ ਬਣ ਕੇ ਰਹਿ ਗਏ ਸਨ। ਨਤੀਜੇ ਵਜੋਂ ਚੀਨ ਦਾ ਰਾਜਤੰਤਰ ਖੋਖਲਾ ਹੁੰਦਾ ਗਿਆ। ਇੱਥੋਂ ਤੱਕ ਕਿ ਫ਼ੌਜੀਆਂ ਨੂੰ ਦੇਣ ਦੇ ਲਈ ਚਾਂਦੀ ਦੇ ਸਿੱਕੇ ਨਹੀਂ ਸਨ। ਜਨਤਾ ਵਿਚ ਵਿਦਰੋਹ ਫੈਲ ਰਿਹਾ ਸੀ। ਸੰਨ 1849 ਦੌਰਾਨ ਕਵਾਂਗ-ਤੁੰਗ ਇਲਾਕੇ ਵਿੱਚ ਭਿਅੰਕਰ ਕਾਲ ਦਾ ਸਾਹਮਣਾ ਕਰਨਾ ਪਿਆ। ਪਰ ਮਾਂਚੂਆਂ ਨੇ ਲੋਕਾਂ ਦੇ ਹਿੱਤ ਵਿਚ ਕੋਈ ਉਪਰਾਲਾ ਨਾ ਕੀਤਾ, ਜਿਸ ਕਰਕੇ ਲੋਕ ਬਗਾਵਤ 'ਤੇ ਉਤਰ ਆਏ। ਇਸ ਮੌਕੇ ਹੁੰਗ ਸਿਊ ਚੁਆਨ ਨੇ ਲੋਕਾਂ ਦੀ ਅਗਵਾਈ ਕੀਤੀ। ਉਸ ਨੇ ਸ਼ਾਹੀ ਫ਼ੌਜਾਂ ਨੂੰ ਹਰਾ ਕੇ ਵਿਸ਼ਾਲ ਇਲਾਕੇ 'ਤੇ ਕਬਜ਼ਾ ਕਰ ਲਿਆ ਤੇ ਆਪਣੀ ਹਕੂਮਤ ਕਾਇਮ ਕੀਤੀ। ਉਸ ਨੇ ਲੋਕ ਹਿੱਤਾਂ ਦੇ ਲਈ ਜ਼ਮੀਨ ਦੀ ਵੰਡ ਜੀਆਂ ਅਨੁਸਾਰ ਕੀਤੀ, ਸਮਾਨਤਾ 'ਤੇ ਬਲ ਦਿੱਤਾ, ਪਰ ਮਾਂਚੂ ਹਾਕਮਾਂ ਨੇ ਪੱਛਮੀ ਦੇਸ਼ਾਂ ਨਾਲ ਮਿਲ ਕੇ ਤਾਇਪਿੰਗ ਬਗਾਵਤ ਨੂੰ ਕੁਚਲ ਦਿੱਤਾ।

ਇਸ ਤੋਂ ਬਾਅਦ 'ਬਾਕਸਰ ਬਗਾਵਤ' ਹੋਈ, ਕਿਉਂਕਿ ਲੋਕਾਂ ਤੇ ਕਿਸਾਨਾਂ ਦੀ ਹਾਲਤ ਮੰਦੀ ਹੋ ਚੁੱਕੀ ਸੀ ਤੇ ਬੇਰੁਜ਼ਗਾਰੀ ਵੱਡੇ ਪੱਧਰ 'ਤੇ ਫੈਲ ਗਈ ਸੀ। ਇਨ੍ਹਾਂ ਦਾ ਨਾਅਰਾ ਸੀ 'ਮਾਂਚੂਆਂ ਨੂੰ ਹਟਾਓ-ਵਿਦੇਸ਼ੀਆਂ ਨੂੰ ਭਜਾਓ' ਪਰ ਜਦੋਂ ਵਿਦੇਸ਼ੀਆਂ ਵਿਰੁੱਧ ਇਨ੍ਹਾਂ ਨੂੰ ਮਾਂਚੂਆਂ ਦੀ ਹਮਾਇਤ ਮਿਲਣ ਲੱਗੀ ਤਾਂ ਇਹ ਵਿਦੇਸ਼ੀਆਂ ਦੇ ਵਿਨਾਸ਼ ਤੇ ਮਾਂਚੂਆਂ ਦੀ ਸੁਰੱਖਿਆ ਦਾ ਦਮ ਭਰਨ ਲੱਗੇ। 19ਵੀਂ ਸਦੀ ਤਕ ਇਨ੍ਹਾਂ ਦੀ ਬਗਾਵਤ ਪੀਕਿੰਗ ਤਕ ਫੈਲ ਗਈ। ਇਨ੍ਹਾਂ ਨੇ ਇੱਕ ਦਿਨ ਵਿੱਚ 250 ਵਿਦੇਸ਼ੀ ਮਾਰ ਮੁਕਾਏ। ਇਸ ਸਥਿਤੀ ਤੋਂ ਚੀਨ ਸਰਕਾਰ ਨੂੰ ਤਾਕਤ ਮਿਲੀ ਤੇ ਉਹਨੇ ਯੁੱਧ ਦਾ ਐਲਾਨ ਕਰ ਦਿੱਤਾ ਤੇ ਨਾਲ ਹੀ ਵਿਦੇਸ਼ੀਆਂ ਨੂੰ ਪੀਕਿੰਗ ਛੱਡ ਜਾਣ ਦਾ ਹੁਕਮ ਦੇ ਦਿੱਤਾ।

ਇਸ ਬਗਾਵਤ ਨੂੰ ਕੁਚਲਣ ਲਈ ਇੰਗਲੈਂਡ ਦੇ ਨਾਲ-ਨਾਲ ਅਮਰੀਕਾ, ਜਾਪਾਨ ਤੇ ਰੂਸ ਨੇ ਚੀਨ 'ਤੇ ਹਮਲਾ ਕਰ ਦਿੱਤਾ। ਇਸ ਯੁੱਧ ਵਿੱਚ 15000 ਚੀਨੀ ਮਾਰੇ ਗਏ। ਇਸ ਯੁੱਧ ਤੋਂ ਬਾਅਦ ਫਿਰ ਇੱਕ ਸੰਧੀ ਹੋਈ ਜਿਸ ਨੂੰ 'ਬਾਕਸਰ ਪ੍ਰੋਟੋਕੋਲ' ਕਿਹਾ ਜਾਂਦਾ ਹੈ। ਇਸ ਅਨੁਸਾਰ ਚੀਨੀ ਸਰਕਾਰ ਨੂੰ ਤੇਤੀ ਕਰੋੜ ਡਾਲਰ ਦਾ ਹਰਜਾਨਾ ਭਰਨ ਲਈ ਕਿਹਾ ਗਿਆ ਜੋ ਕਿ ਬਾਰਾਂ ਦੇਸ਼ਾਂ ਵਿਚ ਵੰਡਿਆ ਗਿਆ। ਬਾਗ਼ੀਆਂ ਨੂੰ ਨੌਕਰੀ ਵਿੱਚੋਂ ਕੱਢਣ ਦੇ ਹੁਕਮ ਦਿੱਤੇ ਗਏ ਤੇ ਬਹੁਤ ਸਾਰਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਦੂਤਘਰਾਂ ਦੀ ਰਾਖੀ ਲਈ ਵਿਦੇਸ਼ੀ ਫ਼ੌਜਾਂ ਨੂੰ ਪੀਕਿੰਗ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ। 'ਤਿੰਤਸਿਨ ਵਿਦੇਸ਼ੀ ਕਬਜ਼ੇ ਵਿੱਚ ਹੋ ਗਿਆ। ਦੋ ਵਰ੍ਹਿਆਂ ਤਕ ਚੀਨ ਵਿੱਚ ਹਰ ਤਰ੍ਹਾਂ ਦੇ ਬਾਰੂਦ ਤੇ ਗੋਲੀ ਸਿੱਕੇ ਨੂੰ ਬਰਾਮਦ ਕਰਨ ਤੇ ਬਣਾਉਣ 'ਤੇ ਪਾਬੰਦੀ ਲਾ ਦਿੱਤੀ ਗਈ।

ਬਾਕਸਰ ਇਨਕਲਾਬ ਦੇ ਫੇਲ੍ਹ ਹੋ ਜਾਣ ਤੋਂ ਬਾਵਜੂਦ ਚੀਨ ਨੇ ਹਿੰਮਤ ਨਾ ਹਾਰੀ ਤੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤਕ ਹਾਕਮਾਂ ਨੇ ਸੁਧਾਰ ਕੀਤੇ। ਚੀਨ ਦੀ ਰਾਜਮਾਤਾ ਤਸੂਸ਼ੀ ਨੇ ਮੌਤ ਤੋਂ ਕੁਝ ਵਰ੍ਹੇ ਪਹਿਲਾਂ ਸਿੱਖਿਆ ਦੇ ਖੇਤਰ ਨੂੰ ਮਜ਼ਬੂਤ ਬਣਾਇਆ ਤੇ ਅਫ਼ੀਮ ਦੇ ਉਤਪਾਦਨ, ਵਪਾਰ ਤੇ ਵਰਤੋਂ 'ਤੇ ਕੰਟਰੋਲ ਕੀਤਾ। ਪਰ ਸੰਨ 1908 ਦੌਰਾਨ ਇੱਕ ਦਿਨ ਦੇ ਵਕਫ਼ੇ ਨਾਲ ਸਮਰਾਟ ਕੁਆਂਗ-ਸ਼ੂ ਤੇ ਰਾਜ ਮਾਤਾ ਦੋਵੇਂ ਚਲ ਵਸੇ। ਉਨ੍ਹਾਂ ਦੀ ਮੌਤ ਨਾਲ ਰਾਜਨੀਤਕ ਖਲਾਅ ਪੈਦਾ ਹੋ ਗਿਆ। ਸੰਨ 1909 ਵਿੱਚ ਚੀਨ ਵਿੱਚ ਪਹਿਲੀ ਵਾਰ ਆਮ ਚੋਣਾਂ ਹੋਈਆਂ ਤੇ ਸੂਬਿਆਂ ਦੀਆਂ ਅਸੈਂਬਲੀਆਂ ਤੋਂ ਬਾਅਦ ਕੇਂਦਰੀ ਅਸੈਂਬਲੀ ਹੋਂਦ ਵਿੱਚ ਆਈ।

ਭਾਵੇਂ ਕੁਝ ਹੋਰ ਆਗੂਆਂ ਨੇ ਵੀ ਚੀਨ ਵਿਚ ਇਨਕਲਾਬ ਲਿਆਉਣ ਦੀ ਕੋਸ਼ਿਸ ਕੀਤੀ, ਪਰ 1 ਅਕਤੂਬਰ 1949 ਦੌਰਾਨ ਮਾਓ-ਜੇ-ਤੁੰਗ ਨੇ ਪੀਕਿੰਗ ਦੇ ਤਿੰਨ-ਐਨ-ਮਿੰਨ ਚੌਕ ਵਿਚ ਖੜ੍ਹੇ ਹੋ ਕੇ ਐਲਾਨ ਕੀਤਾ -'ਚੀਨੀ ਲੋਕ ਉਠ ਖੜ੍ਹੇ ਹਨ'। ਕੁੱਝ ਮਹੀਨਿਆਂ ਪਿੱਛੋਂ ਫਰਵਰੀ 24, 1950 ਨੂੰ ਸਰਕਾਰ ਵੱਲੋਂ ਅਫ਼ੀਮ ਤੇ ਅਫ਼ੀਮ ਨਾਲ ਸਬੰਧਿਤ ਨਸ਼ਿਆਂ ਦੀ ਮਨਾਹੀ ਦੇ ਹੁਕਮ 'ਤੇ ਸਹੀ ਪਾਈ ਗਈ ਤੇ ਡਰੱਗ ਸਮੱਗਲਰਾਂ ਨੂੰ ਫਾਂਸੀ ਤੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਅਫੀਮ ਨਸ਼ੇ ਦੇ ਸ਼ਿਕਾਰ ਲੋਕਾਂ ਨੂੰ ਡਾਕਟਰੀ ਸਹੂਲਤ ਮੁਹੱਈਆ ਕੀਤੀ ਗਈ ਤੇ ਉਹਨਾਂ ਨੂੰ ਨੌਕਰੀ ਦੀ ਪੇਸ਼ਕਸ਼ ਵੀ ਕੀਤੀ ਗਈ। ਬਰਾਮਦ ਸਾਰੀ ਇਕੱਠੀ ਹੋਈ ਅਫੀਮ ਨੂੰ ਜਨਤਕ ਤੌਰ 'ਤੇ ਸਾੜਿਆ ਗਿਆ। ਨਸ਼ੇ ਦਾ ਵਿਉਪਾਰ ਅਤੇ ਖੇਤੀ ਪੂਰੀ ਤਰ੍ਹਾਂ ਗੈਰ-ਕਾਨੂੰਨੀ ਕਰਾਰ ਦੇ ਦਿੱਤੀ ਗਈ। ਸੋ ਇਸ ਤਰ੍ਹਾਂ ਚੀਨ ਨੇ ਨਸ਼ਿਆਂ ਤੋਂ ਮੁਕਤੀ ਪਾ ਕੇ ਇਨਕਲਾਬ ਲਿਆਂਦਾ। ਚੀਨ ਦੇ ਹਰ ਮਿਊਜ਼ੀਅਮ ਵਿਚ ਅਫੀਮ ਯੁੱਧ ਦਾ ਜ਼ਿਕਰ ਹੈ, ਪਰ ਹੇਮੇਨ ਸ਼ਹਿਰ ਵਿਚ ਬਣਿਆ ਮਿਊਜ਼ੀਅਮ ਵਿਸ਼ਾਲ ਤੇ ਖੂਬਸੂਰਤ ਹੈ ਤੇ ਇਹ ਵੀ ਅਫੀਮ ਯੁੱਧ ਨੂੰ ਸਮਰਪਿਤ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਯਾਦ ਰੱਖ ਸਕਣ ਕਿ ਚੀਨ ਅਫੀਮ ਕਾਰਨ ਗੁਲਾਮ ਹੋਇਆ ਸੀ। ਇਸ ਤੋਂ ਜ਼ਾਹਿਰ ਹੈ ਕਿ ਗਾਂਧੀ ਦਾ ਫਾਰਮੂਲਾ ਪੰਜਾਬ ਦੀ ਨਸਲ ਤੇ ਪੰਜਾਬ ਦੀ ਧਰਤ ਨੂੰ ਉਜਾੜਨ ਵਾਲਾ ਹੈ ਤੇ ਇਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

### ਅਫੀਮ ਦੀ ਖੇਤੀ ਬਨਾਮ ਪੰਜਾਬ

ਹੁਣੇ ਜਿਹੇ ਪੰਜਾਬ ਦਾ ਐਮਪੀ ਧਰਮਵੀਰ ਗਾਂਧੀ ਪੰਜਾਬ ਦੇ ਮੁਖ ਮੰਤਰੀ ਕੈਪਟਨ ਨੂੰ ਮਿਲਣ ਤੋਂ ਬਾਅਦ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਬੀਤੇ ਦਿਨੀ ਮਿਲਕੇ ਇੱਕ ਤਜਵੀਜ਼ ਦਿੱਤੀ ਕਿ ਜੇਕਰ ਪੰਜਾਬ ਨੂੰ ਨਸ਼ੇ ਕਾਰਨ ਹੋ ਰਹੀਆਂ ਮੌਤਾਂ ਤੋਂ ਬਚਾਉਣਾ ਹੈ ਤਾਂ ਪੰਜਾਬ ਦੇ ਕਿਸਾਨਾਂ ਨੂੰ ਅਫੀਮ ਦੀ ਖੇਤੀ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਗਾਂਧੀ ਨੇ ਦੱਸਿਆ ਕਿ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਯਕੀਨ ਦਿਵਾਇਆ ਕਿ ਜੇਕਰ ਪੰਜਾਬ ਸਰਕਾਰ ਇਸ ਮਸਲੇ 'ਤੇ ਪਹਿਲਕਦਮੀ ਕਰਦੀ ਹੈ ਤਾਂ ਉਹ ਜ਼ਰੂਰ ਇਸ ਬਾਰੇ ਵਿਚਾਰ ਕਰਨਗੇ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਗਾਂਧੀ ਦੀ ਇਸ ਮੰਗ ਦਾ ਸਮਰਥਨ ਕੀਤਾ ਹੈ। ਅਸਲ ਵਿਚ ਪੰਜਾਬ ਵਿਚ ਨਸ਼ਿਆਂ ਦਾ ਕਾਰਨ ਬੇਰੁਜ਼ਗਾਰੀ, ਖੇਤੀਬਾੜੀ ਤੇ ਸਨਅਤ ਦੀ ਤਬਾਹੀ, ਬੰਜਰ ਮਨ ਤੇ ਬੰਜਰ ਪੰਜਾਬ ਹੈ। ਪਰ ਗਾਂਧੀ ਜੀ ਨਸ਼ਿਆਂ ਦਾ ਹੱਲ ਅਫੀਮ ਦੀ ਖੇਤੀ ਰਾਹੀਂ ਭਾਲਦੇ ਹਨ। ਇਕ ਨਸ਼ਾ ਛੁਡਾਉਣ ਲਈ ਕਿਸੇ ਨੂੰ ਦੂਜੇ ਨਸ਼ੇ 'ਤੇ ਲਾ ਦੇਣਾ ਸਮੱਸਿਆ ਦਾ ਕੋਈ ਹੱਲ ਨਹੀਂ ਹੈ। ਇਹ ਕਿਸ ਤਰ੍ਹਾਂ ਸੰਭਵ ਹੈ ਕਿ ਚਰਸ, ਚਿੱਟਾ, ਹੈਰਾਇਨ, ਕੋਕੀਨ ਖਾਣ ਵਾਲੇ ਅਫੀਮ ਖਾ ਕੇ ਖਤਰਨਾਕ ਨਸ਼ੇ ਛਡ ਦੇਣਗੇ? ਪਰ ਇਹ ਅਫੀਮ ਦੀ ਖੁੱਲ੍ਹੀ ਮੰਡੀ ਬਾਕੀ ਪੰਜਾਬੀਆਂ ਨੂੰ ਵੀ ਨਸ਼ੇੜੀ ਬਣਾਕੇ ਖਤਰਨਾਕ ਡਰੱਗ ਦੇ ਸੰਸਾਰ ਵਿਚ ਲੈ ਜਾਵੇਗੀ।

## ਕਰਜ਼ਈ ਪੰਜਾਬ



ਪੰਜਾਬ ਵਿਚ ਗੱਭਰੂਆਂ ਦੇ ਨਸ਼ਿਆਂ ਵਿਚ ਡੁੱਬ ਜਾਣ ਦਾ ਕਾਰਣ ਪੰਜਾਬ ਵਿਚ ਪਸਰ ਰਹੀ ਵੱਡੇ ਤੌਰ ’ਤੇ ਫੈਲ ਰਹੀ ਬੇਰੁਜ਼ਗਾਰੀ ਹੈ। ਪੰਜਾਬ ਦੀ ਸਨਅਤ ਤੇ ਕਿਸਾਨੀ ਤਬਾਹ ਹੋਣ ਕਾਰਣ ਪੰਜਾਬ ਆਰਥਿਕ ਤੌਰ ’ਤੇ ਬੁਰੀ ਤਰ੍ਹਾਂ ਕਮਜ਼ੋਰ ਹੋ ਰਿਹਾ ਹੈ ਤੇ ਨਤੀਜੇ ਵਜੋਂ ਰੁਜ਼ਗਾਰ ਦੀ ਘਾਟ ਮਹਿਸੂਸ ਹੋ ਰਹੀ ਹੈ। ਇਹ ਉਹੀ ਪੰਜਾਬ ਹੈ ਜੋ ਕਦੀ ਆਪਣੇ ਕਿਰਤੀ ਮਜ਼ਦੂਰਾਂ ਦੇ ਲਈ ਜਾਣਿਆ ਜਾਂਦਾ ਸੀ। ਇਸ ਨੇ 1960 ਤੋਂ 70 ਦੇ ਦਹਾਕੇ ਦੇ ਆਰੰਭਿਕ ਸਾਲਾਂ ਵਿਚ ਹਰੀ ਕ੍ਰਾਂਤੀ ਦੀ ਕਾਮਯਾਬੀ ਦੀਆਂ ਸ਼ੁਰੂਆਤੀ ਕਹਾਣੀਆਂ ਰਚੀਆਂ। ਸੰਨ 1980 ਈਸਵੀਂ ਦੇ ਦਹਾਕੇ ਦੇ ਬਾਅਦ ਪੰਜਾਬ ਦੇਸ ਦੇ ਸਭ ਤੋਂ ਜ਼ਿਆਦਾ ਪ੍ਰਤੀ ਵਿਅਕਤੀ ਆਮਦਨ ਵਾਲੇ ਸੂਬਿਆਂ ਵਿਚ ਸ਼ਾਮਲ ਰਿਹਾ। ਪਰ ਪਿਛਲੇ ਦੋ ਦਹਾਕਿਆਂ ਤੋਂ ਕੇਂਦਰ ਤੇ ਰਾਜ ਸਰਕਾਰ ਨੀਤੀਆਂ ਕਾਰਣ ਖੇਤੀ ਵਿਕਾਸ ਦਰ ਦੇ ਮਾਮਲੇ ਵਿਚ ਪੰਜਾਬ ਬਾਕੀ ਰਾਜਾਂ ਤੋਂ ਪੱਛੜਦਾ ਗਿਆ ਹੈ। ਪੰਜਾਬ ਵਿਚ ਖੇਤੀਬਾੜੀ ਲਾਹੇਵੰਦ ਧੰਦਾ ਨਹੀਂ ਰਿਹਾ, ਜਿਸ ਕਾਰਣ ਪੰਜਾਬ ਦੇ ਕਿਸਾਨ ਆਤਮ-ਹੱਤਿਆ ਕਰ ਰਹੇ ਹਨ। ਵੱਡੀ ਗੱਲ ਇਹ ਹੈ ਕਿ ਰਾਸਾਇਣਕ ਦਵਾਈਆਂ ਦੇ ਛਿੜਕਾਅ ਕਾਰਣ ਪੰਜਾਬ ਦੀ ਖੇਤੀਬਾੜੀ ਭੂਮੀ ਬੰਜਰ ਹੁੰਦੀ ਜਾ ਰਹੀ ਹੈ ਤੇ ਉਤਪਾਦਨ ਵੀ ਘਟਦਾ ਜਾ ਰਿਹਾ ਹੈ। ਸਭ ਤੋਂ ਉਪਜਾਊ ਜ਼ਮੀਨ ਦੇ ਬਲ ’ਤੇ ਭਾਰਤ ਦੇ ਕੇਂਦਰੀ ਖਾਦ ਭੰਡਾਰ ਵਿਚ 25% ਯੋਗਦਾਨ ਦੇਣ ਵਾਲੇ ਪੰਜਾਬ ਦੀ ਕੁਲ ਭੂਮੀ ਦਾ 85% ਹਿੱਸਾ ਬੈਂਕਾਂ ਦੇ ਕੋਲ ਗਿਰਵੀ ਹੈ। ਕੁੱਲ 41 ਲੱਖ ਹੈਕਟੇਅਰ ਜ਼ਮੀਨ ਵਿਚ 34.63 ਲੱਖ ਹੈਕਟੇਅਰ ਬੈਂਕਾਂ ਦੇ ਵਿਚ ਗਿਰਵੀ ਹੈ। ਛੋਟੇ ਵੱਡੇ ਜ਼ਮੀਨ ਮਾਲਕਾਂ ਨੇ ਇਸ ਦੇ ਬਦਲੇ ਵਿਚ ਬੈਂਕਾਂ ਤੋਂ 73,425,3 ਕਰੋੜ ਦਾ ਕਰਜ਼ ਲੈ ਰੱਖਿਆ ਹੈ। 37 ਹਜ਼ਾਰ ਕਰੋੜ ਦਾ ਕਰਜ਼ਾ ਚਲ ਸੰਪਤੀ ਨੂੰ ਗਿਰਵੀ ਰੱਖ ਕੇ ਲਿਆ ਗਿਆ ਹੈ। ਇਸ ਵਿਚ ਪੰਜਾਬ ਦੇ 6 ਲੱਖ ਵਿਚੋਂ 3.5 ਲੱਖ ਟਰੈਕਟਰ ਵੀ ਸ਼ਾਮਲ ਹਨ। ਪੰਜਾਬ ਦੀ ਜੀਡੀਪੀ ਵਿਚ 30% ਯੋਗਦਾਨ ਦੇਣ ਵਾਲੀ ਖੇਤੀ ਵਾਲੀ ਜ਼ਮੀਨ ਦਾ ਏਨਾ ਭਾਰੀ ਹਿੱਸਾ ਕਰਜ਼ ’ਤੇ ਹੋਣ ਦਾ ਅਰਥ ਹੈ ਕਿ ਪੂਰਾ ਪੰਜਾਬ ਦੀ ਗਿਰਵੀ ਹੈ। ਅੰਕੜਿਆਂ ਦੇ ਅਨੁਸਾਰ 57 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਜ਼ਮੀਨ ਨੂੰ ਕਮਰਸ਼ੀਅਲ ਰੂਪ ਵਿਚ ਗਿਰਵੀ ਰੱਖ ਕੇ ਲਿਆ ਗਿਆ ਹੈ। ਜਦ ਕਿ ਕਿਸਾਨ ਕ੍ਰੇਡਿਟ ਕਾਰਡ ਰਾਹੀਂ 19.80 ਲੱਖ ਕਿਸਾਨਾਂ ਨੇ 16 ਹਜ਼ਾਰ ਕਰੋੜ ਦਾ ਕਰਜ਼ਾ ਲੈ ਰੱਖਿਆ ਹੈ। 11 ਹਜ਼ਾਰ ਕਰੋੜ ਸਹਿਕਾਰੀ ਤੇ ਖੇਤਰੀ ਪੇਂਡੂ ਬੈਂਕਾਂ ਤੋਂ ਜਦ ਕਿ 5 ਹਜ਼ਾਰ ਕਰੋੜ ਰਾਸ਼ਟਰੀ ਬੈਂਕਾਂ ਤੋਂ ਇਸ ਤੋਂ ਇਲਾਵਾ ਸ਼ਾਹੂਕਾਰਾਂ ਆੜਤੀਆਂ ਤੋਂ ਵੀ ਜ਼ਮੀਨ ਗਿਰਵੀ ਰੱਖ ਕੇ 16,736 ਕਰੋੜ ਦਾ ਕਰਜ਼ਾ ਲਿਆ ਹੈ। ਵੱਡੀ ਗੱਲ ਇਹ ਹੈ ਕਿ ਜ਼ਿਆਦਾਤਰ ਕਿਸਾਨ ਇਸ ਕਰਜ਼ ਦਾ ਉਪਯੋਗ ਫਸਲ ਦੇ ਨਾਲ ਗੱਡੀ, ਵਿਆਹ ਤੇ ਬੇਟੇ ਨੂੰ ਵਿਦੇਸ਼ ਭੇਜਣ ਵਿਚ ਕਰ ਰਹੇ ਹਨ। ਹਾਲਾਂਕਿ ਕਈ ਕਿਸਾਨ ਮਜ਼ਬੂਰੀ ਵਿਚ ਵੀ ਕਰਜ਼ੇ ਲੈ ਰਹੇ ਹਨ। ਮਾਲਵੇ ਵਿਚ ਉਨ੍ਹਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਬੈਂਕ ਅਧਿਕਾਰੀ ਵੀ ਮੰਨਦੇ ਹਨ ਕਿ ਕਿਸਾਨ ਆਮਦਨ ਤੋਂ ਜ਼ਿਆਦਾ ਕਰਜ਼ੇ ਲੈ ਰਹੇ ਹਨ। ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਇਸ ਕਾਰਨ ਕੁਰਕ ਹੋਣ ਲੱਗੀਆਂ ਹਨ। ਕਿਸਾਨਾਂ ਨੂੰ ਇਸ ਕਾਰਨ ਜੇਲ੍ਹ ਜਾਣ ਦੀ ਨੌਬਤ ਆ ਗਈ ਹੈ।

## ਪੰਜਾਬੀ ਗਾਇਕਾਂ ਨੇ ਨਸ਼ਿਆਂ ਨੂੰ ਉਤਸ਼ਾਹਿਤ ਕੀਤਾ




ਪੰਜਾਬ ਵਿਚ ਜਿਵੇਂ ਜਿਵੇਂ ਪੰਜਾਬੀ ਪੌਪ ਦਾ ਕਰੇਜ ਵਧਿਆ, ਤਿਵੇਂ ਤਿਵੇਂ ਇੱਥੇ ਨੌਜਵਾਨਾਂ ’ਤੇ ਨਸ਼ੇ ਡਰੱਗਜ਼ ਦਾ ਸ਼ਿਕੰਜ਼ਾ ਵੀ ਸਖ਼ਤ ਹੁੰਦਾ ਗਿਆ। ਡਰੱਗਜ਼ ਦੇ ਵਧਦੇ ਪ੍ਰਭਾਵ ਦੇ ਨਾਲ ਇੱਥੇ ਅਜਿਹੇ ਗਾਇਕਾਂ ਦੀ ਫ਼ੌਜ ਵੀ ਵਧਦੀ ਗਈ। ਇਨ੍ਹਾਂ ਗਾਇਕਾਂ ਨੂੰ ਆਪਣੀ ਕਲਾ ਦਾ ਇਸਤੇਮਾਲ ਨੌਜਵਾਨਾਂ ਨੂੰ ਗਲਤ ਰਾਹ ’ਤੇ ਜਾਣ ਤੋਂ ਰੋਕਣ ਦੇ ਲਈ ਕਰਨਾ ਚਾਹੀਦਾ ਸੀ, ਪਰ ਉਨ੍ਹਾਂ ਨੇ ਅਜਿਹਾ ਕਰਨ ਦੀ ਬਜਾਏ ਇਸ ਨੂੰ ਉਤਸ਼ਾਹਿਤ ਕੀਤਾ ਹੈ। ਹੁਣ ਜੇ ਇਨ੍ਹਾਂ ਦੇ ਗੀਤਾਂ ਦੀ ਸ਼ਬਦਾਵਲੀ ਦੇਖੀਏ ਤਾਂ ਹੈਰਾਨੀ ਹੁੰਦੀ ਹੈ ਕਿ ਪੰਜਾਬੀ ਸਭਿਆਚਾਰ ਦੇ ਇਹ ਅਖੌਤੀ ਵਾਰਿਸ ਪੰਜਾਬੀ ਸਭਿਆਚਾਰ ਤੇ ਨਸਲ ਦੀ ਮਾਨਸਿਕਤਾ ਦਾ ਕਿਵੇਂ ਘਾਣ ਕਰ ਰਹੇ ਹਨ :

1. ਜੱਟਾਂ ਦੇ ਨਾ ਨੇੜੇ ਲਗਦੀ, ਕਹਿੰਦੀ ਪੈਗ ਦੀ
ਵਾਸ਼ਨਾ ਆਉਂਦੀ।
2.ਮਿੱਤਰਾਂ ਦੇ ਪਿਸਟਲ ਨੂੰ ਰੱਖ ਕੇ ਸਿਰਹਾਣੇ ਸੌਂਦੀ,
3. ਜੱਟ ਨੇ ਕੀਤਾ ਸਦਾ ਸ਼ੇਰਾਂ ਦਾ ਸ਼ਿਕਾਰ ਆ,

ਇਨ੍ਹਾਂ ਗਾਣਿਆਂ ਦੀਆਂ ਕੁਝ ਵੰਨਗੀਆਂ ਤੋਂ ਤੁਸੀਂ ਅੰਦਾਜਾ ਲਗਾ ਸਕਦੇ ਹੋ ਕਿ ਸਾਨੂੰ ਸਭਿਆਚਾਰ ਦੇ ਨਾਮ ‘ਤੇ ਕੀ ਪਰੋਸਿਆ ਜਾ ਰਿਹਾ ਹੈ। ਅਜਿਹੇ ਹਜ਼ਾਰਾਂ ਗੀਤ ਯੂ ਟਿਊਬ ਤੋਂ ਸੁਣੇ ਜਾ ਸਕਦੇ ਹਨ। ਸਰਮਾਏਦਾਰ ਮਾਰਕੀਟ ਵਿੱਚ ਉਹੀ ਲਿਆਉਂਦਾ ਹੈ, ਜਿਸ ਤੋਂ ਉਸ ਨੂੰ ਵੱਧ ਮੁਨਾਫਾ ਹੋਵੇ ਪਰ ਪ੍ਰਚਾਰ ਉਹ ਇਹੀ ਕਰਦਾ ਹੈ ਕਿ ਇਸ ਦੀ ਮਾਰਕੀਟ ਵਿੱਚ ਡਿਮਾਂਡ ਹੈ।

ਕਿਸੇ ਵੀ ਸੱਭਿਆਚਾਰ ਵਿੱਚ ਉੱਥੋਂ ਦੀ ਲੋਕ ਭਾਸ਼ਾ ਦੇ ਗੀਤ ਲੋਕ ਮਨ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਕਰਦੇ ਹਨ ਤੇ ਕਿਸੇ ਸੱਭਿਆਚਾਰ ਦੀ ਅਮੀਰੀ ਨੂੰ ਮਾਪਣ ਦਾ ਸੋਮਾ ਹੁੰਦੇ ਹਨ। ਗਾਇਕੀ ਜਾਂ ਸੰਗੀਤ ਦਾ ਮਨੁੱਖੀ ਮਨ ’ਤੇ ਡੂੰਘਾ ਅਸਰ ਕਰਦਾ ਹੈ। ਜੇਕਰ ਸਾਡਾ ਸੰਗੀਤ ਲੱਚਰ ਕਿਸਮ ਦਾ ਹੋਵੇਗਾ ਤਾਂ ਸਾਡਾ ਮਨ ਬਿਮਾਰ ਹੋ ਜਾਵੇਗਾ, ਹਿੰਸਕ ਵਰਤਾਰੇ ਤੇ ਡਰੱਗ ਵਲ ਜਾਵੇਗਾ। ਇਹੀ ਕਹਾਣੀ ਪੰਜਾਬ ਦੀ ਬਣ ਗਈ ਹੈ। ਅਜੋਕੇ ਸੰਸਾਰੀਕਰਨ ਦੇ ਯੁੱਗ ਵਿਚ ਗੀਤਾਂ ਰਾਹੀਂ ਨਸ਼ਿਆਂ ਨੂੰ ਫੈਸ਼ਨ ਤੌਰ ’ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਾਡੀ ਪੰਜਾਬੀ ਗਾਇਕੀ ਨੇ ਔਰਤ ਨੂੰ ਇੱਕ ਵਸਤੂ ਤੇ ‘ਨਸ਼ੇ ਦੀਏ ਬੰਦ ਬੋਤਲੇ’ ਵਜੋਂ ਘੜ ਦਿੱਤਾ ਹੈ। ਅੱਜ ਦੇ ਗੱਭਰੂਆਂ ਨੂੰ ਗਾਣਿਆਂ ਦੇ ਰਾਹੀਂ ਨਸ਼ਿਆਂ ਦੀ ਸੋਝੀ ਹੁੰਦੀ ਹੈ, ਜਿਵੇਂ “ਜਿੰਨੀ ਤੇਰੀ ਕਾਲਜ ਦੀ ਫੀਸ ਬੱਲੀਏ,ਨੀ ਓਨੀ ਨਾਗਣੀ ਜੱਟਾਂ ਦਾ ਪੁੱਤ ਖਾਂਦਾ ਤੜਕੇ।” ਹਰ ਵਿਆਹ ਵਿੱਚ ਨਸ਼ਿਆਂ ਤੇ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਲਈ ਡੀਜੇ ਤੇ ਗਾਣੇ ਚੱਲਦੇ ਹਨ ਤੇ ਭੰਗੜੇ ਪੈਂਦੇ ਹਨ। ਇਹ ਨਸ਼ਿਆਂ ਭਰਪੂਰ ਗਾਣੇ ਸਾਡੀ ਨੌਜਵਾਨ ਪੀੜ੍ਹੀ ਨੂੰ ਗੈਂਗਸਟਰ, ਨਸ਼ੇੜੀ ਬਣਨ ਲਈ ਪ੍ਰੇਰ ਰਹੇ ਹਨ। ਇਸ ਦੇ ਜ਼ਿੰਮੇਵਾਰ ਗੀਤਕਾਰ, ਸੰਗੀਤਕਾਰ, ਰਿਕਾਰਡਿੰਗ ਕੰਪਨੀਆਂ ਹਨ, ਜਿਨ੍ਹਾਂ ਨੇ ਨਸ਼ਿਆਂ ਨੂੰ ਉਤਸ਼ਾਹਿਤ ਕੀਤਾ ਹੈ। ਇਨ੍ਹਾਂ ਪੰਜਾਬੀ ਗਾਣਿਆਂ ਰਾਹੀਂ ਇਹ ਦਰਸਾਇਆ ਜਾਂਦਾ ਹੈ ਕਿ ਡਰੱਗਜ਼ ਦਾ ਸੇਵਨ ਬਹੁਤ ਅੱਛਾ ਮਹਿਸੂਸ ਕਰਾਉਂਦਾ ਹੈ। ਡਰਗਜ਼ ਦਾ ਅਹਿਸਾਸ ਬੜਾ ਕੂਲ ਹੁੰਦਾ ਹੈ। ਪੰਜਾਬ ਵਿਚ ਨਸ਼ਿਆਂ ਨੂੰ ਮਰਦਾਨਗੀ ਨਾਲ ਜੋੜ ਕੇ ਇਸ ਨੂੰ ਉਤਸ਼ਾਹਿਤ ਕਰਨ ਵਾਲੇ ਗੀਤ ਅਤੇ ਇਨ੍ਹਾਂ ਨੂੰ ਗਾਉਣ ਵਾਲੇ ਗਾਇਕ ਬੜੀ ਵੱਡੀ ਗਿਣਤੀ ਵਿਚ ਹਨ। ਪੰਜਾਬ ਵਿਚ ਇਕ ਤੋਂ ਵਧ ਕੇ ਖ਼ੂਬਸੂਰਤ ਦੇ ਮਿੱਠੇ ਗੀਤਾਂ ਦੀ ਪਰੰਪਰਾ ਰਹੀ ਹੈ। ਪਰ ਪਿਛਲੇ ਕੁਝ ਦਹਾਕਿਆਂ ਤੋਂ ਚੰਗੇ ਗੀਤ ਪੰਜਾਬੀ ਭੁਲਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਨਸ਼ਿਆਂ ਨੂੰ ਉਤਸ਼ਾਹਿਤ ਦੇਣ ਵਾਲੇ ਗੀਤਾਂ ਨੇ ਲੈ ਲਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਗਾਣੇ ਨਾ ਸਿਰਫ ਪੰਜਾਬ ਦੇ ਗੱਭਰੂਆਂ ਦੀ ਜ਼ੁਬਾਨ ’ਤੇ ਚੜ੍ਹੇ ਹੋਏ ਹਨ। ਹਰੇਕ ਪਾਰਟੀ, ਵਿਆਹ ਦੇ ਸਮਾਗਮਾਂ ਦਾ ਹਿੱਸਾ ਬਣ ਚੁੱਕੇ ਹਨ।

“ਜੇਲ੍ਹਾਂਵਿਚੋਂ ਫੋਨ ਆਉਣਗੇ, ਵੇਖੀ ਪਰਖੀ ਨਾ ਪਹੁੰਚ ਜੱਟ ਦੀ
ਸਾਡੇ ਧਾਕੜ ਇਹ ਯਾਰ ਨੇ, ਚਲਾਉਣ ਫੇਸਬੁੱਕ ਅੰਦਰੋਂ,
ਬਣੇ ਜੇਲ੍ਹਾਂ ਦੇ ਸ਼ਿੰਗਾਰ ਨੇ।”

ਇਹ ਇਕ ਸੁਪਰਹਿੱਟ ਪੰਜਾਬੀ ਗੀਤ ਹੈ, ਜਿਸ ਨੂੰ ਹੁਣ ਤੱਕ 2 ਕਰੋੜ 60 ਲੱਖ ਤੋਂ ਵੀ ਜ਼ਿਆਦਾ ਲੋਕ ਦੇਖ-ਸੁਣ ਚੁੱਕੇ ਹਨ। ਅੰਕੜੇ ਸਾਫ਼ ਦੱਸਦੇ ਹਨ ਕਿ ਪੰਜਾਬ ਦੇ ਹਰ ਘਰ ਤੱਕ ਇਹ ਗਾਣਾ ਪਹੁੰਚ ਗਿਆ ਹੋਵੇਗਾ ਅਤੇ ਬਾਅਦ ਵਿਚ ਇਸ ਗਾਣੇ ਦਾ ਅਸਰ ਅਜਿਹਾ ਹੋਇਆ ਕਿ ਨਾਮੀ ਗੈਂਗਸਟਰਾਂ ਨੂੰ ਪੰਜਾਬੀ ਨੌਜਵਾਨ ਆਪਣਾ ਆਦਰਸ਼ ਮੰਨਣ ਲੱਗੇ ਤੇ ਕਈ ਗੈਂਗਸਟਰ ਬਣ ਗਏ। ਇਸ ਤੋਂ ਬਾਅਦ ਫੇਸਬੁੱਕ ’ਤੇ ਗੈਂਗਸਟਰਾਂ ਦੇ ਪੇਜ ਬਣਨ ਲੱਗ ਪਏ, ਜਿਨ੍ਹਾਂ ਵਿਚ ਗੈਂਗਸਟਰਾਂ ਨੂੰ ਸ਼ੇਰ ਦੱਸਿਆ ਜਾਣ ਲੱਗਾ। ਗੈਂਗਸਟਰਾਂ ਦੇ ਪੇਜਾਂ ’ਤੇ ਕੁਮੈਂਟ ਵੀ ਵਧ ਚੜ੍ਹ ਕੇ ਆਉਣ ਲੱਗ ਪਏ ਪਰ ਪੰਜਾਬ ਸਰਕਾਰ ਨੇ ਹਾਲੇ ਤੱਕ ਡਰੱਗ ਤੇ ਗੈਂਗਸਟਰਾਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਨੂੰ ਨੱਥ ਨਹੀਂ ਪਾਈ। ਕੁਝ ਭ੍ਰਿਸ਼ਟ ਸਿਆਸਤਦਾਨ ਨੌਜਵਾਨਾਂ ਨੂੰ ਗੈਂਗਸਟਰ ਬਣਾ ਕੇ ਨਸ਼ਿਆਂ ਦੇ ਕਾਰੋਬਾਰ ਚਲਾਉਂਦੇ ਹਨ ਅਤੇ ਚੋਣਾਂ ਤੇ ਰਾਜਨੀਤੀ ਵਿਚ ਅਜਿਹੇ ਗੱਭਰੂਆਂ ਨੂੰ ਆਪਣਾ ਹਥਿਆਰ ਬਣਾਉਂਦੇ ਹਨ।

# ਪੰਜਾਬ ਵਿਚ ਡਰੱਗਜ਼ ਦੀ ਸਮੱਸਿਆ ਦਾ ਕੀ ਹੱਲ ਹੋਵੇ ?

ਪੰਜਾਬ ਵਿਚ ਡਰੱਗਜ਼ ਦੀ ਸਮੱਸਿਆ ਕਾਨੂੰਨ ਵਿਵਸਥਾ ਦਾ ਮਾਮਲਾ ਨਹੀਂ ਹੈ। ਸਰਕਾਰ ਦੀ ਨਕਾਮੀ ਨੇ ਯਕੀਨਨ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਇਆ ਹੈ। ਇਹ ਮਸਲਾ ਆਰਥਿਕ ਹੈ। ਇਹ ਮੁੱਦਾ ਇਕ ਅਜਿਹੀ ਰਣਨੀਤੀ ’ਤੇ ਗੰਭੀਰ ਬਹਿਸ ਦੀ ਜ਼ਰੂਰਤ ਦਸ ਰਿਹਾ ਹੈ ਜੋ ਨਾ ਸਿਰਫ ਖੇਤੀ ਛੱਡਣ ਵਾਲੇ ਪੰਜਾਬੀਆਂ ਨੂੰ ਲਾਭਕਾਰੀ ਰੁਜ਼ਗਾਰ ਮੁਹੱਈਆ ਕਰਾਉਣ ਵਿਚ ਸਮਰੱਥ ਹੋਵੇ। ਬਲਕਿ ਕਿਰਤ ਸਭਿਆਚਾਰ ਦਾ ਹਿੱਸਾ ਬਣਨ ਵਾਲੇ ਨਵੇਂ ਨੌਜਵਾਨ ਵਰਗ ਦੀਆਂ ਆਸਾਂ ਨੂੰ ਪੂਰਾ ਕਰਦਾ ਹੋਵੇ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਿਪਟਣ ਨੂੰ ਲੈ ਕੇ ਇਕ ਠੋਸ ਰਣਨੀਤੀ ਬਣਾਏ।

ਪੰਜਾਬ ਦੀ ਬੇਰੁਜ਼ਗਾਰੀ ਦਾ ਕਾਰਨ ਜਿੱਥੇ ਕੇਂਦਰ ਹੈ, ਉਥੇ ਰਾਜ ਸਰਕਾਰ ਵੀ ਹੈ। ਜੇਕਰ ਪੰਜਾਬ ਵਿਚ ਸਨਅਤ ਦੇ ਲਾਭ ਦਿੱਤੇ ਜਾਂਦੇ ਤਾਂ ਪੰਜਾਬ ਵਿਚ ਕਦੇ ਬੇਰੁਜ਼ਗਾਰੀ ਪੈਦਾ ਨਾ ਹੁੰਦੀ ਤੇ ਨਾ ਨਸ਼ੇ ਫੈਲਦੇ। ਰਾਜ ਵਿਚ ਹਰੀ ਕ੍ਰਾਂਤੀ ਆਉਣ ਤੋਂ ਬਾਅਦ ਇਥੇ ਵੱਡੀ ਪੱਧਰ ’ਤੇ ਦਿਹਾਤੀ ਖੇਤਰਾਂ ਵਿਚ ਖੇਤੀ ਆਧਾਰਿਤ ਸਨਅਤਾਂ ਲਗਾਏ ਜਾਣ ਦੀ ਲੋੜ ਸੀ ਤਾਂ ਜੋ ਪੇਂਡੂ ਖੇਤਰਾਂ ਵਿਚ ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਂਦੇ। ਖੇਤੀ ਰਾਹੀਂ ਕਿਸਾਨ ਜੋ ਕੱਚਾ ਮਾਲ ਪੈਦਾ ਕਰ ਰਹੇ ਸਨ, ਉਸ ਲਈ ਖੇਤੀ ਸਨਅਤ ਲਗਾ ਕੇ ਦਿੱਤੀ ਜਾਂਦੀ ਤਾਂ ਜੋ ਪ੍ਰਾਸੈਸਿੰਗ ਕਰਕੇ ਖੁਰਾਕੀ ਵਸਤਾਂ ਬਣਾ ਕੇ ਦੇਸ਼-ਵਿਦੇਸ਼ ਵਿਚ ਵੇਚਿਆ ਜਾਂਦਾ। ਜੇ ਪਾਕਿਸਤਾਨ ਦੀ ਸਰਹੱਦ ’ਤੇ ਲਾਹੌਰ ਏਨਾ ਵਿਕਸਤ ਹੋ ਸਕਦਾ ਹੈ ਤਾਂ ਅੰਮ੍ਰਿਤਸਰ ਤੇ ਪੰਜਾਬ ਦੇ ਇਲਾਕੇ ਕਿਉਂ ਨਹੀਂ ?

ਅਜਿਹੀਆਂ ਸਨਅਤਾਂ ਲਾਉਣ ਵਾਲਿਆਂ ਨੂੰ ਕੇਂਦਰੀ ਸਰਕਾਰਾਂ ਵਲੋਂ ਪਹਾੜੀ ਰਾਜਾਂ ਦੇ ਪੈਟਰਨ ’ਤੇ ਘੱਟੋ-ਘੱਟ 20 ਸਾਲਾਂ ਲਈ ਟੈਕਸਾਂ ਦੀਆਂ ਅਤੇ ਹੋਰ ਰਿਆਇਤਾਂ ਦਿੱਤੀਆਂ ਜਾਂਦੀਆਂ ਤਾਂ ਜੋ ਪੰਜਾਬ ਦੀ ਖੇਤੀ ਰੁਲਣ ਤੋਂ ਬਚ ਜਾਂਦੀ, ਪੰਜਾਬ ਦਾ ਕਿਸਾਨ ਆਤਮ-ਹੱਤਿਆ ਨਾ ਕਰਦਾ ਤੇ ਨਾ ਹੀ ਪੰਜਾਬ ਦਾ ਨੌਜਵਾਨ ਨਸ਼ਿਆਂ ਨਾਲ ਮਰਦਾ। ਅਜਿਹੀ ਨੀਤੀ ਅਪਨਾਈ ਜਾਂਦੀ ਤਾਂ ਪੰਜਾਬ ਆਰਥਿਕ ਤੌਰ ’ਤੇ ਮਜ਼ਬੂਤ ਹੁੰਦਾ। ਪਰ ਸਾਡੀਆਂ ਸਰਕਾਰਾਂ ਨੇ ਰਾਜ ਵਿਚ ਖੇਤੀ ਆਧਾਰਿਤ ਸਨਅਤਾਂ ਸਿਰਜਣ ਵਿਚ ਕੋਈ ਭੂਮਿਕਾ ਨਹੀਂ ਨਿਭਾਈ ਤੇ ਸਿੱਖਿਆ ਅਤੇ ਸਿਹਤ ਦੇ ਖੇਤਰਾਂ ਨੂੰ ਵੀ ਕੋਈ ਵਿਸ਼ੇਸ਼ ਪਹਿਲ ਨਹੀਂ ਦਿੱਤੀ। ਇਸ ਕਾਰਨ ਪੰਜਾਬ ਦੀ ਖੇਤੀਬਾੜੀ ਝੋਨਾ ਤੇ ਕਣਕ ਦੇ ਫਸਲੀ ਚੱਕਰ ਵਿਚ ਫਸ ਕੇ ਰਹਿ ਗਈ।ਝੋਨੇ ਦੀ ਫਸਲ ਕਾਰਨ ਪੰਜਾਬ ਦਾ ਪਾਣੀ ਵੀ ਮੁਕਦਾ ਗਿਆ। ਖੇਤੀਬਾੜੀ ਨੂੰ ਫਿਰ ਤੋਂ ਲਾਹੇਵੰਦਾ ਧੰਦਾ ਬਣਾਉਣ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਸਮੇਤ ਵੱਡੇ ਕ੍ਰਾਂਤੀਕਾਰੀ ਕਦਮ ਚੁੱਕੇ ਜਾਣ ਦੀ ਲੋੜ ਹੈ।

ਪੰਜਾਬ ਦੇ ਨੌਜਵਾਨਾਂ ਨੂੰ ਅਫੀਮ ਦੇ ਲੜ ਲਗਾਉਣਾ ਜਾਂ ਨਸ਼ਾ ਛੁਡਾਊ ਕੇਂਦਰਾਂ ਵਿਚ ਭੇਜਣਾ ਕੋਈ ਸਦੀਵੀਂ ਹੱਲ ਨਹੀਂ। ਇਸ ਲਈ ਕੇਂਦਰ, ਰਾਜ ਸਰਕਾਰ ਅਤੇ ਰਾਜ ਦੀਆਂ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵਲੋਂ ਮਿਲ ਕੇ ਸਾਂਝੇ ਤੌਰ ’ਤੇ ਬਹੁਪੱਖੀ ਯਤਨ ਕਰਨ ਦੀ ਲੋੜ ਹੈ। ਦਿਹਾਤੀ ਖੇਤਰਾਂ ਵਿਚ ਸਿਹਤ, ਸਿੱਖਿਆ ਸੇਵਾਵਾਂ ਵਿਚ ਵੱਡੀ ਪੱਧਰ ’ਤੇ ਸੁਧਾਰ ਲਿਆਉਣ ਦੀ ਲੋੜ ਹੈ। ਕਿਸਾਨਾਂ ਅਤੇ ਮਜ਼ਦੂਰਾਂ ਦੇ ਬੱਚਿਆਂ ਨੂੰ ਸਸਤੀ, ਮਿਆਰੀ ਤੇ ਵਿਸ਼ੇਸ਼ ਕਰਕੇ ਕਿੱਤਾਮੁਖੀ ਸਿੱਖਿਆ ਸਰਕਾਰੀ ਪੱਧਰ ’ਤੇ ਦੇਣੀ ਚਾਹੀਦੀ ਹੈ। ਸਰਕਾਰੀ ਵਿਦਿਅਕ ਅਦਾਰਿਆਂ ਦਾ ਮਿਆਰ ਹਰ ਪੱਖੋਂ ਉੱਚਾ ਚੁੱਕਣ ਦੀ ਲੋੜ ਹੈ ਤਾਂ ਜੋ ਸਰਕਾਰੀ ਵਿਦਿਅਕ ਅਦਾਰੇ ਪ੍ਰਾਈਵੇਟ ਸਕੂਲਾਂ ਦੇ ਬਰਾਬਰ, ਇਮਾਰਤ, ਪੜ੍ਹਾਈ ਪੱਖੋਂ ਬਿਹਤਰ ਬਣ ਸਕਣ। ਪਿੰਡਾਂ ਵਿਚ ਸਿਹਤ ਸੇਵਾਵਾਂ ਨੂੰ ਮੁੜ ਤੋਂ ਸੁਰਜੀਤ ਕਰਨ ਦੀ ਲੋੜ ਹੈ। ਜਿੱਥੇ ਸਸਤੀਆਂ ਦਵਾਈਆਂ ਦਾ ਢੁਕਵਾਂ ਪ੍ਰਬੰਧ ਹੋਵੇ।



ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਕੈਪਟਨ ਸਰਕਾਰ ਨੂੰ ਨਸ਼ਾ ਸਮਗਲਰਾਂ, ਭ੍ਰਿਸ਼ਟ ਅਫ਼ਸਰਸ਼ਾਹੀ ਤੇ ਭ੍ਰਿਸ਼ਟ ਸਿਆਸਤਦਾਨਾਂ ਦਾ ਗੱਠਜੋੜ ਤੋੜਨਾ ਚਾਹੀਦਾ ਹੈ ਤਾਂ ਹੀ ਪੰਜਾਬ ਵਿਚ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਦੂਸਰਾ ਨਸ਼ਿਆਂ ਦੀ ਸਪਲਾਈ ਨੂੰ ਬੰਦ ਕਰਕੇ ਨਸ਼ਿਆਂ ਦੇ ਸ਼ਿਕਾਰ ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਕਰਕੇ ਉਨ੍ਹਾਂ ਦਾ ਉਚਿਤ ਇਲਾਜ ਕਰਾਉਣ ਦੀ ਲੋੜ ਹੈ ਤਾਂ ਜੋ ਉਹ ਨਸ਼ਿਆਂ ਤੋਂ ਟੁੱਟ ਕੇ ਲਾਸ਼ਾਂ ਬਣ ਕੇ ਨਾ ਡਿੱਗਣ। ਇਸ ਤੋਂ ਅੱਗੇ ਉਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਲੋੜ ਹੈ ਤਾਂ ਜੋ ਉਨ੍ਹਾਂ ਨੂੰ ਜਿਉਣ ਦੀ ਵਸੀਲਾ ਮਿਲ ਸਕੇ। ਇਸ ਤੋਂ ਇਲਾਵਾ ਲੱਚਰ, ਨਸ਼ਿਆਂ ਤੇ ਹਥਿਆਰਾਂ ਤੇ ਗੈਂਗਸਟਰਾਂ ਦੀ ਗਾਇਕੀ ਨੂੰ ਉਤਸ਼ਾਹਿਤ ਕਰਨ ਵਾਲੇ ਗਾਇਕਾਂ ਤੇ ਗੀਤਕਾਰਾਂ ’ਤੇ ਕਾਨੂੰਨ ਢੰਗ ਨਾਲ ਸਖ਼ਤੀ ਕੀਤੀ ਜਾਵੇ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਗੁਰੂਆਂ ਦਾ ਪੰਜਾਬ ਫਿਰ ਤੋਂ ਹਾਕੀ, ਕਬੱਡੀ, ਕ੍ਰਿਕਟ ਅਤੇ ਹੋਰ ਖੇਡਾਂ ਦੇ ਖਿਡਾਰੀ ਪੈਦਾ ਕਰੇ, ਪੰਜਾਬ ਸਨਅਤੀ ਤੇ ਖੇਤੀ ਤੌਰ ’ਤੇ ਵਿਕਾਸ ਕਰੇ ਅਤੇ ਆਰਥਿਕ ਤੌਰ ’ਤੇ ਮਜ਼ਬੂਤ ਹੋਵੇ ਤਾਂ ਸਾਨੂੰ ਫੈਡਰਲ ਢਾਂਚੇ ’ਤੇ ਪਹਿਰਾ ਦੇਣਾ ਪਵੇਗਾ। ਅਸਾਮ, ਤਾਮਿਲਨਾਡੂ, ਝਾਰਖੰਡ, ਬੰਗਾਲ ਤੇ ਹੋਰ ਪ੍ਰਾਂਤਾਂ ਨਾਲ ਗੱਠਜੋੜ ਕਰਕੇ ਪੂਰੇ ਭਾਰਤ ਵਿਚ ਸਟੇਟਾਂ ਲਈ ਫੈਡਰਲ ਢਾਂਚੇ ਦੀ ਲਹਿਰ ਸਿਰਜਣੀ ਪਵੇਗੀ। ਜੇਕਰ ਕੇਂਦਰ ਤੇ ਪੰਜਾਬ ਸਰਕਾਰ ਸੁਹਿਰਦਤਾ ਨਾਲ ਯਤਨ ਕਰੇ ਤਾਂ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਸਕਦਾ ਹੈ। ਸਮੂਹ ਪੰਜਾਬੀਆਂ ਨੂੰ ਰਲ ਕੇ ਇਸ ਸੰਬੰਧ ਵਿਚ ਨਸ਼ਿਆਂ ਵਿਰੁਧ ਚੇਤਨਾ ਤੇ ਸਮਾਜ ਸੁਧਾਰ ਲਹਿਰ ਚਲਾਉਣ ਦੀ ਲੋੜ ਹੈ, ਜਿਸ ਤਹਿਤ ਵਿਆਹਾਂ ਤੇ ਹੋਰ ਸਮਾਗਮਾਂ ਵਿਚ ਪੰਜਾਬੀਆਂ ਦੇ ਖਰਚੇ ਘਟ ਸਕਣ ਤੇ ਪੰਜਾਬੀ ਕਰਜ਼ਾ ਮੁਕਤ ਹੋ ਸਕਣ।

ਅੰਮ੍ਰਿਤਸਰ ਟਾਈਮਜ਼ AMRITSAR TIMES
08 ਅਗਸਤ 2018 ਤੋਂ 14 ਅਗਸਤ 2018

*ਮੋਦੀ ਦਾ 'ਮੱਕੂ ਠੱਪਣ' ਲਈ ਸਿਆਸੀ ਪੇਸ਼ਬੰਦੀਆਂ*

## ਭਾਜਪਾ ਦੀ ਫਿਰਕੂ ਰਾਜਨੀਤੀ ਤੋਂ ਘੱਟ ਗਿਣਤੀਆਂ ਸੁਚੇਤ ਰਹਿਣ

ਭਾਰਤ ਵਿਚ ਜਿਸ ਤਰਾਂ ਦੀ ਕਾਰਗੁਜ਼ਾਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਹੁਣ ਤਕ ਦਿਖਾਈ ਹੈ, ਉਹ ਬਹੁਤ ਹੀ ਨਿਰਾਸ਼ਾਜਨਕ ਤੇ ਖਤਰਨਾਕ ਪੱਧਰ ਦੀ ਰਹੀ ਹੈ। ਇਸ ਦੇ ਮੰਤਰੀਆਂ ਤੇ ਸੰਤਰੀਆਂ ਤੋਂ ਲੈ ਕੇ ਪਾਰਟੀ ਆਗੂਆਂ ਤਕ ਨੇ ਆਪਣੇ ਜ਼ਹਿਰੀਲੇ ਪਰਚਾਰ ਅਤੇ ਸਰਕਾਰ ਦੀ ਸ਼ਹਿ ਉਤੇ ਸੰਘ ਦੀਆਂ ਵੱਖ-ਵੱਖ ਸ਼ਾਖਾਵਾਂ ਦੁਆਰਾ ਕੀਤੀਆ ਗਈਆਂ ਹਿੰਸਕ ਵਾਰਦਾਤਾਂ ਨੇ ਪੂਰੇ ਦੇਸ਼ ਨੂੰ ਖੌਫਜ਼ਦਾ ਕਰ ਰੱਖਿਆ ਹੈ। ਹਰ ਰੋਜ਼ ਹੀ ਕਿਸੇ ਨਾ ਕਿਸੇ ਭਾਜਪਾ ਸ਼ਾਸਿਤ ਰਾਜ ਵਿਚ ਮੁਸਲਮਾਨਾਂ, ਦਲਿਤਾਂ ਸਮੇਤ ਦੂਜੀਆਂ ਘੱਟ ਗਿਣਤੀਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਇਸ ਮਾਹੌਲ ਵਿਚ ਜਦੋਂ ਦੇਸ਼ ਦੀ ਪੌਣੀ ਸਦੀ ਪੁਰਾਣੀ ਧਰਮ ਨਿਰਪੱਖਤਾ ਵਾਲੀ ਸੰਵਿਧਾਨਕ ਤੇ ਸਾਂਝੀਵਾਲਤਾ ਦੀ ਪਿੱਠ-ਭੂਮੀ ਨੂੰ ਭਾਰੀ ਖੋਰਾ ਲੱਗਿਆ ਹੈ ਤਾਂ ਭਾਜਪਾ ਨੂੰ ਸੰਨ 2019 ਵਿਚ ਮੁੜ ਤੋਂ ਸੱਤਾ ਵਿਚ ਆਉਣ ਤੋਂ ਰੋਕਣ ਵਾਸਤੇ ਹੀਲੇ-ਵਸੀਲੇ ਵੀ ਹੋਣ ਲੱਗੇ ਹਨ। ਇਸੇ ਤਹਿਤ ਵੱਖ-ਵੱਖ ਸਿਆਸੀ ਦਲਾਂ ਦੁਆਰਾ ਕਾਂਗਰਸ ਦੀ ਅਗਵਾਈ ਵਿਚ ਮਹਾਂਗੱਠਜੋੜ ਬਣਾਉਣ ਦੀਆਂ ਪੇਸ਼ਬੰਦੀਆਂ ਨੇ ਨਰਿੰਦਰ ਮੋਦੀ ਦਾ "ਸਿਆਸੀ ਮੱਕੂ ਠੱਪਣ" ਦਾ ਆਧਾਰ ਤਿਆਰ ਕਰ ਦਿੱਤਾ ਹੈ। ਭਾਜਪਾ ਨੂੰ ਵੀ ਹੁਣ ਆਪਣਾ ਆਧਾਰ ਖੁਰਦਾ ਨਜ਼ਰ ਆ ਰਿਹਾ ਹੈ, ਇਸ ਕਰਕੇ ਉਹ ਮੁਸਲਮਾਨਾਂ ਅਤੇ ਦਲਿਤਾਂ ਉਤੇ ਹੋਰ ਵਧੇਰੇ ਤੀਖਣ ਹਮਲੇ ਕਰਨ ਦੇ ਆਤਮਘਾਤੀ ਰਾਹ ਉਤੇ ਪੈ ਗਈ ਹੈ। ਸੱਚਮੁੱਚ ਇਹ ਦੌਰ ਭਾਰਤ ਦੀਆਂ ਘੱਟ ਗਿਣਤੀਆਂ ਵਾਸਤੇ ਕਾਫੀ ਜ਼ੋਖਮ ਭਰਿਆ ਹੈ। ਭਾਜਪਾ ਨੂੰ ਗੱਦੀਓਂ ਲਾਹੁਣ ਵਾਸਤੇ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ ਵਿਚ ਆਰਜੇਡੀ, ਐਨਸੀਪੀ, ਝਾਰਖੰਡ ਮੁਕਤੀ ਮੋਰਚਾ ਤੇ ਨੈਸ਼ਨਲ ਕਾਨਫਰੰਸ ਆਦਿ ਅਹਿਮ ਪਾਰਟੀਆਂ ਹਨ। ਕਰਨਾਟਕ ਦੇ ਜਨਤਾ ਦਲ ਸੈਕੂਲਰ ਅਤੇ ਉੱਥੇ ਇਸ ਦੀ ਭਾਈਵਾਲ ਬਹੁਜਨ ਸਮਾਜ ਪਾਰਟੀ ਨੇ ਵੀ ਕਾਂਗਰਸ ਨਾਲ ਗੱਠਜੋੜ ਕੀਤਾ ਹੈ। ਆਉਣ ਵਾਲੇ ਸਮੇਂ ਵਿਚ ਅਹਿਮ ਦੱਖਣੀ ਸੂਬੇ ਤਾਮਿਲਨਾਡੂ ਦੀ ਡੀਐੱਮਕੇ ਦੇ ਵੀ ਕਾਂਗਰਸ ਨਾਲ ਗੱਠਜੋੜ ਹੋ ਜਾਣ ਦੀ ਪ੍ਰਬਲ ਸੰਭਾਵਨਾ ਹੈ। ਬਹੁਜਨ ਸਮਾਜ ਪਾਰਟੀ ਦਾ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਨਾਲ ਗੱਠਜੋੜ ਹੈ। ਭਾਜਪਾ ਦੀ ਪਰੇਸ਼ਾਨੀ ਵਧਾਉਣ ਲਈ ਯੂਪੀ ਵਿਚ ਬਸਪਾ ਤੇ ਸਪਾ ਦਾ ਗੱਠਜੋੜ ਲਗਪਗ ਤੈਅ ਹੈ, ਜਿਸ ਵਿਚ ਕਾਂਗਰਸ ਅਤੇ ਰਾਸ਼ਟਰੀ ਲੋਕ ਦਲ ਨੂੰ ਵੀ ਲਏ ਜਾਣ ਦੀ ਚਰਚਾ ਹੈ।ਸਿਆਸਤ ਦੇ ਇਸ ਮਹਾਂਗੱਠਜੋੜ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਬਸਪਾ ਦੀ ਮਾਇਆਵਤੀ ਅਹਿਮ ਰੋਲ ਨਿਭਾ ਰਹੀਆਂ ਹਨ। ਹਾਕਮ ਗੱਠਜੋੜ ਨੂੰ ਸੰਨ 2019 ਵਿੱਚ ਹੋਣ ਵਾਲੀਆਂ ਆਮ ਚੋਣਾਂ 'ਚ ਆਪਣੀ ਜ਼ਮੀਨ ਤਾਂ ਪਹਿਲਾਂ ਹੀ ਖਿਸਕਦੀ ਦਿਖਾਈ ਦੇ ਗਈ ਸੀ, ਜਦੋਂ ਜ਼ਿਮਨੀ ਚੋਣ ਵਿਚ ਹੀ ਉਤਰ ਪ੍ਰਦੇਸ਼ ਦੀ ਪੱਚੀ ਸਾਲ ਤੋਂ ਭਾਜਪਾ ਦੀ ਪੱਕੀ ਰਹੀ ਗੋਰਖਪੁਰ ਦੀ ਲੋਕ ਸਭਾ ਸੀਟ ਉਹ ਬੁਰੀ ਤਰਾਂ ਹਾਰ ਗਈ ਸੀ। ਹੁਣ ਵਿਰੋਧੀ ਧਿਰਾਂ ਦੇ ਮਹਾਂਗੱਠਜੋੜ ਦੀ ਚਰਚਾ ਨੇ ਇਸ ਨੂੰ ਹੋਰ ਫ਼ਿਕਰਾਂ ਵਿਚ ਪਾ ਦਿੱਤਾ। ਯੂਪੀ ਤੇ ਕਰਨਾਟਕ ਵਿਚ ਭਾਜਪਾ ਦੀ ਫੂਕ ਨਿਕਲ ਜਾਣ ਕਾਰਨ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਹਨ। ਇਸੇ ਕਾਰਨ ਮੋਦੀ-ਸ਼ਾਹ ਦੀ ਜੋੜੀ ਨੂੰ ਐੱਨਡੀਏ ਵਿਚਲੇ ਆਪਣੇ ਉਹ ਭਾਈਵਾਲ ਚੇਤੇ ਆਏ, ਜਿਨਾਂ ਦੀ ਹਕੂਮਤ ਦੇ ਪਹਿਲੇ ਚਾਰ ਸਾਲਾਂ ਦੌਰਾਨ ਬਾਤ ਤਕ ਨਹੀਂ ਸੀ ਪੁੱਛੀ ਗਈ। ਉਧਰ ਇਸ ਸਾਲ ਦੇ ਅਖ਼ੀਰ ਵਿਚ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਆ ਰਹੀਆਂ ਹਨ। ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਕਾਂਗਰਸ-ਬਸਪਾ ਹੱਥ ਮਿਲਾਉਣ ਲਈ ਕੋਸ਼ਿਸ਼ਾਂ ਕਰ ਰਹੇ ਹਨ, ਜੋ ਭਾਜਪਾ ਲਈ ਨਵੀਂ ਸਿਰਦਰਦੀ ਹੈ। ਤਾਜ਼ਾ ਰਿਕਾਰਡ ਸਭ ਦੇ ਸਾਹਮਣੇ ਹੈ ਕਿ ਯੂਪੀ ਵਿਚ ਬਸਪਾ-ਸਪਾ ਗੱਠਜੋੜ ਨੇ ਜ਼ਿਮਨੀ ਚੋਣਾਂ ਵਿਚ ਭਾਜਪਾ ਦਾ ਕੀ ਹਾਲ ਕੀਤਾ ਹੈ। ਇਨਾਂ ਸੂਬਿਆਂ ਵਿਚ ਬਸਪਾ ਦਾ 5 ਤੋਂ 6 ਫ਼ੀਸਦੀ ਪੱਕਾ ਵੋਟ ਆਧਾਰ ਹੈ। ਦੂਜੇ ਪਾਸੇ ਭਾਜਪਾ ਲਈ ਇਹ ਚੋਣਾਂ ਵੱਡੀ ਪਰਖ ਦੀ ਘੜੀ ਹਨ ਕਿਉਂਕਿ ਤਿੰਨਾਂ ਰਾਜਾਂ ਵਿਚ ਇਸ ਦੀਆਂ ਸਰਕਾਰਾਂ ਹਨ। ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਭਾਜਪਾ 15 ਸਾਲ ਤੋਂ ਅਤੇ ਰਾਜਸਥਾਨ 'ਚ ਪੰਜ ਸਾਲ ਤੋਂ ਸੱਤਾ ਵਿਚ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਣ ਵਾਲੀਆਂ ਇਹਨਾਂ ਚੋਣਾਂ ਨੂੰ ਸਾਲ 2019 ਦੀਆਂ ਲੋਕ ਸਭਾ ਚੋਣਾਂ ਦਾ ਸੈਮੀ ਫਾਈਨਲ ਸਮਝਿਆ ਜਾ ਰਿਹਾ ਹੈ। ਗੌਰਤਲਬ ਹੈ ਕਿ ਜਿਨਾਂ ਰਾਜਾਂ ਵਿਚ ਸੰਭਾਵੀ ਵਿਰੋਧੀ ਗੱਠਜੋੜ ਦਾ ਵੱਧ ਅਸਰ ਪੈ ਸਕਦਾ ਹੈ, ਉਨਾਂ ਰਾਜਾਂ ਦੀਆਂ ਲੋਕ ਸਭਾ ਸੀਟਾਂ ਦੀ ਗਿਣਤੀ ਦੇਸ਼ ਦੀਆਂ ਕੁੱਲ ਸੀਟਾਂ ਦੇ ਅੱਧ ਤੋਂ ਵੀ ਵੱਧ ਬਣਦੀ ਹੈ। ਮੰਨਿਆ ਜਾ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐਨਡੀਏ ਦੇ ਵਿਰੋਧ ਵਿਚ ਮਹਾਂਗੱਠਜੋੜ ਬਣਨ ਦੀ ਸੂਰਤ ਵਿਚ ਮੋਦੀ ਲਈ ਰਾਹ ਆਸਾਨ ਨਹੀਂ ਹੋਵੇਗੀ। ਖਦਸ਼ਾ ਹੈ ਕਿ ਆਪਣੀ ਹਾਰ ਨੂੰ ਦੇਖਦਿਆਂ ਭਾਜਪਾ ਵੱਲੋਂ ਹਿੰਦੂ ਰਾਸ਼ਟਰ, ਰਾਮ ਮੰਦਰ, ਪਾਕਿਸਤਾਨ, ਕਸ਼ਮੀਰ, ਗਊ, ਗੰਗਾ ਤੇ ਬੰਗਲਾਦੇਸ਼ੀ ਘੁਸਪੈਠੀਆਂ ਵਰਗੇ ਮੁੱਦਿਆਂ ਨੂੰ ਉਛਾਲਿਆ ਜਾਵੇਗਾ। ਬੰਗਲਾਦੇਸ਼ੀ ਘੁਸਪੈਠੀਆਂ ਵਾਲਾ ਤੀਰ ਤਾਂ ਆਸਾਮ ਵਿਚ ਚਲਾ ਵੀ ਦਿੱਤਾ ਗਿਆ ਹੈ। ਹੌਲੀ-ਹੌਲੀ ਦੇਸ਼ ਭਰ ਵਿਚ ਹਿੰਦੂਤਵ ਦਾ ਸ਼ੋਰ ਪਾ ਕੇ ਫ਼ਿਰਕੂ ਧਰੁੱਵੀਕਰਨ ਕੀਤਾ ਜਾਵੇਗਾ। ਇਹ ਹਾਲਾਤ ਉਦੋਂ ਹਨ, ਜਦੋਂ ਹਾਲੇ ਵਿਰੋਧੀ ਗੱਠਜੋੜ ਦਾ ਸਰੂਪ ਵੀ ਚੰਗੀ ਤਰਾਂ ਸਾਹਮਣੇ ਨਹੀਂ ਆਇਆ। ਇਸ ਕਰਕੇ ਦੇਸ਼ ਦੀਆਂ ਸਮੂਹ ਘੱਟ ਗਿਣਤੀਆਂ ਤੇ ਉਨਾਂ ਦੇ ਆਗੂਆਂ ਨੂੰ ਆਉਣ ਵਾਲੇ ਸਮੇਂ ਵਿਚ ਹੋਰ ਵਧੇਰੇ ਸੁਚੇਤ ਰਹਿਣ ਦੀ ਜ਼ਰੂਰਤ ਹੋਵੇਗੀ।

### ਭੋਲਾ ਪੰਜਾਬ

ਬੀਂਡਾ ਉਸੇ ਕੁਹਾੜੇ ਦਾ ਬਣ ਬੈਠੇ
ਜੀਹਨੇ ਕੀਤਾ ਬਾਗ ਉਜਾੜ ਮੀਆਂ
ਦੰਭਾਂ ਲਾਲਚਾਂ 'ਚ ਫਸੀ ਬੌਣ-ਬੁੱਧੀ
ਉੱਤੇ ਕਰਤੀ ਅਣਖਾਂ ਦੀ ਝਾਲ ਮੀਆਂ
ਐਸੀ ਖਹਿਰੇ ਤੇ 'ਆਪ' ਨੂੰ ਪਈ ਠਿੱਬੀ,
ਸਮਝ ਆਈ ਨਾ ਕਿਸੇ ਦੇ ਚਾਲ ਮੀਆਂ।
ਬਾਦਲ-ਕਾਂਗਰਸ ਦੀਆਂ ਵਾਛਾਂ ਖਿੜ ਗਈਆਂ ,
ਮੁਤਰ ਮੁਤਰ ਝਾਕੇ ਭੋਲਾ ਪੰਜਾਬ ਮੀਆਂ।

**(ਰਵਿੰਦਰ ਸਿੰਘ ਬੈਂਸ, ਬਿੰਦਰਖ, ਮੋ. 84373-86053)**

# ਮੁਸਲਮਾਨਾਂ ਦਾ ਹਊਆ ਖੜ੍ਹਾ ਕਰਕੇ ਮੁੜ ਚੋਣਾਂ ਜਿੱਤਣ ਦੀ ਤਾਕ ਵਿਚ ਹੈ ਮੋਦੀ ਜੁੰਡਲੀ

**ਰਾਜਸਥਾਨ ਦੇ ਇਕ ਭਾਜਪਾ ਵਿਧਾਇਕ ਨੇ ਜਨਵਰੀ ਵਿਚ ਬਿਆਨ ਦਿੱਤਾ ਕਿ ਮੁਸਲਮਾਨਾਂ ਦੀ ਵਧਦੀ ਆਬਾਦੀ ਡੂੰਘੀ ਸਾਜ਼ਿਸ਼ ਹੈ, ਜਿਸ ਦਾ ਟੀਚਾ ਹੈ ਕਿ ਦੇਸ਼ ਦੀਆਂ ਮੁੱਖ ਕੁਰਸੀਆਂ ਮੁਸਲਮਾਨਾਂ ਦੇ ਹੱਥ ਆ ਜਾਣ। ਉਨ੍ਹਾਂ ਦਾ ਦਾਅਵਾ ਹੈ ਕਿ ਸਾਲ 2030 ਤਕ ਦੇਸ਼ ਅੰਦਰ ਮੁਸਲਮਾਨਾਂ ਦੀ ਆਬਾਦੀ ਹਿੰਦੂਆਂ ਨਾਲੋਂ ਵਧ ਜਾਵੇਗੀ। ਅਜਿਹੇ ਹੀ ਵਿਚਾਰ ਉੱਤਰ ਪ੍ਰਦੇਸ਼ ਤੋਂ ਚੁਣੇ ਹੋਏ ਭਾਜਪਾ ਦੇ ਇੱਕ ਸੰਸਦ ਮੈਂਬਰ ਦੇ ਹਨ। ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਤੋਂ ਇੱਕ ਭਾਜਪਾ ਵਿਧਾਇਕ ਨੇ ਕਿਹਾ ਕਿ ਹਿੰਦੂਤਵ ਦੀ ਹੋਂਦ ਬਰਕਰਾਰ ਰੱਖਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰ ਇਕ ਹਿੰਦੂ ਜੋੜਾ ਘੱਟੋ-ਘੱਟ ਪੰਜ ਬੱਚੇ ਪੈਦਾ ਕਰੇ।**



**ਅਮਨਿੰਦਰਪਾਲ**
(ਸੰਪਰਕ : 94178-65797)

ਜਿਉਂ ਜਿਉਂ ਆਮ ਚੋਣਾਂ ਨੇੜੇ ਆ ਰਹੀਆਂ ਹਨ, ਹਾਕਮ ਰਾਜਨੀਤਕ ਧਿਰ ਇਹ ਚੋਣਾਂ ਝੂਠ ਅਤੇ ਸੰਸਿਆਂ ਨੂੰ ਹਵਾ ਦੇ ਕੇ ਲੜਨ ਦੀ ਤਾਕ



'ਚ ਹੈ। ਸੰਘ, ਦੇਸ਼ 'ਚ ਵਸਦੇ ਮੁਸਲਮਾਨ ਅਤੇ ਉਨ੍ਹਾਂ ਦੀ ਜਨਸੰਖਿਆ ਦੇ ਆਏ ਦਿਨ ਨਵੇਂ ਹਵਾਲੇ ਦੇ ਕੇ ਇੱਕ ਅਜਿਹਾ ਨਵਾਂ ਜਿੰਨ ਤਿਆਰ ਕਰ ਰਿਹਾ ਹੈ, ਜੋ ਦੇਸ਼ ਨੂੰ ਬੇਸ਼ੱਕ ਖਾ ਜਾਵੇ ਪਰ ਉਸ ਦੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਘਟੀਆ ਮਨਸੂਬੇ ਪੂਰੇ ਹੋ ਜਾਣ।

ਭਾਜਪਾ ਦੇ ਕੋਈ ਆਮ ਕਾਰਕੁੰਨ ਨਹੀਂ, ਬਲਕਿ ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਸੰਸਦ 'ਚ ਬਹਿ ਕੇ ਕਾਨੂੰਨ ਘੜਨ ਵਾਲੇ ਵੱਡੇ ਆਗੂ ਸ਼ਰ੍ਹੇਆਮ ਬਿਆਨ ਦੇ ਕੇ ਭਾਰਤ ਦੇ ਸਮੁੱਚੇ ਹਿੰਦੂਆਂ ਨੂੰ ਆਪਣੀ ਉਸ ਕਥਿਤ ਚਿੰਤਾ/ਘਬਰਾਹਟ ਦਾ ਭਾਈਵਾਲ ਬਣਾਉਣ ਲਈ ਕਾਹਲੇ ਹਨ, ਜਿਸ ਮੁਤਾਬਕ ਆਉਂਦੇ ਕੁਝ ਦਹਾਕਿਆਂ 'ਚ ਭਾਰਤ ਮੁਸਲਿਮ ਦੇਸ਼ ਬਣ ਜਾਵੇਗਾ। ਇਨ੍ਹਾਂ ਲੀਡਰਾਂ ਦਾ ਤਰਕ ਹੈ ਕਿ ਦੇਸ਼ ਅੰਦਰ ਮੁਸਲਮਾਨਾਂ ਦੀ ਆਬਾਦੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਅੰਦਰ ਮੁਸਲਮਾਨਾਂ ਦੀ ਕੁੱਲ ਗਿਣਤੀ ਹਿੰਦੂਆਂ ਦੀ ਕੁੱਲ ਗਿਣਤੀ ਨੂੰ ਪਾਰ ਕਰ ਜਾਵੇਗੀ।

ਰਾਜਸਥਾਨ ਦੇ ਇਕ ਭਾਜਪਾ ਵਿਧਾਇਕ ਨੇ ਜਨਵਰੀ ਵਿਚ ਬਿਆਨ ਦਿੱਤਾ ਕਿ ਮੁਸਲਮਾਨਾਂ ਦੀ ਵਧਦੀ ਆਬਾਦੀ ਡੂੰਘੀ ਸਾਜ਼ਿਸ਼ ਹੈ, ਜਿਸ ਦਾ ਟੀਚਾ ਹੈ ਕਿ ਦੇਸ਼ ਦੀਆਂ ਮੁੱਖ ਕੁਰਸੀਆਂ ਮੁਸਲਮਾਨਾਂ ਦੇ ਹੱਥ ਆ ਜਾਣ। ਉਨ੍ਹਾਂ ਦਾ ਦਾਅਵਾ ਹੈ ਕਿ ਸਾਲ 2030 ਤਕ ਦੇਸ਼ ਅੰਦਰ ਮੁਸਲਮਾਨਾਂ ਦੀ ਆਬਾਦੀ ਹਿੰਦੂਆਂ ਨਾਲੋਂ ਵਧ ਜਾਵੇਗੀ। ਅਜਿਹੇ ਹੀ ਵਿਚਾਰ ਉੱਤਰ ਪ੍ਰਦੇਸ਼ ਤੋਂ ਚੁਣੇ ਹੋਏ ਭਾਜਪਾ ਦੇ ਇੱਕ ਸੰਸਦ ਮੈਂਬਰ ਦੇ ਹਨ। ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਤੋਂ ਇੱਕ ਭਾਜਪਾ ਵਿਧਾਇਕ ਨੇ ਕਿਹਾ ਕਿ ਹਿੰਦੂਤਵ ਦੀ ਹੋਂਦ ਬਰਕਰਾਰ ਰੱਖਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰ ਇਕ ਹਿੰਦੂ ਜੋੜਾ ਘੱਟੋ-ਘੱਟ ਪੰਜ ਬੱਚੇ ਪੈਦਾ ਕਰੇ।

ਜੇਕਰ ਜਨਸੰਖਿਆ ਸਬੰਧੀ ਮੌਜੂਦ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਹ ਸਿੱਧ ਹੋ ਜਾਂਦਾ ਹੈ ਕਿ ਅੰਕੜਿਆਂ ਦੀ ਅਣਦੇਖੀ ਕਰਕੇ ਭਾਜਪਾ ਆਗੂਆਂ ਵੱਲੋਂ ਦਿੱਤੇ ਜਾ ਰਹੇ ਬਿਆਨ ਕੋਰਾ ਝੂਠ ਹਨ। ਵੱਖਰੇ-ਵੱਖਰੇ ਧਾਰਮਿਕ ਸਮੂਹਾਂ ਦੀ ਆਬਾਦੀ ਦੇ ਅੰਕੜਿਆਂ ਦਾ ਸਭ ਤੋਂ ਤਾਜ਼ਾ ਸਰੋਤ ਸੰਨ 2011 'ਚ ਹੋਈ ਮਰਦਮਸ਼ੁਮਾਰੀ ਹੈ, ਜਿਸ ਮੁਤਾਬਕ ਦੇਸ਼ ਅੰਦਰ ਹਿੰਦੂਆਂ ਦੀ ਆਬਾਦੀ 96.62 ਕਰੋੜ ਹੈ ਜੋ ਕੁੱਲ ਆਬਾਦੀ ਦਾ 79.80 ਪ੍ਰਤੀਸ਼ਤ ਬਣਦਾ ਹੈ। ਇਸ ਦੇ ਮੁਕਾਬਲੇ, ਦੇਸ਼ ਅੰਦਰ ਕੁੱਲ 17.22 ਕਰੋੜ ਮੁਸਲਮਾਨ ਵਸਦੇ ਹਨ ਜੋ ਕੁੱਲ ਆਬਾਦੀ ਦਾ ਮਹਿਜ਼ 14.23 ਪ੍ਰਤੀਸ਼ਤ ਹਨ। ਭਾਰਤ ਦੇ ਕੁੱਲ 29 ਰਾਜਾਂ ਵਿਚੋਂ ਸਿਰਫ਼ ਇਕ ਰਾਜ ਜੰਮੂ ਅਤੇ ਕਸ਼ਮੀਰ ਅਜਿਹਾ ਹੈ, ਜਿੱਥੇ ਮੁਸਲਮਾਨ ਬਹੁਗਿਣਤੀ ਵਿਚ ਹਨ। ਉੱਤਰ ਪ੍ਰਦੇਸ਼ ਵਿੱਚ ਮੁਸਲਮਾਨਾਂ ਦੀ ਆਬਾਦੀ ਰਾਜ ਦੀ ਕੁੱਲ ਆਬਾਦੀ ਦਾ 19.26 ਪ੍ਰਤੀਸ਼ਤ ਹੈ, ਜਦੋਂਕਿ ਹਿੰਦੂਆਂ ਦੀ ਆਬਾਦੀ ਕੁੱਲ ਦਾ 79.73 ਪ੍ਰਤੀਸ਼ਤ ਹੈ।

ਇਹ ਅੰਕੜੇ ਦੱਸਦੇ ਹਨ ਕਿ ਅੱਜ ਦੇਸ਼ ਅੰਦਰ ਮੁਸਲਮਾਨਾਂ ਦੀ ਗਿਣਤੀ ਹਿੰਦੂਆਂ ਦੀ ਕੁੱਲ ਆਬਾਦੀ ਦੇ ਪੰਜਵੇਂ ਹਿੱਸੇ ਦੇ ਵੀ ਬਰਾਬਰ ਨਹੀਂ ਹੈ। ਸੰਨ 2011 ਵਿਚ ਹੋਈ ਮਰਦਮਸ਼ੁਮਾਰੀ ਦੇ ਆਧਾਰ 'ਤੇ ਧਾਰਮਿਕ ਸਮੂਹਾਂ ਦੀ ਆਬਾਦੀ ਦੇ ਅੰਕੜੇ ਜਨਵਰੀ, 2015 ਵਿਚ ਜਨਤਕ ਕੀਤੇ ਗਏ ਸਨ। ਇਹ ਅੰਕੜੇ ਦੱਸਦੇ ਹਨ ਕਿ ਦੇਸ਼ ਅੰਦਰ ਮੁਸਲਮਾਨਾਂ ਦੀ ਆਬਾਦੀ ਜੋ ਸੰਨ 2001 ਵਿਚ ਕੁੱਲ ਆਬਾਦੀ ਦਾ 13.4 ਪ੍ਰਤੀਸ਼ਤ ਸੀ, ਸੰਨ 2011 ਵਿਚ ਵਧ ਕੇ 14.2 ਪ੍ਰਤੀਸ਼ਤ ਹੋ ਗਈ ਹੈ। ਪਰ 2015 ਵਿਚ ਹੀ ਆਜ਼ਾਦਾਨਾ ਖੋਜ ਕਰਨ ਵਾਲੇ ਵਾਸ਼ਿੰਗਟਨ ਸਥਿਤ ਸੰਗਠਨ - ਪੀਊ ਰਿਸਰਚ ਸੈਂਟਰ ਵੱਲੋਂ ਵੀ ਇੱਕ ਰਿਪੋਰਟ ਰਿਲੀਜ਼ ਕੀਤੀ ਗਈ। ਇਸ ਰਿਪੋਰਟ ਵਿਚ ਦਰਜ ਅੰਕੜੇ ਸੰਘੀਆਂ ਵੱਲੋਂ ਆਬਾਦੀ ਬਾਰੇ ਕੀਤੀਆਂ ਜਾ ਰਹੀਆਂ ਭਵਿੱਖਬਾਣੀਆਂ ਨੂੰ ਸਹਿਜੇ ਹੀ ਝੂਠਲਾ ਦਿੰਦੇ ਹਨ। ਇਸ ਰਿਪੋਰਟ ਮੁਤਾਬਿਕ ਸੰਨ 2050 'ਚ ਭਾਰਤ ਵਿਚ ਵਸ ਰਹੇ ਮੁਸਲਮਾਨਾਂ ਦੀ ਗਿਣਤੀ ਦੁਨੀਆ ਦੇ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਹੋਵੇਗੀ। ਉਸ ਵੇਲੇ ਤਕਰੀਬਨ 31 ਕਰੋੜ ਮੁਸਲਮਾਨ ਭਾਰਤ ਦੇ ਵਾਸੀ ਹੋਣਗੇ ਜੋ ਕਿ ਪੂਰੀ ਦੁਨੀਆ 'ਚ ਵਸਦੇ ਕੁੱਲ ਮੁਸਲਮਾਨਾਂ ਦੀ ਆਬਾਦੀ ਦਾ 11.2 ਪ੍ਰਤੀਸ਼ਤ ਹੋਣਗੇ। ਇਹੀ ਉਹ ਇਕਪਾਸੜ ਅੰਕੜੇ ਹਨ ਜਿਨ੍ਹਾਂ ਦੇ ਆਸਰੇ ਭਾਜਪਾ ਅਤੇ ਸੰਘ ਦੇ ਆਗੂ ਬਹੁਗਿਣਤੀ ਫ਼ਿਰਕੇ ਦੇ ਸਮੂਹ ਨੂੰ ਇਸ ਖੌਫ਼ ਦਾ ਛਿੱਟਾ ਦੇ ਰਹੇ ਹਨ ਕਿ ਭਾਰਤ ਜਲਦੀ ਹੀ ਮੁਸਲਿਮ ਬਹੁਗਿਣਤੀ ਦੇਸ਼ ਬਣ ਜਾਵੇਗਾ। ਇਹ ਮਹਿਜ਼ ਛਲਾਵਾ ਹੈ, ਜੋ ਭਾਰਤੀ ਜਨਤਾ ਪਾਰਟੀ ਤੇ ਸੰਘ ਦੀ ਜੁੰਡਲੀ ਸਿਰਫ ਸੱਤਾ ਹਾਸਲ ਕਰਨ ਲਈ ਭਾਰਤ ਦੇ ਆਮ ਹਿੰਦੂਆਂ ਨਾਲ ਕਰ ਰਹੀ ਹੈ। ਸਮੁੱਚੀ ਤਸਵੀਰ ਨੂੰ ਮਹਿਜ਼ ਇਕ ਕੋਣ ਤੋਂ ਦੇਖਣ ਦੀ ਸ਼ਰਾਰਤ ਦੇਸ਼ ਦਾ ਵੱਡਾ ਨੁਕਸਾਨ ਕਰ ਸਕਦੀ ਹੈ।

ਇਸੇ ਰਿਪੋਰਟ 'ਚ ਦਰਜ ਅੰਕੜੇ ਦੱਸਦੇ ਹਨ ਕਿ ਸਾਲ 2050 ਤਕ ਹਿੰਦੂ ਧਰਮ ਦੇ ਪੈਰੋਕਾਰਾਂ ਦੀ ਆਬਾਦੀ 120 ਕਰੋੜ ਹੋ ਜਾਵੇਗੀ, ਜੋ ਦੇਸ਼ ਦੀ ਕੁੱਲ ਆਬਾਦੀ ਦਾ 76.7 ਪ੍ਰਤੀਸ਼ਤ ਹੋਵੇਗਾ। ਇਸ ਦੇ ਮੁਕਾਬਲੇ ਦੇਸ਼ ਅੰਦਰ ਮੁਸਲਮਾਨਾਂ ਦੀ ਆਬਾਦੀ ਭਾਰਤ ਦੀ ਕੁੱਲ ਵਸੋਂ ਦਾ 18.4 ਪ੍ਰਤੀਸ਼ਤ ਹੋ ਜਾਵੇਗੀ। ਸਪਸ਼ਟ ਹੈ ਕਿ ਬਹੁਗਿਣਤੀ ਬਣਨਾ ਤਾਂ ਦੂਰ, ਅੱਜ ਤੋਂ ਤਿੰਨ ਦਹਾਕੇ ਬਾਅਦ ਵੀ ਮੁਸਲਮਾਨਾਂ ਦੀ ਆਬਾਦੀ ਦੇਸ਼ ਅੰਦਰ ਹਿੰਦੂਆਂ ਦੀ ਕੁੱਲ ਆਬਾਦੀ ਦੇ ਨੇੜੇ-ਤੇੜੇ ਵੀ ਢੁੱਕਣ ਜੋਗੀ ਨਹੀਂ ਹੋਵੇਗੀ।

ਮੁਸਲਮਾਨ ਆਬਾਦੀ ਦੀ ਸਾਲਾਨਾ ਵਾਧਾ ਦਰ ਬਾਬਤ ਮੌਜੂਦ ਅੰਕੜੇ ਅਜਿਹਾ ਹੀ ਇਕ ਹੋਰ ਮਹੱਤਵਪੂਰਨ ਤੱਥ ਹੈ, ਜਿਸ ਨੂੰ ਹਿੰਦੂਤਵੀ ਤਾਕਤਾਂ ਨੇ ਮੁਸਲਮਾਨਾਂ ਵਿਰੁੱਧ ਪ੍ਰਚਾਰ ਦੇ ਸੰਦ ਵੱਜੋਂ ਵਰਤਿਆ ਹੈ। ਸੰਨ 2001-2011 ਦੇ ਦਹਾਕੇ ਦੌਰਾਨ ਮੁਸਲਮਾਨਾਂ ਦੀ ਆਬਾਦੀ 'ਚ 24.60 ਪ੍ਰਤੀਸ਼ਤ ਸਾਲਾਨਾ ਵਾਧਾ ਦਰ ਦਰਜ ਕੀਤੀ ਗਈ, ਜਦੋਂਕਿ ਹਿੰਦੂਆਂ ਦੇ ਸੰਦਰਭ ਵਿਚ ਇਹ ਦਰ 16.76 ਪ੍ਰਤੀਸ਼ਤ ਰਹੀ। ਬਹੁਗਿਣਤੀ ਸਮੂਹ ਨੂੰ ਖੌਫ਼ਜ਼ਦਾ ਕਰਨ ਲਈ ਸੰਘੀ ਪ੍ਰਚਾਰ ਮਸ਼ੀਨਰੀ ਸਾਲਾਨਾ ਦਰ ਦੇ ਇਸ ਪਾੜੇ ਦਾ ਹਵਾਲਾ ਵੀ ਦਿੰਦੀ ਹੈ। ਪਰ ਜੇ ਇਨ੍ਹਾਂ ਦਰਾਂ ਦੀ ਸੰਨ 1991 ਤੋਂ 2001 ਦੇ ਦਹਾਕੇ ਨਾਲ ਤੁਲਨਾ ਕਰੀਏ ਤਾਂ ਮੁਸਲਮਾਨਾਂ ਦੀ ਆਬਾਦੀ ਵਧਣ ਦੀ ਦਰ 4.92 ਪ੍ਰਤੀਸ਼ਤ ਘਟੀ ਹੈ, ਜਦੋਂਕਿ ਹਿੰਦੂਆਂ ਦੇ ਮਾਮਲੇ ਵਿਚ ਇਹ ਗਿਰਾਵਟ 3.16 ਪ੍ਰਤੀਸ਼ਤ ਦਰਜ ਹੋਈ ਹੈ। ਬੇਸ਼ੱਕ ਦੋਹਾਂ ਧਰਮਾਂ ਦੀ ਸਾਲਾਨਾ ਆਬਾਦੀ ਵਧਣ ਦੀ ਦਰ ਘਟ ਰਹੀ ਹੈ, ਪਰ ਮਹੱਤਵਪੂਰਨ ਤੱਥ ਇਹ ਹੈ ਕਿ ਮੁਸਲਮਾਨਾਂ 'ਚ ਇਸ ਗਿਰਾਵਟ ਦੀ ਰਫ਼ਤਾਰ ਹਿੰਦੂਆਂ ਦੇ ਮੁਕਾਬਲੇ ਜ਼ਿਆਦਾ ਹੈ।

ਆਬਾਦੀ ਸਬੰਧੀ ਅਨੁਮਾਨ ਲਗਾਉਣ ਦਾ ਇਕ ਮਹੱਤਵਪੂਰਨ ਪੈਮਾਨਾ ਕੁੱਲ ਜਣਨ ਸ਼ਕਤੀ ਦਰ (ਟੋਟਲ ਫਰਟਿਲਿਟੀ ਰੇਟ) ਹੈ। ਇਸ ਦਾ ਮੋਟਾ ਜਿਹਾ ਮਤਲਬ ਇਹ ਹੈ ਕਿ ਇਕ ਔਰਤ ਆਪਣੇ ਜੀਵਨਕਾਲ ਦੌਰਾਨ ਕਿੰਨੇ ਬੱਚੇ ਪੈਦਾ ਕਰ ਰਹੀ ਹੈ/ਕਰੇਗੀ। ਕਿਸੇ ਵੀ ਸਮੂਹ ਦੀ ਆਬਾਦੀ ਦਾ ਸੰਤੁਲਨ ਬਰਕਰਾਰ ਰੱਖਣ ਲਈ ਇਹ ਦਰ 2.1 ਦੇ ਇਰਦ-ਗਿਰਦ ਜ਼ਰੂਰੀ ਹੈ। ਇਹ ਦਰ ਘਟਣ ਦੀ ਸੂਰਤ ਵਿਚ ਆਬਾਦੀ ਵੀ ਘਟੇਗੀ। ਪੀਊ ਰੀਸਰਚ ਸੈਂਟਰ ਦਾ ਅਨੁਮਾਨ ਹੈ ਕਿ ਸੰਨ 2050 ਤਕ ਪਹੁੰਚਦੇ-ਪਹੁੰਚਦੇ ਭਾਰਤੀ ਹਿੰਦੂਆਂ 'ਚ ਇਹ ਦਰ 1.8 ਰਹਿ ਜਾਵੇਗੀ ਪਰ ਨਾਲ ਹੀ ਰਿਪੋਰਟ ਇਹ ਵੀ ਤਸਦੀਕ ਕਰਦੀ ਹੈ ਕਿ ਮੁਸਲਮਾਨਾਂ ਦੇ ਸਮੂਹਾਂ ਵਿਚ ਵੀ ਇਹ ਦਰ ਹਿੰਦੂਆਂ ਜਿੰਨੀ ਹੀ ਰਫ਼ਤਾਰ ਨਾਲ ਗਿਰਾਵਟ ਦਰਜ ਕਰੇਗੀ। ਸਾਲ 2050 'ਚ ਮੁਸਲਮਾਨਾਂ 'ਚ ਇਹ ਦਰ ਮੌਜੂਦਾ 3.1 ਤੋਂ ਘੱਟ ਕੇ 2.3 ਰਹਿ ਜਾਵੇਗੀ ਤੇ ਹਿੰਦੂਆਂ ਅੰਦਰ ਇਹ ਦਰ 2.4 ਤੋਂ ਘਟ ਕੇ 1.8 ਰਹਿ ਜਾਵੇਗੀ। ਦੋਹਾਂ ਸਮੂਹਾਂ ਵਿਚ ਇਹ ਗਿਰਾਵਟ ਬਰਾਬਰ (20 ਪ੍ਰਤੀਸ਼ਤ) ਦਰਜ ਕੀਤੀ ਗਈ ਹੈ। ਸੋ ਇਹ ਆਖਣਾ ਝੂਠ ਹੈ ਕਿ ਜਣਨ ਸ਼ਕਤੀ ਦਰ ਸਿਰਫ਼ ਹਿੰਦੂ ਸਮੂਹ ਵਿਚ ਹੀ ਘਟ ਰਹੀ ਹੈ। ਸੋ, ਅੰਕੜੇ ਗਵਾਹੀ ਭਰਦੇ ਹਨ ਕਿ ਭਾਰਤ ਦੇ ਇਕ ਮੁਸਲਿਮ ਬਹੁਗਿਣਤੀ ਦੇਸ਼ ਵਿਚ ਤਬਦੀਲ ਹੋਣ ਵਾਲੇ ਦਾਅਵੇ ਬੇਬੁਨਿਆਦ ਹਨ।

ਹੁਣ ਆਲਮ ਇਹ ਹੈ ਕਿ ਦੇਸ਼ ਦੀ ਹਰ ਸਮੱਸਿਆ ਦਾ ਠੀਕਰਾ ਮੁਸਲਮਾਨ ਤੇ ਉਨ੍ਹਾਂ ਦੀ ਆਬਾਦੀ ਸਿਰ ਭੰਨਿਆ ਜਾ ਰਿਹਾ ਹੈ। ਚੰਗਾ ਹੋਵੇ ਜੇ ਸਮਾਜਿਕ-ਆਰਥਿਕ ਚੌਖਟੇ 'ਚ ਪਹਿਲਾਂ ਹੀ ਇਕ ਨੁੱਕਰੇ ਲੱਗੀ ਘੱਟ-ਗਣਤੀ ਨੂੰ ਸਹਿਮਜ਼ਦਾ ਕਰਨ ਦੀ ਥਾਂ, ਭਾਜਪਾ ਆਗੂ ਦੇਸ਼ ਦੇ ਮੁਸਲਮਾਨਾਂ ਨੂੰ ਉਹ ਆਜ਼ਾਦ ਫਿਜ਼ਾ ਬਖ਼ਸ਼ਣ ਜੋ ਭਾਰਤੀ ਮੁਸਲਮਾਨਾਂ ਨੂੰ ਸਮਾਜਿਕ-ਆਰਥਿਕ ਵਿਕਾਸ ਲਈ ਕੋਈ ਗੁੰਜਾਇਸ਼ ਮੁਹੱਈਆ ਕਰਵਾ ਸਕੇ। ਇਉਂ ਭਾਜਪਾਈਆਂ ਦਾ ਭਾਰਤ ਦੇ ਮੁਸਲਿਮ ਬਹੁਗਿਣਤੀ ਦੇਸ਼ ਵਿਚ ਵਟ ਜਾਣ ਦਾ ਬੇਬੁਨਿਆਦ ਤੌਖਲਾ ਵੀ ਜਾਂਦਾ ਰਹੇਗਾ।

# ਪੰਜਾਬੀ ਦੇ ਨਾਮਵਰ ਲੇਖਕ ਜਸਵੰਤ ਸਿੰਘ ਕੰਵਲ ਦਾ ਪੰਜਾਬੀਆਂ ਦੇ ਨਾਂ ਖੁੱਲ੍ਹਾ ਖਤ

## ਪਿਆਰੇ ਪਾਠਕੋ !

ਦਿਲ ਦੇ ਤਾਰਿਓ! ਰੂਹ ਦੇ ਪਿਆਰਿਓ! ਵਿਛੜਨ ਦਾ ਵੇਲਾ ਧੱਕਾ ਦੇ ਕੇ ਆ ਗਿਆ ਏ। ਧੱਕੇ ਮਾਰਦੇ ਮੇਲੇ ਨੇ ਇਕ ਦਿਨ ਖਿਲਰਣਾ ਹੀ ਹੈ। ਆਓ ਰਲ਼ ਮਿਲ ਇਸ ਮੇਲੇ ਨੂੰ ਯਾਦਗਾਰੀ ਬਣਾਈਏ। ਯਾਰਾਂ ਦੋਸਤਾਂ, ਪਾਠਕਾਂ, ਲੇਖਕਾਂ ਅਤੇ ਅਨਾਦੀ ਮੇਲ ਮਿਲਾਪੀਆਂ ਨੂੰ, ਘੁੱਟ ਘੁੱਟ ਜੱਫ਼ੀਆਂ, ਕਸ ਕੇ ਮਿਲੀਏ ਅਤੇ ਪਿਆਰ ਦੀਆਂ ਪੱਕੀਆਂ ਲੀਹਾਂ ਨੂੰ ਯਾਦਗਾਰੀ ਬਣਾਈਏ।

ਦਿਲ ਦਰਿਆ ਵਿਛੋੜਾ, ਯਾਰੀਆਂ ਬਲਿਹਾਰੀਆਂ ਨੂੰ ਹੋਰ ਹੋਰ ਪੱਕਿਆਂ ਕਰਦਾ ਹੈ; ਯਾਰਾਂ ਦੇ ਸਿਦਕ ਦਾ ਇਮਤਿਹਾਨ ਵੀ ਲੈਂਦਾ ਹੈ। ਛਾਲਾਂ ਮਾਰਦੀਆਂ ਯਾਦਾਂ ਨੂੰ ਸਦਾ ਜਵਾਨ ਰੱਖਦਾ ਹੈ। ਧੱਕੇ ਮਾਰਦੀਆਂ 'ਨੇਰ੍ਹੀਆਂ, ਸਿਦਕ ਦੇ ਥੰਮ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀਆਂ। ਮੇਰੀ ਆਖ਼ਰੀ ਤਮੰਨਾ ਹੈ, ਹੰਭਲੇ ਮਾਰ ਕੇ ਜੋੜ ਜ਼ਰੂਰ ਜੋੜਿਓ। ਤਾਰੀਖ਼ੀ ਸ਼ਾਨਾਂਮੱਤੇ ਪੰਜਾਬੀ ਇਤਿਹਾਸ ਨੂੰ ਉਜੜਨ ਤੋਂ ਬਚਾਇਓ। ਉਜਾੜਨ ਵਾਲਾ ਗੁੱਝਾ ਦੁਸ਼ਮਣ ਵੱਡੀਆਂ ਤਾਕਤਾਂ ਵਾਲਾ ਹੈ; ਪਰ ਗੁਰੂ ਦੇ ਬਖ਼ਸ਼ੇ ਸਿਦਕ ਸਬਰ ਨੇ ਕਦੇ ਹਾਰ ਨਹੀਂ ਮੰਨੀ। ਮਾਰੂ 'ਨੇਰ੍ਹੀਆਂ ਪੰਜਾਬ 'ਤੇ ਬੁਰਸ਼ਾਗਰਦੀ ਕਰਦੀਆਂ ਰਹੀਆਂ ਹਨ; ਪਰ ਸਾਡੇ ਬਜ਼ੁਰਗ ਸੂਰਮੇ ਬਾਪੂਆਂ, ਹਰ ਹੋਣੀ ਹਾਫ਼ਤ ਨੂੰ ਲਲਕਾਰਿਆ ਤੇ ਭਜਾਇਆ ਹੈ।

ਮਰਦੇ ਦਮ, ਮੇਰਾ ਆਖ਼ਰੀ ਲਲਕਾਰਾ ਹੈ, ਲੁੱਟੀਂਦੇ ਪੁੱਟੀਂਦੇ ਪੰਜਾਬ ਦੀ ਅਣਖ਼ ਇੱਜ਼ਤ ਨੂੰ ਬਹਾਲ ਰੱਖਿਓ। ਸ਼ਹੀਦ ਬਜ਼ੁਰਗਾਂ ਦੀ ਚੜ੍ਹਦੀ ਕਲਾ ਵਾਲੀ ਇੱਜ਼ਤ ਆਬਰੂ ਨੂੰ ਨਹੁ ਭਰ ਦਾਗ਼ ਨਾ ਆਏ। ਜਿਨ੍ਹਾਂ ਫਾਂਡਰੂਆਂ ਪੰਜਾਬ ਦੀ ਤਾਰੀਖ਼ੀ ਇੱਜ਼ਤ ਨੂੰ ਬੇ-ਅਬਰੂ ਕੀਤਾ ਹੈ; ਬਖ਼ਸ਼ੇ ਨਾ ਜਾਣ। ਲਾਈਲੱਗ ਗੱਦਾਰਾਂ ਨੂੰ ਤਾਰੀਖ਼ ਦੇ ਪੰਨਿਆਂ ਤੋਂ ਹਰ ਹਾਲਤ ਲਾਹ ਦਿੱਤਾ ਜਾਵੇ। ਗੁੱਸੇ ਖੋਰੇ ਜਵਾਨੋ, ਏਸ ਵੱਢਖਾਣੀ ਆਜ਼ਾਦੀ ਨੇ ਸਾਡੀ ਸ਼ਨਾਂਮੱਤੀ ਤਾਰੀਖ਼ ਸੁਆਹ ਕਰਕੇ ਰੱਖ ਦਿੱਤੀ ਹੈ। ਤੁਹਾਨੂੰ ਗੁਰੂ ਗੋਬਿੰਦ ਸਿੰਘ ਦੇ ਸ਼ਾਨਾਂਮੱਤੇ ਸ਼ਹੀਦਾਂ ਦੀ ਵੰਗਾਰ ਲਲਕਾਰਦੀ ਹੈ। ਵਰਤਮਾਨ ਲੀਡਰਸ਼ਿਪ ਦੀਆਂ ਅੰਬਾਰੀ ਗ਼ੱਦਾਰੀਆਂ ਨੇ, ਸਾਡੀ ਚੜ੍ਹਦੀ ਕਲਾ ਵਾਲਾ ਭਰੋਸਾ ਵੀ ਸੁਆਹ ਕਰਕੇ ਰੱਖ ਦਿੱਤਾ ਹੈ। ਬਸ, ਲਹੂ ਡੋਲਵੇਂਲਲਕਾਰਿਆਂ ਬਿਨਾਂ, ਨਾ ਪੰਜਾਬ ਬਚੇ, ਨਾ ਹੀ ਕੁਰਬਾਨੀਆਂ ਭਰੀ ਸਿੱਖੀ ਤਾਰੀਖ਼।

ਪੰਜਾਬ ਵਿਰੋਧੀ, ਕੇਂਦਰ ਦੀ ਹੱਥਬੰਨ੍ਹ, ਹਾਜ਼ਰ ਜਨਾਬ ਹੈ। ਹਾਲੇ ਹੋਰ ਵੱਡੀ ਮੁਸੀਬਤ ਪੰਜਾਬ 'ਤੇ ਆਉਣ ਵਾਲੀ ਹੈ। ਇਹ ਸਰਕਾਰ, ਪੰਜਾਬ ਦੀਆਂ ਅੱਸੀ ਫ਼ੀਸਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਮਿੱਟੀ ਕਰਕੇ ਪੰਜਾਬ ਤਬਾਹ ਕਰਨ 'ਤੇ ਆ ਗਈ ਹੈ। ਇਸ ਸਰਕਾਰ ਨੇ ਵਲਾ ਰੱਤੀਆਂ ਮਾਰ ਕੇ, ਪੰਜਾਬ ਦਾ ਮੁਫ਼ਤ ਪਾਣੀ ਖੋਹ ਕੇ ਅਤੇ ਪਾਣੀ ਵਾਲੀ ਬਿਜਲੀ ਲੁੱਟ ਕੇ, ਪੰਜਾਬ ਕੰਗਾਲਾਂ ਦਾ ਕੰਗਾਲ ਕਰਕੇ ਰੱਖ ਦਿੱਤਾ ਹੈ। ਕਰਜ਼ੇ ਦੀ ਧਾੜ ਮਾਰਿਆ, ਪੰਜਾਬ ਨਾ ਜੀਣ ਜੋਗਾ ਨਾ ਮਰਨ ਜੋਗਾ ਛੱਡਿਆ ਹੈ। ਰੱਬਾ! ਜੇ ਜਿਉਂਦਾ ਜਾਗਦਾ ਏ, ਇਨ੍ਹਾਂ ਦੋਹਾਂ ਲਾਹਨਤਾਂ ਨੂੰ ਸਾਂਭ ਲੈ। ਤੇ ਤਾਰੀਖ਼ੀ ਪੰਜਾਬ ਨੂੰ ਵਸਦਾ ਕਰ। ਸੁੱਤਿਆ ਵਾਹਿਗੁਰੂ! ਅੱਸੀ ਫ਼ੀਸਦੀ ਕੁਰਬਾਨੀਆਂ ਦੇ ਕੇ ਦੇਸ਼ ਆਜ਼ਾਦ ਕਰਾਉਣ ਵਾਲੀ ਛੋਟੀ ਜਿੰਨੀ ਪੰਜਾਬੀ ਕੌਮ ਅਤੇ ਉਸ ਦੇ ਤਾਰੀਖ਼ੀ ਸੱਚ ਦੀ ਪਾਲਣਾ ਕਰ। ਨਹੀਂ, ਤੂੰ ਜ਼ਾਲਮਾਂ ਦਾ ਪੱਖੀ ਬਦਨਾਮ ਹੋਵੇਗਾ। ਮੇਰੀ ਬੇਨਤੀ ਲਲਕਾਰ, ਤੇਰੀ ਦਰਗਾਹ ਹੋਕਰੇ ਮਾਰ ਰਹੀ ਹੈ। ਅੰਤ ਅਖ਼ੀਰ ਮੇਰੇ ਪਾਠਕੋ, ਸੂਰਮੇ ਬਣਿਓ; ਜੀਣ ਦਾ ਆਸਰਾ ਨਸ਼ੰਗ ਘੱਟ ਮਿਲੇ। ਬਸ, ਬਾਪੂ ਪੰਜਾਬ ਦੀ ਚੜ੍ਹਦੀ ਕਲਾ ਤੋਂ ਅੰਤ ਅਖ਼ੀਰ ਸਭ ਕੁਰਬਾਨ। ਵੱਡੇ ਵਾਹਿਗੁਰੂ ਦੀ ਅੰਤ ਫਤਿਹ! ਮੇਰੀ ਭੁੱਲ ਚੁੱਕ ਮੁਆਫ਼! ਵਿਦਾ ਹੁੰਦਾ ਹਾਂ।

### ਆਖ਼ਰੀ ਫੈਸਲੇ ਦੀ ਘੜੀ

ਪੰਜਾਬ! ਤੂੰ ਉੱਜੜ ਨਹੀਂ ਰਿਹਾ, ਮਿੱਥ ਕੇ ਉਜਾੜਿਆ ਜਾ ਰਿਹਾਂ ਏ। ਹਾਅ ਦਾ ਨਾਅਰਾ ਮਾਰਨ ਵਾਲਾ ਕੋਈ ਉਂਘ ਵੀ ਨਹੀਂ ਰਿਹਾ। ਤੇਰੀ ਬਹਾਦਰੀ ਦੀ ਗਾਥਾ ਲਲਕਾਰੇ ਮਾਰਦੀ ਸੀ; ਪਰ ਅੱਜ ਨਸ਼ਿਓਂ ਟੁੱਟੇ ਅਮਲੀ 'ਚੂੰ-ਚੂੰ' ਕਰ ਰਹੇ ਹਨ। ਤੇਰੇ ਅਣਥੱਕ ਕਿਸਾਨ, ਸਾਰੀ ਦਿਹਾੜੀ ਜਿਹੜੇ ਭੁੱਬਾਂ ਮਾਰਦੇ ਸੀ; ਭਾਰੇ ਕੰਮਾਂ ਨੂੰ ਭਜਾਈ ਫਿਰਦੇ ਸੀ, ਬਾਕੀ ਬਚਦੀਆਂ ਕਨਾਲਾਂ ਜ਼ਮੀਨਾਂ ਵੇਚ-ਵੇਚ ਅਮੀਰ ਦੇਸ਼ਾਂ ਨੂੰ ਲੁਕਦੇ ਭੱਜੇ ਜਾ ਰਹੇ ਐ। ਪੰਜਾਬ ਤੇਰੇ 'ਤੇ ਇਹ ਸਾੜ੍ਹਸਤੀ, ਕੀਹਨੇ ਲਿਆ ਮਾਰੀ? ਤੂੰ ਭੁੱਖੇ ਹਿੰਦੁਸਤਾਨ ਨੂੰ ਰੱਜਵੀਂ ਰੋਟੀ ਦੇਣ ਵਾਲਾ ਰੋਟੀ ਦੀ ਭਾਲ ਵਿੱਚ ਆਪਣੇ ਵਾਹੀ ਦੇ ਸੰਦ ਵਲੇਵਾ ਵੇਚ-ਵੇਚ ਅਮੀਰ ਦੇਸ਼ਾਂ ਨੂੰ ਵਾਹੋ ਦਾਹੀ ਭੱਜਿਆ ਜਾ ਰਿਹਾ ਐਂ। ਭਰਾਵਾ ਮਿਹਨਤ ਸਾਰੀ ਸ਼ਾਹੂਕਾਰਾਂ ਸਰਕਾਰਾਂ ਦੀ ਮਿਲਵਰਤਣ ਨਾਲ ਲੁੱਟ ਲਈ; ਹਾਬੜੀਆਂ ਬੈਂਕਾਂ ਰਹਿੰਦੀ-ਖੂੰਹਦੀ ਜ਼ਮੀਨ ਕਾਬੂ ਕਰੀ ਜਾ ਰਹੀਆਂ ਹਨ। ਭੁੱਖਾ ਮਰਨਾ, ਖਾਲੀ ਵਿਹੜੇ 'ਚ ਧਮੱਚੜ ਪਾ ਰਿਹਾ ਹੈ। ਸਾਰਾ ਟੱਬਰ ਮਿਹਨਤ ਕਰਦਾ ਕੌਲਿਆਂ ਨਾਲ ਲੱਗਾ, ਭੁੱਖਾ ਬੁਸ-ਬੁਸ ਰੋ ਰਿਹਾ ਐ। ਭਾਵੀ ਦਾ ਕਹਿਰ ਵੇਖੋ, ਭੁੱਖੇ ਹਿੰਦੁਸਤਾਨ ਦਾ ਢਿੱਡ ਭਰਨ ਵਾਲਾ ਆਪੂੰ ਭੁੱਖਾ, ਬਾਕੀ ਬਚਦੀ ਉਪਜਾਊ ਜ਼ਮੀਨ ਵੇਚ-ਵੇਚ ਅਮੀਰ ਦੇਸ਼ਾਂ ਨੂੰ ਜਹਾਜ਼ੇ ਚੜ੍ਹ ਰਿਹਾ ਐ। ਰੱਜੀ ਆਫ਼ਰੀ ਮੰਡੀ ਘੁਰਾੜੇ ਮਾਰ ਰਹੀ ਹੈ। ਅੰਨ ਉਪਜਾਊ ਮਿਹਨਤੀ ਕਿਸਾਨ, ਭੁੱਖਣ ਭਾਣਾ ਪਰਦੇਸਾਂ ਨੂੰ ਜਾਨ ਬਚਾਉਣ ਲਈ ਵਾਹੋਦਾਹੀ ਭੱਜਾ ਜਾ ਰਿਹਾ ਹੈ। ਯਾਰੋ! ਜਿਸ ਦੇਸ਼ ਵਿੱਚੋਂ ਉਹਦੀ ਮਿਹਨਤ ਉਜੜ ਜਾਵੇ; ਉਹਦਾ ਹਾਲ ਬੇਹਾਲ ਕੀ ਹੋਵੇਗਾ? ਵਿਚਾਰੇ ਉਜੜ ਰਹੇ ਕਿਸਾਨ ਦੀ ਹਾਲ ਦੁਹਾਈ ਸੁਣਨ ਵਾਲੀ ਸਰਕਾਰ ਵੀ ਬੇਪ੍ਰਵਾਹ ਘੁਰਾੜੇ ਮਾਰ ਰਹੀ ਹੈ। ਜਿੱਥੋਂ ਮਿਹਨਤ ਉਜੜ ਜਾਵੇ; ਉਸ ਦੇਸ਼ ਦਾ ਕੀ ਹਾਲ ਹੋਵੇਗਾ? ਲਗਦਾ ਏ, ਦੁਨੀਆ ਦਾ ਵਾਲੀ ਵਾਰਸ ਰੱਬ, ਸੁੱਤਾ ਵੀ ਲੰਮੀ ਚੜ੍ਹਾਈ ਕਰ ਗਿਆ ਏ। ਉਜੜਦੀ ਕਿਸਾਨੀ ਮਿਹਨਤ 'ਤੇ ਹਾਅ ਦਾ ਨਾਅਰਾ ਮਾਰਨ ਵਾਲਾ ਵੀ ਜ਼ੋਰਾਵਰਾਂ ਗਾਇਬ ਕਰ ਲਿਆ ਏ। ਡਾਢਿਆਂ ਦੀ ਦੁਹਾਈ ਪੁਕਾਰਦੀ ਐ: ਕੋਈ ਹੈ ਜਿਉਂਦਾ ਜਾਗਦਾ ਜਾਂ ਸਾਰੇ ਹੀ ਕਹਿਰ ਫਿਰ ਗਿਆ? ਭੁੱਖੀ ਮਰਦੀ ਹਾਲ ਦੁਹਾਈ ਤੇ ਹਾਅ ਦਾ ਨਾਅਰਾ ਮਾਰਨ ਵਾਲਾ ਵੀ ਕੋਈ ਨਹੀਂ? ਕੀ ਬਣੂੰ ਜਿਉਂਦੀ ਜਾਗਦੀ ਪੰਜਾਬ ਦੀ ਦੁਨੀਆ ਦਾ? ਮਿਹਨਤ ਕਰਨ ਵਾਲਿਆਂ 'ਤੇ ਕਹਿਰ! ਅਜਿਹੀ ਪੁੱਠੀ ਭੁਆਲੀ, ਬਾਜੇ ਬਜਾਉਂਦੀ ਆਜ਼ਾਦੀ ਦੇ ਘਰ ਆਉਣੀ ਖ਼ੁਦਾਈ ਕਹਿਰ ਨਹੀਂ?

ਪੰਜਾਬ! ਤੂੰ ਚੜ੍ਹਦੀ ਤੋਂ ਚੜ੍ਹਦੀ ਕਤਲ਼ਾਮ ਹੰਢਾਈ; ਹੁਣ ਭੁੱਖਾ, ਹਾੜ੍ਹਦਾ ਕਹਿਰ ਵੀ ਵੇਖ ਲੈ। ਪੰਜਾਬ, ਤੇਰੇ ਕਾਮੇ ਪੁੱਤ ਤੈਨੂੰ ਤਿਲਾਂਜਲੀ ਵਾਲੀ ਜਾਂਦੀ ਵਾਰ ਦੀ ਫਤਹਿ ਬੁਲਾ ਰਹੇ ਆ। ਏਸ ਬੁੱਢੀ ਉਮਰ ਵਿੱਚ ਤੂੰ ਕੀ ਕਰੇਂਗਾ? ਹਰਾਮ ਖਾਣ ਵਾਲਿਆਂ ਬਾਪੂ ਮਰੇ ਤੋਂ ਵੀ ਧਾਹਾਂ ਕਦੇ ਨਹੀਂ ਮਾਰੀਆਂ। ਤੇਰੇ ਵੱਡਾ ਛੋਟਾ ਦੋਵੇਂ ਪੁੱਤ, ਤੇਰੀ ਸੇਵਾ ਤੋਂ ਭੱਜ ਨਿਕਲੇ, ਤੂੰ ਕੀ ਕਰੇਂਗਾ? ਤੇਰਾ ਕੀ ਹਾਲ ਬੇਹਾਲ ਹੋਵੇਗਾ? ਬਾਬਰ ਦੀ ਨੰਗੀ ਕਤਲ਼ਾਮ ਤੋਂ ਤੇਰਾ ਪੁੱਤ ਗੁਰੂ ਨਾਨਕ ਧਾਹਾਂ ਮਾਰ-ਮਾਰ ਕੇ ਰੋਇਆ (ਕੂਕਿਆ) ਸੀ। ਪਰ ਹੁਣ ਭੁੱਖ ਦੇ ਚਾੜ੍ਹੇ ਕਹਿਰ ਉੱਤੇ ਸਾਰਿਆਂ ਅੱਖਾਂ ਮੀਟ ਲਈਆਂ; ਕੀ ਬਣੂੰ ਭੁੱਖੀ ਦੁਨੀਆ ਦਾ? ਤੇਰਾ ਪੰਜਾਬ ਦਿਨੇ ਦੁਪਹਿਰੇ ਰੰਡਾ। ਰੋਇਆਂ ਪਿੱਟਿਆਂ ਕਦੇ ਕੋਈ ਜਿਉਂਦਾ ਨਹੀਂ ਹੋਇਆ ਪਰ ਬਾਪੂ ਪੰਜਾਬ, ਤੇਰਾ ਕੰਵਲ ਪੁੱਤ ਤੇਰੀ ਅਣਹੋਣੀ 'ਤੇ ਆਥਣ ਸਵੇਰ ਧਾਹਾਂ ਜ਼ਰੂਰ ਮਾਰਦਾ ਹੈ। ਜਿਨ੍ਹਾਂ ਸ਼ਰਾਬੀਆਂ, ਅਮਲੀਆਂ ਤੇ ਵਿਹਲੜ ਹਰਾਮਖੋਰਾਂ ਦਾ ਧਮੱਚੜ ਨਵੇਂ ਪੁਆੜੇ ਖੜ੍ਹੇ, ਦੁਨੀਆ ਦਾ ਕੋਈ ਫੰਨੇ ਖਾਂ ਵੀ ਕੁਝ ਨਹੀਂ ਜਾਣਦਾ।

"ਤੂੰ ਕੰਵਲਾ, ਨਿਰੀਆਂ ਹੱਡੀਆਂ ਦੀ ਮੁੱਠ ਹੀ ਰਹਿ ਗਿਆ ਏਂ, ਮੇਰੇ ਤਕ ਪਹੁੰਚਣ ਜੋਗੇ ਸਾਹ ਸੰਭਾਲ।" ਲਓ, ਮੇਰੀ ਰਾਣੋ ਵੀ ਅਵਾਕ 'ਚੋਂ ਬੋਲ ਪਈ। ਉਹ ਮੈਨੂੰ ਉੱਖੜਦੇ ਨੂੰ ਧਾਪੜਾਂ ਮਾਰਦੀ ਹੈ।

"ਤੂੰ ਜਿਹੜਾ ਗੁੱਝਾ ਦੁੱਖ ਦੇ ਗਈ ਏਂ, ਮੈਂ ਉਹਦਾ ਮਾਰਿਆਂ ਹੀ ਲੰਮੇ ਜਬਾਕੇ ਖਾ ਰਿਹਾ ਆਂ। ਤੂੰ ਹੁਣ ਅਰਸ਼ਾਂ-ਫਰਸ਼ਾਂ ਤੋਂ ਪਾਰ ਬੈਠੀ ਹਦਾਇਤਾਂ ਚਾੜ੍ਹ ਰਹੀ ਏ। ਵਲ਼ ਤੇਰੇ ਵੀ ਕੱਢਣ ਵਾਲੇ ਸੀ, ਤੂੰ ਮੇਰੇ 'ਤੇ ਬੁਰੀ ਤਰ੍ਹਾਂ ਹੱਥ ਫੇਰ ਗਈ ਏਂ। ਕੋਈ ਨਾਅ, ਤੂੰ ਮੇਰੇ ਹਉਕਿਆਂ ਹਾਵਿਆਂ ਦਾ ਸਬਰ ਲੁੱਟ, ਤੇਰੇ ਦਿੱਤੇ ਦੁੱਖੜੇ ਤੇਰੇ ਜਿਉਂਦਿਆਂ ਵੀ ਖ਼ਾਮੋਸ਼ੀ ਨਾਲ ਝੱਲੀ ਗਿਆ ਆਂ, ਹੁਣ ਹੋਰ ਦੁੱਖ ਦੇ ਲੈ।"

"ਕਿਉਂ ਔਖੀਆਂ ਗੱਲਾਂ ਕਰਦਾ ਏਂ, ਇਹ ਵਿਛੋੜਾ ਵੀ ਤੇਰੇ ਮੇਰੇ ਸਿਦਕ ਦਾ ਇਮਤਿਹਾਨ ਲੈਂਦਾ ਏ। ਤੂੰ ਛੇਤੀ ਆ ਜਾਹ।"

"ਹੁਣ ਮੈਂ ਪਹਿਲਾਂ ਵਾਂਗ ਅਧੀਨਗੀ ਨਾਲ਼ ਤੇਰੇ ਪੇਸ਼ ਨਹੀਂ ਹੋਣਾ। ਤੂੰ ਸਾਰੀ ਉਮਰ ਲੜਦੀ ਝਗੜਦੀ ਹੀ ਰਹੀ ਏਂ। ਹੁਣ ਤੇਰੇ ਖੂੰਜੇ ਖੱਲੜੇ ਲੁਕੇ ਤੇਰੇ ਸਾਰੇ ਵਲ਼ ਸਿੱਧੇ ਕਰਨੇ ਐ। ਤੂੰ ਮੈਨੂੰ ਸੁਖ ਪਿਆਰ ਦਿੱਤਾ ਵੀਹ ਫ਼ੀਸਦੀ ਤੇ ਅੱਸੀ ਫ਼ੀਸਦੀ ਮੈਨੂੰ ਮੁਜਰਮਾਂ ਵਾਂਗ ਖੜ੍ਹਾ ਈ ਰੱਖਿਆ ਹੈ। ਮੇਰੇ ਆਖੇ ਨਹੀਂ ਲੱਗੀ, ਮੈਨੂੰ ਹਲ੍ਹਟ ਜੋੜੇ ਬੋਤੇ ਵਾਂਗ ਵਾਹਿਆ ਹੈ। ਪਿਆਰ ਤੇਰੇ ਵਾਂਗ ਕਰਦੇ ਐ?"

"ਭਲਿਆ! ਤੂੰ ਛੇਤੀ ਆ ਜਾਹ; ਆਪਣੀਆਂ ਸਾਰੀਆਂ ਅਗਲੀਆਂ ਪਿਛਲੀਆਂ ਬਰਾਬਰ ਕਰ ਲਵੀਂ। ਮੇਰੀਆਂ ਵਧੀਕੀਆਂ ਮਾਫ਼ ਕਰ, ਮੈਂ ਤੇਰੀ ਫੁਲੜੀ ਹਾਂ।"



"ਬਸ ਏਸ ਮਿੱਠੀ ਹਵਾਂਕਣੀ ਨਾਲ ਆਪਣਾ ਪੱਲਾ ਝਾੜ ਦੇਂਦੀ ਰਹੀ ਏਂ। ਤੂੰ ਸਾਰੀ ਉਮਰ ਮੇਰੇ ਨਾਲ ਵਧੀਕੀਆਂ ਕਰਦੀ ਰਹੀ ਏਂ।"

"ਬਾਬਾ ਗੁਰੂ, ਕਰ ਲਵੀਂ ਮਨਮਰਜ਼ੀ ਦੀਆਂ ਵਧੀਕੀਆਂ। ਪਰ ਛੇਤੀ ਮੇਰੀ ਬੁੱਕਲ 'ਚ ਪਹੁੰਚ ਜਾ। ਮੈਨੂੰ ਮਨਮਰਜ਼ੀ ਦੀ ਕੁੱਟ ਮਾਰ ਕਰ ਲਵੀਂ। ਤੂੰ ਮੇਰਾ ਫੁੱਲ ਕੰਵਲ, ਤੈਨੂੰ ਸੀਨੇ ਲਾ ਕੇ ਰੱਖੂੰ ਪਰ ਛੇਤੀ ਆ ਜਾ।"

"ਤੇਰਾ ਕੋਈ ਅਤਾ-ਪਤਾ ਨਹੀਂ, ਕਦੋਂ ਕਿਵੇਂ ਸਿਰ ਚੜ੍ਹ ਆ ਬੋਲੇ। ਇਹ ਮੈਂ ਈ ਸੀ, ਜਿਹੜਾ ਤੇਰੀਆਂ ਵਧੀਕੀਆਂ ਸਹਿੰਦਾ ਰਿਹਾ। ਕਿਸੇ ਦੇ ਹੋਣ ਦਾ ਮਤਲਬ ਐ, ਸਾਰਾ ਉਹਦਾ ਹੋ ਜਾਣਾ। ਤੇਰੀ ਦਬੜ ਸੱਟ, ਕੁਝ ਨਹੀਂ ਸੋਚਦੀ ਸੀ : ਮੈਂ ਤੇਰਾ ਪਿਆਰ ਸਾਂ, ਤੂੰ ਮੈਨੂੰ ਆਪਣੀ ਡਾਕਟਰੀ ਆਕੜ ਵਿੱਚ ਖੜ੍ਹਾ ਹੀ ਰੱਖਿਆ।"

"ਹੁਣ ਅੱਗਾ ਤੇਰਾ ਪਿੱਛਾ ਮੇਰਾ : ਜਿਵੇਂ ਚਲਾਵੇਂਗਾ ਉਸ ਤਰ੍ਹਾਂ ਹੀ ਚੱਲਾਂਗੀ। ਪੱਕੀ ਤੇਰੀ ਸੇਵਾਦਾਰਨੀ ਮੇਰੀਆਂ ਵਧੀਕੀਆਂ ਮਾਫ਼ ਕਰੀਂ।"

"ਬਸ ਮੈਂ ਛੇਤੀ ਆਇਆ, ਸਾਰੇ ਫ਼ਿਕਰ ਵਗਾਹ ਦੇ।"

ਪਿਆਰੋ ਪਾਠਕੋ! ਤੁਸੀਂ ਹਾਣੀ ਵੀ ਸਾਥੀ ਵੀ। ਪਾਠਕ ਸਾਰੇ ਹੀ ਲੇਖਕ ਦੇ ਭਰਾ ਹੁੰਦੇ ਹਨ। ਤੁਹਾਡੇ ਪਿਆਰ ਨਾਲ਼ ਚੱਕਵੇਂ ਪੈਰੀਂ ਰਿਹਾ ਆਂ। ਤੁਹਾਡੀ ਮਿਹਰਬਾਨੀ ਸਦਾ ਉਛਾਲੇ ਮਾਰਦੀ ਰਹੀ ਐ। ਤੁਹਾਡੀ ਸੇਵਾ 'ਚ ਲੱਗਾ ਕੁਦਾੜੀਆਂ ਮਾਰਦਾ ਰਿਹਾ ਆਂ ਪਰ ਜਿੰਨੀ ਦਿਲ ਵਿੱਚ ਚਾਹ ਸੀ, ਓਨੀ ਤੁਹਾਡੀ ਸੇਵਾ ਨਹੀਂ ਕਰ ਸਕਿਆ। ਸਰਕਾਰੀ ਸੰਕਟਾਂ ਨੇ ਪੰਜਾਬ ਦੇ ਥੰਮ੍ਹ ਗੁਰਦੇ ਹਿਲਦੇ ਕਰ ਮਾਰੇ। ਦਿਆ ਕਰੋ ਜਿਉਂਦੇ ਰੱਬ ਕੋਲ, ਇਸ ਤਰ੍ਹਾਂ ਦੀ ਵੱਢ ਖਾਣੀ ਆਜ਼ਾਦੀ, ਕਿਸੇ ਬੇਗੁਨਾਹ ਦੇਸ਼ ਨੂੰ ਨਾ ਮਿਲੇ। ਭਰਾਵੋ! ਮੇਰੀ ਬੇਨਤੀ ਐ, ਡਾਢੇ ਰੱਬ ਕੋਲ, ਇਸ ਤਰ੍ਹਾਂ ਦੀ ਅਰਦਾਸ, ਉਲਾਂਭੇ ਭਰੀ ਬੇਨਤੀ ਜ਼ਰੂਰ ਕਰਿਓ ਕਿ ਕਿਸੇ ਪੰਜਾਬ ਵਰਗੇ ਨਿਰਦੋਸ਼ ਦੇਸ਼ ਨੂੰ ਕੁਲਹਿਣੀ ਆਜ਼ਾਦੀ ਨਾ ਦੇਵੋ, ਜਿਸ ਤਰ੍ਹਾਂ ਦੀ ਮਿਹਨਤੀ ਪੰਜਾਬ ਨੂੰ ਬਦਲੇ ਲੈਣੀ ਦਿੱਤੀ ਐ। ਭਲਾ ਰੱਬਾ! ਇਹ ਦੱਸ, ਪੰਜਾਬ ਨੇ ਕਿਹੜਾ ਗੁਨਾਹ ਕੀਤਾ ਸੀ, ਜਿਸ ਦੀ ਸਜ਼ਾ ਆਜ਼ਾਦੀ ਦੇਣ ਵੇਲੇ ਖੁੱਲ੍ਹੀ ਕਤਲ਼ਾਮ ਵਰਤਾਈ? ਫਿਰ ਰਾਤ ਦਿਨ ਮਿਹਨਤ ਕਰਦੇ ਪੰਜਾਬ ਨੂੰ ਭੁੱਖ ਦੇ ਦੋਹੱਥੜਾਂ ਨਾਲ਼ ਬੇਹਾਲ ਕਰ ਮਾਰਿਆ? ਆਜ਼ਾਦੀ ਦੀ ਜੰਗ ਵਿਚ ਅੱਸੀ ਫ਼ੀਸਦੀ ਨੰਗੀਆਂ ਲਲਕਾਰਦੀਆਂ ਕੁਰਬਾਨੀਆਂ ਦਿੱਤੀਆਂ। ਤਿੱਖੜ ਦੁਪਹਿਰੇ ਮਿਹਨਤ ਕਰਦਿਆਂ ਭੁੱਖੇ ਹਿੰਦੁਸਤਾਨ ਨੂੰ ਰਜਾਇਆ। ਕੁਰਬਾਨੀਆਂ ਕਰਨ ਵਾਲੇ ਤੇ ਮਿਹਨਤ ਨਾਲ਼ ਮੁੜਕੋ-ਮੁੜਕੀ ਹੋਣ ਵਾਲੇ ਪੰਜਾਬ ਨੂੰ ਭੋਖੜੇ ਦੀ ਐਨੀ ਵੱਡੀ ਸਜ਼ਾ? ਕੁਰਬਾਨੀਆਂ ਕਰਨ ਵਾਲੇ ਤੇ ਮਿਹਨਤ ਨਾਲ਼ ਭੁੱਖੇ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਨੂੰ ਭੋਖੜੇ ਦੀ ਐਨੀ ਲੰਮੀ ਸਜ਼ਾ? ਕਿ ਉਹ ਉਪਜਾਊ ਜ਼ਮੀਨਾਂ ਵੇਚ-ਵੇਚ ਅਮੀਰ ਦੇਸ਼ਾਂ ਦਾ ਵਗਾਰੀ ਜਾ ਬਣੇ? ਕਿਹੜੀ ਆਜ਼ਾਦੀ ਦੀ ਕਿਤਾਬ ਵਿੱਚ ਲਿਖਿਆ ਏ? ਪੰਜਾਬੀਓ! ਤੁਸਾਂ ਗੁਲਾਮੀ ਵਿਰੁੱਧ ਆਜ਼ਾਦੀ ਲੈਣ ਲਈ ਜਵਾਨ ਲਹੂ ਨਿਸ਼ਾਵਰ ਕੀਤਾ, ਭੁੱਖੇ ਹਿੰਦੁਸਤਾਨ ਨੂੰ ਆਪ ਭੁੱਖੇ ਰਹਿ ਕੇ ਰਜਾਇਆ। ਫੇਰ ਵੀ ਐਨੀ ਵੱਡੀ ਕੁਰਬਾਨੀ ਨੂੰ, ਲੱਕ ਤੋੜਵੀਂ ਮਿਹਨਤ ਨੂੰ, ਤੁਸਾਂ ਭੁੱਖੇ ਰੱਜੇ ਰਾਣਿਆਂ, ਮਿਹਨਤੀ ਪੰਜਾਬ ਨੂੰ ਪਰਦੇਸਾਂ ਦੇ ਰਾਹ ਪਾਇਆ? ਪੰਜਾਬ ਸਿਰ ਚੜ੍ਹੇ ਕਰਜ਼ੇ ਨੇ ਮਿਹਨਤੀ ਦੇਸ਼ ਨੂੰ ਗਲੀਆਂ ਦਾ ਖ਼ਾਲੀ ਕੂੜਾ ਕਰਕਟ ਬਣਾ ਧਰਿਆ? ਬੇਥਾਹ ਕੁਰਬਾਨੀ ਤੇ ਅਣਥੱਕ ਮਿਹਨਤ ਨੂੰ ਐਨੀ ਵੱਡੀ ਸਜ਼ਾ, ਕਿਹੜੀ ਆਜ਼ਾਦੀ ਦੀ ਕਿਤਾਬ ਵਿੱਚ ਲਿਖੀਆਂ ਹਨ?

ਅਥਾਹ ਕਰਜ਼ੇ ਮਾਰੇ ਪੰਜਾਬੀ ਭਰਾਓ, ਤੁਹਾਡੀ ਸਾਰਥੀ ਮਦਦ ਕਰਨ ਵਾਲਾ ਕੋਈ ਰੱਬ ਨਹੀਂ। ਜਦੋਂ ਮਿਹਨਤ ਤੇ ਕੁਰਬਾਨੀਆਂ ਨਾਲ਼ ਜਾਨਾਂ ਬਚਾਉਣ ਵਾਲੇ ਮਿਹਨਤੀ ਦੇਸ਼ ਭਗਤ ਹੀ ਦੁਸ਼ਮਣ ਬਣਾ ਲਏ ਜਾਣ; ਉਸ ਦਰਬਾਰੋਂ ਕੁਦਰਤੀ ਨਿਆਂ ਦੀ ਕੀ ਆਸ ਰੱਖਦੇ ਹੋ? ਪੰਜਾਬੀਓ ਲਗਦਾ ਏ ਤੁਹਾਡੀ ਤਾਂ ਹੋਸ਼ ਹੀ ਗਵਾਚ ਗਈ ਐ। ਦਿਨੇ ਦੁਪਹਿਰੇ ਤੁਹਾਡੇ ਉੱਤੇ ਤੁਹਾਡਿਆਂ ਤੋਂ ਹੀ ਕਹਿਰ ਦਾ ਜ਼ੁਲਮ ਕਰਵਾਇਆ ਜਾ ਰਿਹਾ ਹੈ। ਪੰਜਾਬੀਓ ਤੁਹਾਡੀ ਮਿਹਨਤ ਖਾਂਦਾ ਸਾਰਾ ਸੰਤ ਲਾਣਾ ਦੁਸ਼ਮਣਾਂ ਦਾ ਮੱਦਦਗਾਰ ਕਹਿੰਦਾ ਹੈ, ਮੈਂ ਗੁਰੂਘਰ ਦਾ ਦੋਸਤ ਹਾਂ? ਗੁਰੂ ਨਾਨਕ ਜੀ ਨੇ ਸਤਾਰਾਂ ਵਰ੍ਹੇ ਕਰਤਾਰਪੁਰ ਦੇ ਖੇਤਾਂ ਵਿੱਚ ਹਲ਼ ਵਾਹਿਆ ਅਤੇ ਆਪਣੇ ਸਿੱਖਾਂ ਨੂੰ ਕਰੜੀ ਮਿਹਨਤ ਦੇ ਰਾਹ ਪਾਇਆ ਪਰ ਇਹ ਮੁਫ਼ਤਖੋਰ ਸੰਤ ਲਾਣਾ ਕਿਹੜੇ ਸੁਆਦਾਂ ਦੇ ਰਾਹ ਪਿਆ ਏ? ਬਸ ਚੁੱਪ ਹੀ ਭਲੀ। ਹਾਂ ਹੁਣ ਸਾਇੰਸ ਵਾਲਿਆਂ ਅਤੇ ਬੁਨਿਆਦੀ ਰੱਬ ਵਿਚਕਾਰ, ਸੰਧੀ ਹੋ ਗਈ ਕਿ ਕੌਣ ਵਡਾਰੂ ਹੈ? ਸੰਤ ਲਾਣਾ ਰੱਬ ਪਾਸੇ ਤੇ ਕਾਰੀ ਲੋਕ ਸੁਖਾਲਾ ਰਾਹ ਕਰਕੇ ਸਾਇੰਸ ਨਾਲ਼ ਜੁੜ ਗਏ। ਦੋਹਾਂ ਵਿਚ ਬੁਨਿਆਦੀ ਵਿਰੋਧ ਕਾਇਮ ਹੈ; ਪਰ ਫ਼ੈਸਲਾ ਹਾਲੇ ਮੁਲਤਵੀ ਐ। ਦੂਰ ਅੰਦੇਸ਼ ਸਿਆਣੇ ਸਾਇੰਸ ਨਾਲ਼ ਜੁੜ ਗਏ। ਸੋਚੋਂ ਖ਼ਾਲੀ ਨਿਰੇ ਵਿਸ਼ਵਾਸ ਵਾਲੇ ਸੰਤ ਲਾਣੇ ਰਾਹੀਂ ਰੱਬ ਦੇ ਭਗਤ ਬਣੇ ਰਹੇ। ਦੋਹਾਂ ਧਿਰਾਂ ਨੂੰ ਵਿਸ਼ਵਾਸ ਹੈ, ਸੱਚ ਸਾਂਝੀ ਮਿਹਨਤ ਨਾਲ ਨਿਖ਼ਰ ਆਵੇਗਾ। ਕਾਰਾਂ ਵਿਹਾਰਾਂ ਰਾਹੀਂ ਸੱਚ ਖ਼ੁਦ-ਬ-ਖ਼ੁਦ ਨਿਖ਼ਰ ਆਵੇਗਾ। ਪਰ ਪ੍ਰਮੁੱਖ ਬੰਦਿਆਂ ਸਮਝ ਲਿਆ ਹੈ ਕਾਰ-ਵਿਹਾਰ ਸੱਚ ਤੇ ਲਾਰਾ-ਲੱਪਾ ਤਿਲਕਣਬਾਜ਼ੀ। ਵੈਸੇ ਫ਼ੈਸਲਾ ਤਾਂ ਲਿਖਿਆ ਪਿਆ ਹੈ; ਪਰ ਸੁਣਾਉਣ ਲਈ ਜੱਜ ਠੀਕ ਸਮੇਂ ਦੀ ਇੰਤਜ਼ਾਰ ਕਰ ਰਹੇ ਹਨ।

ਸੰਸਾਰ ਭੁੱਖ ਤੇ ਰੱਜ ਵਿਚਕਾਰ, ਅੜਿਆ ਫ਼ੈਸਲਾ ਕਰਨ ਵਾਲਾ, ਮੈਂ ਕੌਣ ਆਂ? ਕਾਮੀ ਜਮਾਤ ਵਿੱਚੋਂ ਉਠ ਕੇ ਮਾੜਾ ਮੋਟਾ ਲੇਖਕ ਤਾਂ ਬਣ ਗਿਆ ਆਂ। ਵਿਹਲੜ ਸਿਫ਼ਤਾਂ ਤਾਂ ਕਰਦੇ ਹਨ, ਪਰ ਕਾਮੇ ਲੋਕਾਂ ਨੂੰ ਧਮੱਚੜ ਰੇਡੀਓ, ਅਖ਼ਬਾਰਾਂ ਅਤੇ ਸਰਕਾਰੀ ਮਜਲਸਾਂ ਤੱਕ ਪ੍ਰਚਾਰਿਆ ਜਾਂਦਾ ਹੈ। ਜੇ ਦੀਨ ਈਮਾਨ ਨੂੰ ਮੁੱਖ ਰੱਖ ਕੇ ਕਿਰਤੀਆਂ ਨਾਲ਼ ਖਲੋਣਾ ਤਾਂ ਖ਼ਾਸ ਸਦ-ਪੁੱਛ ਈ ਕੋਈ ਨਹੀਂ। ਬੜੀ ਪੁਰਾਣੀ ਸੱਦ ਯਾਦ ਆ ਗਈ, ਜਿਹੜੀ ਕਵਾਲ ਗਾਉਂਦਾ ਸੀ:

"ਗੱਲਾਂ ਦੋ ਨਹੀਂ, ਇਕ ਦਾ ਗਿਆਨ ਰੱਖ ਲੈ।
ਦਿਲਾ ਸ਼ਾਨ ਰਖ ਲੈ, ਜਾਂ ਈਮਾਨ ਰੱਖ ਲੈ।"

ਚੰਗੀ ਭਲੀ ਗੁਲ-ਸ਼ਰਰੇ ਉਡਾਉਂਦੀ ਜੁੰਡਲੀ ਛੱਡ ਕੇ, ਧੂਤਕੜਾ ਪਾਉਂਦੇ ਕਾਮੇ ਫ਼ਕੀਰਾਂ ਵਿੱਚ ਆ ਖਲੋਤਾ ਆਂ। ਰੂਹ ਨੂੰ ਜਿੱਥੋਂ ਸ਼ਾਂਤੀ ਮਿਲੇ, ਮਨ ਆਪਣੀ ਸ਼ਰਧਾ ਦੀ ਸਲਾਮ ਕਰਦਾ ਹੈ। ਏਸੇ ਕਾਰਨ ਸੱਚ ਨੇ ਆਪਣਾ ਫੈਸਲਾ ਸੁਣਾਇਆ ਸੀ :

"ਜਹਾਨ ਰੱਖ ਲੈ ਜਾਂ ਈਮਾਨ ਰੱਖ ਲੈ?"

ਸਿਰ ਵਿੱਚ ਵਿਸ਼ਵਾਸ ਬਣ ਕੇ ਖੁੱਭੇ ਬੋਲਾਂ, ਝੂਠੇ ਜਗ ਨਾਲੋਂ ਤੋੜ ਕੇ ਰੂਹ ਦੇ ਪਿਆਰ ਨਾਲ਼ ਜੋੜ ਧਰਿਆ। ਇਹ ਇਸ਼ਕ ਵੀ ਐਸਾ ਹੈ, ਡਾਂਗ ਸੋਟਿਆਂ ਨਾਲ਼ ਵੀ ਮੋੜਿਆ ਨਹੀਂ ਮੁੜਦਾ। ਲਿਖਣਾ ਅਥਵਾ ਸਾਹਿਤਕ ਤਪੱਸਿਆ, ਐਸੀ ਬਲਾ ਹੈ ਜਿਹੜੀ ਜੜੋਂ ਉਖੜਿਆਂ ਨੂੰ ਛੱਡ ਕੇ ਆਵਾਰਾ ਮਹਿਫ਼ਲਾਂ ਦੀ ਪ੍ਰਧਾਨਗੀ ਕਰਨ ਆ ਲੱਗੀ। ਸੱਚ-ਝੂਠ ਦੀ ਗਹਿਗੱਚ ਚਾਲੂ ਲੜਾਈ ਵਿੱਚ ਕੰਵਲ, ਅਲਫ਼ ਨੰਗਿਆਂ ਵਿੱਚ ਖਲੋਤਾ। ਯਾਰ ਬੇਲੀ ਤਾਹਨੇ ਮਿਹਣੇ ਦੇਂਦੇ, ਕਈਆਂ ਅਬਦਲਿਆਂ ਗਾਲ੍ਹਾਂ ਤਕ ਉਚਾਰੀਆਂ ਪਰ ਈਮਾਨ ਦਾ ਖੱਫ਼ਣ ਮੋਢੇ ਧਰੀ, ਬੰਦਾ ਸਹਿਜਧਾਰੀਆਂ ਦਾ ਪਿਛਲੱਗ ਹੋ ਗਿਆ। ਸਾਰੀਆਂ ਕਮਲੀਆਂ ਹੋਈਆਂ ਸੁਰਾਂ ਵਜਦ ਦੀ ਨਮਾਜ਼ ਪੜ੍ਹਨ ਲੱਗ ਗਈਆਂ।

ਪਿਆਰੇ ਪਾਠਕੋ, ਵਸਦੀ ਰਸਦੀ ਦੁਨੀਆ ਛੱਡੀ, ਤਿਆਗੀ; ਇਸ਼ਕ ਬੁਰੀ ਬਲਾ; ਘੁੱਟੀ ਜੱਫ਼ੀ ਕਿਸੇ ਬਹਾਨੇ ਵੀ ਢਿੱਲੀ ਨਹੀਂ ਕਰਦਾ। ਮਜਬੂਰੀਆਂ ਦੀ ਕੰਧ, ਦਿਲ-ਢਾਹੂ ਆਸ਼ਕ ਟੱਪਦੇ-ਟੱਪਦੇ ਟੱਪ ਜਾਂਦੇ। ਪਾਠਕੋ, ਦੋਸਤੋ ਸੰਸਾਰੀ ਕੰਧ ਫਲਾਂਗਣਾ, ਮੇਰੇ ਵਿਰਦ ਦੀ ਮਜਬੂਰੀ ਐ। ਮੁਆਫ਼ੀ ਨਾਲ਼ ਸੰਦੇਸਾ ਵੀ: ਕੁੱਲ ਅਫ਼ਵਾਹੀਆਂ ਤਿਆਗ ਕੇ ਸੱਚ-ਪੁੱਤ ਬਣਨਾ, ਸੱਚ ਸਾਧਨਾ ਦੀ ਆਖ਼ਰੀ ਫਲਾਂਗ ਹੈ। "ਆਸ਼ਕ ਟੱਪਦੇ ਟੱਪ ਜਾਂਦੇ।" ਸਮਝੋ ਸਦਾ ਲਈ ਸੁਰਖਰੂ ਹੋ ਜਾਂਦੇ। ਸਿਦਕ ਨੇ ਕੱਚ ਤੇ ਸੱਚ ਵਿਚਕਾਰ ਲੀਕ ਖਿੱਚ ਦਿੱਤੀ। ਇਹ ਸਦਾ ਜੀਓ ਤੇ ਸਦਾ ਲਈ ਮਰੋ, ਆਸ਼ਕਾਂ ਤੇ ਫਾਸਕਾਂ ਲਈ ਅਟਲ ਕਹਾਣੀ ਐ। ਬੰਦਿਆ! ਬਹੁਤੀਆਂ ਬੜ੍ਹਕਾਂ ਨਾ ਮਾਰ, ਸੱਚ ਤੇ ਝੂਠ ਦੋ ਅਨਾਦੀ ਰਾਹ ਹਨ, ਜਿਹੜੇ ਮਰਜ਼ੀ ਮਾਰਗ ਆ ਜਾਹ; ਪੇਸ਼ੀ ਹਰ ਹੀਲੇ ਭੁਗਤਣੀ ਹੀ ਪੈਣੀ ਹੈ।

ਮੇਰੇ ਪਾਠਕੋ! ਤੁਹਾਡਾ ਦੋਸਤ ਹੱਥ ਜੋੜ, ਸਿਰ ਨਿਵਾ ਕੇ ਖ਼ਿਮਾਂ ਮੰਗਦਾ ਹੈ। ਮੇਰੀ ਆਖ਼ਰੀ ਖਾਹਿਸ਼ ਨੂੰ ਹੱਸ ਕੇ ਵਿਦਾਇਗੀ ਦੇਣ ਦੀ ਕਿਰਪਾ ਕਰੋ। ਤੁਹਾਡੀ ਮਿਲਵਰਤਨ ਦਾ ਜੱਫ਼ੀਆਂ ਘੁੱਟ ਕੇ ਬੇਹੱਦ ਧੰਨਵਾਦ! ਪਿਆਰ ਦਰ ਨਿੱਘਾ ਪਿਆਰ।

ਪੰਜਾਬੀ ਪਿਆਰਿਓ! ਤੁਹਾਡੇ ਪਿਆਰ ਦਾ ਹਾਲੇ ਵੀ ਦੇਣਦਾਰ ਕਰਜ਼ਾਈ, ਤੁਹਾਡਾ ਆਪਣਾ ਪਿਆਰਾ ਦੋਸਤ, ਹਾਣੀ-ਸਾਥੀ ਤੇ ਹਮਰਾਹੀ ਭਰਾ।

(ਡਾ. ਜਸਵੰਤ ਸਿੰਘ ਕੰਵਲ)



First Punjabi Channel to go HD Worldwide
jus punjabi HD
IS NOW
HD
HIGH DEFINITION
Subscribe to the JUS Pack Today!
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**







# ਐੱਸ.ਅਸ਼ੋਕ ਭੌਰਾ ਦੀ ਪੁਸਤਕ 'ਵਿਚੋਂ ਵਿਚ ਦੀ' ਇੰਗਲੈਂਡ 'ਚ ਰਿਲੀਜ਼




**ਲੰਡਨ/ਬਿਊਰੋ ਨਿਊਜ਼ :** ਪ੍ਰਸਿੱਧ ਲੇਖਕ ਐੱਸ.ਅਸ਼ੋਕ ਭੌਰਾ ਦੀ ਪੰਜਾਬੀ ਗਾਇਕਾਂ ਅਤੇ ਗਾਇਕਾਵਾਂ ਬਾਰੇ ਲਿਖੀ ਕਿਤਾਬ 'ਵਿਚੋਂ ਵਿਚ ਦੀ' ਬੀਤੇ ਦਿਨੀਂ ਲੰਡਨ ਦੇ ਸ਼ਹਿਰ ਸਾਊਥਾਲ ਵਿਖੇ ਸੁਖਦੇਵ ਰੈਸਟੋਰੈਂਟ 'ਚ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਵਲੋਂ ਲੋਕ ਅਰਪਨ ਕੀਤੀ ਗਈ ਹੈ। ਇਸ ਮੌਕੇ ਐੱਮਪੀ. ਵਰਿੰਦਰ ਸ਼ਰਮਾ, ਕਾਰੋਬਾਰੀ ਸੁਖਦੇਵ ਕੋਮਲ, ਗਾਇਕ ਚੰਨੀ ਸਿੰਘ, ਡਾ. ਸਾਥੀ ਲੁਧਿਆਣਵੀ ਕੁਲਵੰਤ ਕੌਰ ਢਿੱਲੋਂ, ਮਨਜੀਤ ਕੌਰ ਪੱਡਾ, ਪ੍ਰਿੰ: ਚੰਨਣ ਸਿੰਘ, ਰੂਪ ਦਵਿੰਦਰ ਕੌਰ, ਯਸ਼ ਸਾਥੀ, ਗਾਇਕਾ ਸੋਨਾ ਵਾਲੀਆ, ਗਾਇਕ ਪੰਮਾ ਲਸਾੜੀਆ, ਚਰਨਜੀਤ ਸੰਧੂ, ਸਾਬਕਾ ਮੇਅਰ ਸਚਿਤ ਗੁਪਤਾ, ਤਜਿੰਦਰ ਸਿੰਦਰਾ, ਗੁਲਸ਼ਨ ਦਿਆਲ ਯੂਐੱਸਏ ਆਦਿ ਹਾਜ਼ਰ ਸਨ। ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਐੱਸ.ਅਸ਼ੋਕ ਭੌਰਾ ਨੇ ਇਸ ਕਿਤਾਬ ਰਾਹੀਂ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਪੰਜਾਬੀ ਬੋਲੀ ਦੇ ਗਾਇਕ ਅਤੇ ਗਾਇਕਾਵਾਂ ਨਾਲ ਸਬੰਧਿਤ ਅੰਦਰਲੀਆਂ ਗੱਲਾਂ ਤੇ ਘਟਨਾਵਾਂ ਨੂੰ ਲੋਕਾਂ ਦੇ ਰੂ-ਬ-ਰੂ ਕੀਤਾ ਜਿਨ੍ਹਾਂ ਬਾਰੇ ਸ਼ਾਇਦ ਉਹਨਾਂ ਕਲਾਕਾਰਾਂ ਨੂੰ ਭੁੱਲ ਚੁੱਕਿਆ ਹੋਵੇਗਾ, ਜਿਨ੍ਹਾਂ ਬਾਰੇ ਲਿਖਿਆ ਗਿਆ ਹੈ। ਭੌਰਾ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਪੰਜਾਬੀ ਸੰਗੀਤ ਨਾਲ ਜੁੜੀਆਂ ਇਨ੍ਹਾਂ ਸਖਸ਼ੀਅਤਾਂ ਨੂੰ ਬਹੁਤ ਨੇੜਿਓਂ ਵੇਖਿਆ ਹੈ ਅਤੇ ਉਨ੍ਹਾਂ ਨਾਲ ਸਾਂਝਾਂ ਰੱਖੀਆਂ ਹਨ। ਇਹਨਾਂ ਸਾਂਝਾਂ ਨੂੰ ਪਾਠਕਾਂ ਨਾਲ ਸਾਂਝੀਆਂ ਕਰਨ ਲਈ ਪੁਸਤਕ ਦਾ ਮਾਧਿਅਮ ਚੁਣਿਆ ਹੈ। ਉਹਨਾਂ ਇਹ ਵੀ ਕਿਹਾ ਕਿ ਯੂਕੇ ਵਿਚ ਵੀ ਇਕ ਪੰਜਾਬ ਵਸਦਾ ਹੈ ਜਿਸ ਦਾ ਪੰਜਾਬੀ ਸੰਗੀਤ ਵਿਚ ਵੱਡਾ ਯੋਗਦਾਨ ਹੈ। ਇਸ ਕਰਕੇ ਮੈਂ ਇਸ ਕਿਤਾਬ ਨੂੰ ਭਾਰਤ ਤੋਂ ਬਾਅਦ ਇੱਥੇ ਲੋਕ ਅਰਪਨ ਕਰਨਾ ਚਾਹੁੰਦਾ ਸੀ। ਸ਼ਾਇਰਾਨਾ ਅੰਦਾਜ਼ ਅਤੇ ਹਾਸੇ ਠੱਠੇ ਵਿਚ ਸਭ ਨੇ ਸ. ਭੌਰਾ ਦੀ ਪੰਜਾਬੀ ਬੋਲੀ ਪ੍ਰਤੀ ਸ਼ਿੱਦਤ ਨਾਲ ਕੀਤੀ ਸੇਵਾ ਦੀ ਸ਼ਲਾਘਾ ਕੀਤੀ। ਇਸ ਦੌਰਾਨ ਸਟੇਜੀ ਕਾਰਵਾਈ ਰੂਪਦਵਿੰਦਰ ਕੌਰ ਨੇ ਨਿਭਾਈ।

# ਪੰਜਾਬੀ ਨੌਜਵਾਨ ਦੀ ਕੈਨੇਡਾ ਵਿਚ ਗੋਲੀਆਂ ਲੱਗਣ ਨਾਲ ਮੌਤ

**ਜਗਰਾਉਂ /ਬਿਊਰੋ ਨਿਊਜ਼ :** ਪੰਜਾਬ ਦੇ ਜਗਰਾਉਂ ਨੇੜਲੇ ਪਿੰਡ ਅਗਵਾੜ ਲੋਪੋਂ ਨਾਲ ਸਬੰਧਤ 20 ਸਾਲਾ ਪੰਜਾਬੀ ਨੌਜਵਾਨ ਗਗਨ ਧਾਲੀਵਾਲ ਦੀ ਕੈਨੇਡਾ ਵਿਚ ਗੋਲੀਆਂ ਲੱਗਣ ਨਾਲ ਮੌਤ ਹੋ ਗਈ ਹੈ। ਗੋਲੀਬਾਰੀ ਦੀ ਇਸ ਘਟਨਾ ਮਗਰੋਂ ਜਗਰਾਉਂ ਸ਼ਹਿਰ ਦੇ ਅਗਵਾੜ ਲੋਪੋਂ ਪਿੰਡ ਦੇ ਲੋਕ ਸਦਮੇ 'ਚ ਹਨ। ਪਿੰਡ ਦੇ ਲੋਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸਬੰਧਤ ਪਰਿਵਾਰ ਪਿਛਲੇ ਲੰਬੇ ਅਰਸੇ ਤੋਂ ਕੈਨੇਡਾ ਰਹਿ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਗਗਨ ਧਾਲੀਵਾਲ ਦੇ ਦਿਲ ਕੋਲ ਦੋ ਗੋਲੀਆਂ ਲੱਗੀਆਂ ਤੇ ਉਸ ਨੇ ਆਪਣੇ ਦਾਦਾ ਅਤੇ ਮਾਂ ਦੇ ਹੱਥਾਂ ਵਿਚ ਹੀ ਪ੍ਰਾਣ ਤਿਆਗ ਦਿੱਤੇ। ਪਰਿਵਾਰ ਦੇ ਜਾਣੂ ਇਸ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਦੱਸ ਰਹੇ ਸਨ ਕਿ ਇਹ ਪਰਿਵਾਰ ਸਮਾਜ ਸੇਵਾ ਨੂੰ ਸਮਰਪਿਤ ਹੈ।

ਉਧਰ ਕੈਨੇਡਾ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਐਬਟਸਫੋਰਡ ਵਿਚ ਹੋਈ ਗੋਲੀਬਾਰੀ ਵਿਚ ਨੌਜਵਾਨ ਗਗਨ ਧਾਲੀਵਾਲ ਦੀ ਮੌਤ ਹੋ ਗਈ ਜਦੋਂਕਿ ਉਸ ਦੀ ਭੂਆ ਦਾ ਪੁੱਤ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਇਸ ਘਟਨਾ ਮਗਰੋਂ ਐਬਟਸਫੋਰਡ ਪੁਲੀਸ ਗੈਂਗ ਹਿੰਸਾ ਤੇ ਨਸ਼ਾ ਤਸਕਰਾਂ ਖ਼ਿਲਾਫ਼ ਮੁੜ ਸਰਗਰਮ ਹੋ

ਬਾਕੀ ਸਫ਼ਾ 28 'ਤੇ






# ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਫਰਿਜ਼ਨੋ ਦੇ ਇੰਡੀਆ ਓਵਨ ਹਾਲ 'ਚ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸਮਰਪਤ ਵਿਦਿਆਰਥੀਆਂ ਦੇ ਵੱਖ-ਵੱਖ ਭਾਸ਼ਣ ਮੁਕਾਬਲਿਆਂ ਦੀਆਂ ਝਲਕੀਆਂ


























ਸੰਬੰਧਤ ਪੂਰੀ ਰਿਪੋਰਟ ਸਫ਼ਾ 8 'ਤੇ ਪੜ੍ਹੋ




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ

## ਵਲੋਂ 14ਵਾਂ ਵਿਸ਼ਵ ਕਬੱਡੀ ਕੱਪ

ਮੁੱਖ ਮਹਿਮਾਨ

ਸੰਤ ਸੇਵਾ ਸਿੰਘ
ਖਡੂਰ ਸਾਹਿਬ ਵਾਲੇ

ਮਿਤੀ 16 ਸਤੰਬਰ 2018
ਦਿਨ ਐਤਵਾਰ
(ਸਵੇਰ 9 ਤੋਂ ਸ਼ਾਮ 6 ਵਜੇ ਤੱਕ)

(James Logan High School 1800 H Street, Union City, California 94587) ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ

ਭਾਗ ਲੈਣ ਵਾਲੀਆਂ ਕਬੱਡੀ ਟੀਮਾਂ
1. ਸ਼ੇਰ-ਏ-ਪੰਜਾਬ ਸਪੋਰਟਸ ਕਲੱਬ, ਲਾਸ ਏਂਜਲਸ (ਲੱਢਰ ਭਰਾ)
2. ਰਾਇਲ ਕਿੰਗਜ਼ ਯੂ.ਐੱਸ.ਏ (ਸ਼ੋਭਾ ਥਿਆੜਾ)
3. ਮਿਡ ਵੈਸਟ ਕਬੱਡੀ ਟੀਮ (ਵਿੱਕੀ ਸੰਮੀਪੁਰੀਆ ਤੇ ਭਾਰੀ)
4. ਬੇ ਏਰੀਆ ਸਪੋਰਟਸ ਕਲੱਬ (ਬਲਜੀਤ ਸਿੰਘ ਸੰਧੂ)
5. ਕਨੇਡਾ ਕਬੱਡੀ ਟੀਮ (ਪੰਮਾ ਢਿੱਲੋਂ ਤੇ ਸੇਵਾ ਸਿੰਘ ਰੰਧਾਵਾ)

ਅੰਡਰ-25 ਉਮਰ ਵਰਗ ਦੀਆਂ ਕਬੱਡੀ ਟੀਮਾਂ
1. ਯੂਨਾਈਟਡ ਸਪੋਰਟਸ ਕਲੱਬ
2. ਯੂਬਾ ਬ੍ਰਦਰਜ਼
3. ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ
4. ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ

ਐੱਸ ਅਸ਼ੋਕ ਭੌਰਾ
Phone: 510 415 3315,
Email: ashokbhaura@gmail.com

### ਉਦਘਾਟਨ ਕਰਨ ਵਾਲੇ ਮਹਿਮਾਨ

ਸੁਰਜੀਤ ਸਿੰਘ ਟੁੱਟ | ਮਾਈਕ ਬੋਪਾਰਾਏ | ਜਸਪ੍ਰੀਤ ਸਿੰਘ ਅਟਾਰਨੀ | ਮੇਜਰ ਸਿੰਘ ਬੈਂਸ

### ਪਹਿਲੇ ਇਨਾਮ ਦੇ ਸਪਾਂਸਰ

DIAMOND TRANSPORTATION

### ਦੂਜੇ ਇਨਾਮ ਦੇ ਸਪਾਂਸਰ

ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ 'ਤੇ ਨਰਿੰਦਰ ਸਿੰਘ ਸਹੋਤਾ

(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)

### Sponsor of Under-25 First Prize

Sponsored byTakhar faimly in memory of late santokh s Takhar Apna punjab& Northern California club

TUTT BROTHERS, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR, SIKH PANCHYAT, SANTOKH S. JUDGE, BOB DHILLON, MANN INSURANCE BROKERS, SURINDER S. ATWAL, S. HARWINDER SINGH ATWAL, RANDHIR S. NIJJAR, JASWANT SINGH HOTHI, KASHMIR S DHOOT, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS, RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL, AMARITPAL S. DHILLON, BALIHAR SINGH SARPANCH

MIKE BOPARAI,TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH, PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH, SARBJIT SABHI.

RSI INSURANCE, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL, ALVARADO B P SERVICE, LACHHMAN S MANGAT, BILL BAINS CPA, MAJOR S GAKHAL, SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA.

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ.ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ

---

## Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**

SERVICE TRUST
SKYWAY TRAVEL
DOMESTIC and INTERNATIONAL

Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

---

## SINGH TRANSPORT INC

ਓਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਅਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

## ਗਿਆਨੀ ਗੁਰਮੁਖ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਨਿਯੁਕਤ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਿਰਸੇ ਵਾਲੇ ਰਾਮ ਰਹੀਮ ਨੂੰ ਮੁਆਫੀ ਦੇਣ ਦੇ ਵਿਵਾਦ ਵਿਚ ਸ਼੍ਰੋਮਣੀ ਕਮੇਟੀ ਵਲੋਂ ਕੁਝ ਮਹੀਨੇ ਪਹਿਲਾਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਸੀ।



ਉਨ੍ਹਾਂ ਨੂੰ ਹਰਿਆਣਾ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਮੁੱਖ ਗ੍ਰੰਥੀ ਵਜੋਂ ਤਬਦੀਲ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਪਰਿਵਾਰ ਤੋਂ ਅੰਮ੍ਰਿਤਸਰ ਵਿਖੇ ਦਿੱਤਾ ਗਿਆ ਕੁਆਟਰ ਵੀ ਖਾਲੀ ਕਰਵਾ ਲਿਆ ਗਿਆ ਸੀ। ਹੁਣ ਸ਼੍ਰੋਮਣੀ ਕਮੇਟੀ ਵਲੋਂ ਅਚਾਨਕ ਫ਼ੈਸਲਾ ਵਾਪਸ ਲੈਂਦਿਆਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੁੜ ਮੁੱਖ ਗ੍ਰੰਥੀ ਨਿਯੁਕਤ ਕੀਤੇ ਜਾਣ ਨਾਲ ਪੰਥਕ ਗਲਿਆਰਿਆਂ ਵਿਚ ਹੈਰਾਨੀ ਪਾਈ ਜਾ ਰਹੀ ਹੈ।ਸ਼੍ਰੋਮਣੀ ਕਮੇਟੀ ਵਲੋਂ ਗਿਆਨੀ ਗੁਰਮੁਖ ਸਿੰਘ ਨੂੰ ਅਚਾਨਕ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਵੇਲੇ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਹੇ ਗਿਆਨੀ ਮਲਕੀਤ ਸਿੰਘ ਨੂੰ ਇਥੋਂ ਤਬਦੀਲ ਕਰਕੇ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਨਿਯੁਕਤ ਕੀਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਗਿਆਨੀ ਗੁਰਮੁਖ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਕੇ ਸ੍ਰੀ ਦਰਬਾਰ ਸਾਹਿਬ ਦੇ ਇਕ ਵਧੀਕ ਮੈਨੇਜਰ ਦੀ ਮੌਜੂਦਗੀ ਵਿਚ ਆਪਣੀ ਸੇਵਾ ਬਕਾਇਦਾ ਸੰਭਾਲ ਲਈ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਾਇਨਾਤ ਗ੍ਰੰਥੀ ਸਿੰਘ ਤੇ ਹੋਰਨਾਂ ਸੇਵਾਦਾਰਾਂ ਵਲੋਂ ਉਨ੍ਹਾਂ ਨੂੰ ਸਿਰੋਪਾਓ ਵੀ ਭੇਟ ਕੀਤਾ ਗਿਆ।

# ਭਾਈ ਨਰਾਇਣ ਸਿੰਘ ਚੌੜਾ ਨੂੰ ਮਿਲੀ ਜ਼ਮਾਨਤ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅਕਾਲ ਫੈਡਰੇਸ਼ਨ ਦੇ ਆਗੂ ਭਾਈ ਨਰਾਇਣ ਸਿੰਘ ਚੌੜਾ ਨੂੰ ਵੱਖ ਵੱਖ ਕੇਸਾਂ ਵਿਚ ਜ਼ਮਾਨਤ ਮਿਲਣ ਮਗਰੋਂ ਕੇਂਦਰੀ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਵੱਲੋਂ ਉਸ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਉਨ੍ਹਾਂ ਆਖਿਆ ਕਿ ਕਾਰ ਧਮਾਕਾ ਮਾਮਲੇ ਵਿਚ ਉਹ ਨਿਰਦੋਸ਼ ਹੈ ਅਤੇ ਪੁਲੀਸ ਵੱਲੋਂ ਉਸ ਨੂੰ ਝੂਠੇ ਕੇਸ ਵਿਚ ਫਸਾਉਣ ਦਾ ਯਤਨ ਕੀਤਾ ਗਿਆ ਸੀ। ਇਸ ਮਾਮਲੇ ਵਿਚ ਪੁਲੀਸ ਹੁਣ ਤਕ ਅਦਾਲਤ ਵਿਚ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਉਨ੍ਹਾਂ ਦੱਸਿਆ ਕਿ ਕਈ ਕੇਸਾਂ ਵਿਚੋਂ ਉਹ ਬਰੀ ਹੋ ਗਿਆ ਹੈ ਅਤੇ ਕੁਝ ਕੇਸਾਂ ਨੂੰ ਜਾਣਬੁੱਝ ਕੇ ਲਟਕਾਇਆ ਜਾ ਰਿਹਾ ਹੈ। ਪਿਛਲੇ ਲਗਪਗ ਡੇਢ ਸਾਲ ਤੋਂ ਕਿਸੇ ਵੀ ਕੇਸ ਦੀ ਸੁਣਵਾਈ



ਨਹੀਂ ਹੋਈ ਅਤੇ ਜਾਣਬੁੱਝ ਕੇ ਜੇਲ੍ਹ ਵਿਚ ਬੰਦ ਰੱਖਣ ਦੇ ਯਤਨ ਕੀਤੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਾਰੇ ਅਪਰਾਧਿਕ ਮਾਮਲੇ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਸਨ ਅਤੇ ਇਸ ਪਿੱਛੇ ਅਕਾਲੀ ਆਗੂਆਂ ਦਾ ਹੱਥ ਸੀ। ਜੇਲ੍ਹ ਵਿਚੋਂ ਰਿਹਾਅ ਹੋਣ ਮਗਰੋਂ ਮੁੜ ਪੰਥਕ ਸਰਗਰਮੀਆਂ ਸ਼ੁਰੂ ਕਰਨ ਬਾਰੇ ਉਨ੍ਹਾਂ ਆਖਿਆ ਕਿ ਇਸ ਵੇਲੇ ਪੰਥਕ ਫਰੰਟ ਕਾਇਮ

**ਬਾਕੀ ਸਫ਼ਾ 28 'ਤੇ**

## ਮੋਬਾਇਲ ਫੋਨ 'ਤੇ ਸੈਲਫੀ ਖਿੱਚਣਾ ਮੌਤ ਦਾ ਸਬੱਬ ਬਣਿਆ

**ਦੋਰਾਹਾ/ਬਿਊਰੋ ਨਿਊਜ਼ :**
ਮੋਬਾਇਲ ਫੋਨ ਉਤੇ ਜ਼ੋਖਮ ਵਾਲੀਆਂ ਥਾਵਾਂ ਉਤੇ ਸੈਲਫੀ ਖਿੱਚਣਾ ਕਈ ਵਾਰ ਜਾਨਲੇਵਾ ਸਾਬਤ ਹੋ ਸਕਦਾ ਹੈ। ਪੰਜਾਬ ਦੇ ਦੋਰਾਹਾ ਨੇੜੇ ਇਸ ਤਰ੍ਹਾਂ ਹੀ ਸੈਲਫ਼ੀ ਖਿੱਚਣ ਦੇ ਚੱਕਰ ਵਿਚ ਦੋ ਨੌਜਵਾਨਾਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ ਹੈ। ਲੁਧਿਆਣਾ-ਚੰਡੀਗੜ੍ਹ ਦੱਖਣੀ ਬਾਈਪਾਸ ਮਾਰਗ 'ਤੇ ਕਟਾਣਾ ਸਾਹਿਬ ਨੇੜੇ ਰੇਲਵੇ ਫਲਾਈਓਵਰ 'ਤੇ ਤਿੰਨ ਨੌਜਵਾਨ ਸੈਲਫ਼ੀ ਲੈਣ ਗਏ। ਇਸ ਦੌਰਾਨ ਚੰਡੀਗੜ੍ਹ ਤੋਂ ਲੁਧਿਆਣਾ ਵੱਲ ਜਾ ਰਹੀ ਰੇਲ ਗੱਡੀ ਨੰਬਰ 4615 ਦੀ ਲਪੇਟ ਵਿੱਚ ਆਉਣ ਨਾਲ ਦੋ ਨੌਜਵਾਨਾਂ ਦੀ ਮੌਤ ਹੋ ਗਈ ਜਦਕਿ ਉਨ੍ਹਾਂ ਦਾ ਤੀਜਾ ਸਾਥੀ ਘਟਨਾ ਤੋਂ ਡਰ ਕੇ ਮੌਕੇ ਤੋਂ ਦੌੜ ਗਿਆ। ਮ੍ਰਿਤਕ ਬੱਚਿਆਂ ਦੇ ਨਾਂ ਯੁਵਰਾਜ ਸਿੰਘ ਅਤੇ ਗੌਰਵ ਹਨ। ਦੋਵੇਂ ਅੱਠਵੀਂ ਕਲਾਸ ਦੇ ਵਿਦਿਆਰਥੀ ਸਨ। ਦੋਵੇਂ ਨੌਜਵਾਨ ਰਾਮਪੁਰ ਪਿੰਡ ਦੇ ਵਾਸੀ ਸਨ। ਇਸ ਹਾਦਸੇ 'ਚ ਨੌਜਵਾਨਾਂ ਦੇ ਸਰੀਰ ਬੁਰੀ ਤਰ੍ਹਾਂ ਕੁਚਲੇ ਗਏ। ਰੇਲਵੇ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਟਰੇਨ ਗਾਰਡ ਦੇ ਬਿਆਨਾਂ 'ਤੇ ਧਾਰਾ 174 ਤਹਿਤ ਕਾਰਵਾਈ ਆਰੰਭ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਤਿੰਨੇ ਨੌਜਵਾਨ ਰੇਲਵੇ ਟਰੈਕ 'ਤੇ ਚੱਲਦੀ ਟਰੇਨ ਦੇ ਸਾਹਮਣੇ ਫ਼ੋਟੋ ਖਿੱਚਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਚੰਡੀਗੜ੍ਹ ਤੋਂ ਲੁਧਿਆਣਾ ਵੱਲ ਆ ਰਹੀ ਤੇਜ਼ ਰਫ਼ਤਾਰ ਰੇਲ ਗੱਡੀ ਦੀ ਲਪੇਟ ਵਿਚ ਆ ਗਏ। ਇਸ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਤੀਜਾ ਨੌਜਵਾਨ ਬਚ ਗਿਆ।

## ਐਨਆਰਆਈ ਵੱਲੋਂ ਪਰਿਵਾਰ ਦੀ ਹੱਤਿਆ ਤੇ ਖ਼ੁਦਕੁਸ਼ੀ

**ਕੈਪਸ਼ਨ : ਕੁਲਵਿੰਦਰ ਸਿੰਘ, ਉਸ ਦੀ ਪਤਨੀ ਮਨਪ੍ਰੀਤ ਕੌਰ ਤੇ ਬੱਚਿਆਂ ਸੋਨਲ ਤੇ ਅਭੀ ਦੀਆਂ ਫਾਈਲ ਫੋਟੋਆਂ।**

**ਕਪੂਰਥਲਾ/ਬਿਊਰੋ ਨਿਊਜ਼ :**
ਕਸਬਾ ਕਾਲਾ ਸੰਘਿਆਂ ਦੇ ਪਿੰਡ ਆਲਮਗੀਰ ਵਿੱਚ ਇਕ ਵਿਅਕਤੀ ਨੇ ਆਪਣੀ ਪਤਨੀ ਤੇ ਸੁੱਤੇ ਪਏ ਦੋ ਬੱਚਿਆਂ ਅਤੇ ਆਪਣੇ ਉਪਰ ਵੀ ਕੋਈ ਜਲਣਸ਼ੀਲ ਪਦਾਰਥ ਛਿੜਕ ਕੇ ਅੱਗ ਲਗਾ ਦਿੱਤੀ। ਉਸ ਦੀ ਬੇਟੀ ਅਤੇ ਬੇਟੇ ਦੀ ਹਸਪਤਾਲ ਪਹੁੰਚਦਿਆਂ ਮੌਤ ਹੋ ਗਈ ਜਦੋਂ ਕਿ ਪਤਨੀ ਨੇ ਜਲੰਧਰ ਦੇ ਇਕ ਹਸਪਤਾਲ ਵਿਚ ਇਲਾਜ ਦੌਰਾਨ ਦਮ ਤੋੜ ਦਿੱਤਾ। ਆਪਣੇ ਭਰਾ ਦੇ ਪਰਿਵਾਰ ਨੂੰ ਬਚਾਉਣ ਦੇ ਚੱਕਰ ਵਿਚ ਮ੍ਰਿਤਕ ਦੀ ਭੈਣ ਵੀ ਝੁਲਸ ਗਈ ਜਿਸ ਦਾ ਜਲੰਧਰ ਦੇ ਸਿਵਲ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।
ਐਸਪੀ (ਤਫ਼ਤੀਸ਼) ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਮ੍ਰਿਤਕ ਕੁਲਵਿੰਦਰ ਸਿੰਘ (35 ਸਾਲ) ਪੁੱਤਰ ਭੋਲਾ ਸਿੰਘ ਇਕ ਦਿਨ ਪਹਿਲਾਂ ਹੀ ਅਚਨਚੇਤ ਜੌਰਡਨ ਤੋਂ ਘਰ ਪਰਤਿਆ ਸੀ। ਕੁਲਵਿੰਦਰ ਸਿੰਘ ਨੇ ਇਸ ਘਟਨਾ ਤੋਂ ਪਹਿਲਾਂ ਇਕ ਵੀਡੀਓ ਰਿਕਾਰਡ ਕਰ ਕੇ ਵਟਸਐਪ 'ਤੇ ਪਾਈ ਸੀ ਜਿਸ ਵਿਚ ਉਸ ਨੇ ਦੱਸਿਆ ਹੈ ਕਿ ਉਸ ਦੀ ਪਤਨੀ ਮਨਦੀਪ ਕੌਰ (33 ਸਾਲ) ਨਾਲ ਉਸ ਦੇ ਪਿੰਡ ਦਾ ਹੀ ਗੁਰਪ੍ਰੀਤ ਸਿੰਘ ਉਰਫ ਸਨੀ ਨਾਂ ਦਾ ਬੰਦਾ ਆਪਣੇ ਸਾਥੀ ਬਲਕਾਰ ਸਿੰਘ ਉਰਫ ਮੰਤਰੀ, ਉਸ ਦਾ ਭਰਾ ਤੀਰਥ ਨੰਬਰਦਾਰ ਅਤੇ ਸਨੀ ਦੀ ਮਾਤਾ ਸਤਿਆ ਨਾਲ ਮਿਲੀਭੁਗਤ ਕਰ ਕੇ ਜ਼ਬਰਦਸਤੀ ਨਜਾਇਜ਼ ਸਬੰਧ ਬਣਾਉਂਦਾ ਹੈ ਤੇ ਉਸ ਨੂੰ ਬਲੈਕਮੇਲ ਕਰਦਾ ਹੈ। ਦੱਸਿਆ ਜਾਂਦਾ ਹੈ ਕਿ ਮ੍ਰਿਤਕ ਨੇ ਸਵੇਰੇ ਤਕਰੀਬਨ ਸਾਢੇ ਤਿੰਨ ਵਜੇ ਆਪਣੇ ਘਰ ਵਿਚ ਕਿਸੇ ਜਲਣਸ਼ੀਲ ਪਦਾਰਥ ਨਾਲ ਅੱਗ ਲਗਾ ਦਿੱਤੀ ਜਿਸ ਵਿਚ ਉਸ ਦੀ ਪਤਨੀ ਤੋਂ ਇਲਾਵਾ ਉਸ ਦੀ ਬੇਟੀ ਸੋਨਲ (8 ਸਾਲ) ਅਤੇ ਉਸ ਦਾ ਬੇਟਾ ਅਭੀ (5 ਸਾਲ), ਮ੍ਰਿਤਕ ਦੀ ਭੈਣ ਜਸਵਿੰਦਰ ਕੌਰ ਗੰਭੀਰ ਰੂਪ ਵਿਚ ਝੁਲਸ ਗਏ। ਪੁਲੀਸ ਅਨੁਸਾਰ ਮਾਮਲੇ ਦੀ ਤਫ਼ਤੀਸ਼ ਜਾਰੀ ਹੈ ਅਤੇ ਮ੍ਰਿਤਕ ਦੀ ਪਤਨੀ ਮਨਦੀਪ ਕੌਰ ਦੇ ਆਖਰੀ ਸਮੇਂ ਦੇ ਬਿਆਨਾਂ ਦੇ ਅਧਾਰ 'ਤੇ ਪੁਲੀਸ ਵੱਲੋਂ ਪਿੰਡ ਦੇ ਹੀ ਚਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਸੂਤਰਾਂ ਅਨੁਸਾਰ ਪੁਲੀਸ ਵੱਲੋਂ ਗੁਰਪ੍ਰੀਤ ਸਿੰਘ ਉਰਫ ਸਨੀ ਅਤੇ ਬਲਕਾਰ ਸਿੰਘ ਉਰਫ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦੋਂ ਕਿ ਤੀਰਥ ਨੰਬਰਦਾਰ ਅਤੇ ਸਨੀ ਦੀ ਮਾਤਾ ਸਤਿਆ ਦੀ ਭਾਲ ਜਾਰੀ ਹੈ।

## ਚੀਫ਼ ਚੋਣ ਕਮਿਸ਼ਨਰ ਦੀ ਨਿਯੁਕਤੀ ਨਾਲ ਪੰਜਾਬ 'ਚ ਸ਼੍ਰੋਮਣੀ ਕਮੇਟੀ ਚੋਣਾਂ ਦੀ ਆਹਟ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸੀਨੀਅਰ ਅਕਾਲੀ ਆਗੂ ਬਲਦੇਵ ਸਿੰਘ ਸਿਰਸਾ ਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਦੇਰੀ ਦਾ ਦੋਸ਼ ਲਗਾਉਂਦੀ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਇਹ ਸਾਹਮਣੇ ਆਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਕੇਂਦਰ ਸਰਕਾਰ ਨੇ ਚੀਫ਼ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਹੈ। ਕੇਂਦਰ ਸਰਕਾਰ ਵਲੋਂ ਇਕ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਹੈ ਤੇ ਇਸ ਨੋਟੀਫ਼ਿਕੇਸ਼ਨ ਤਹਿਤ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੇਵਾ-ਮੁਕਤ ਜੱਜ ਜਸਟਿਸ ਦਰਸ਼ਨ ਸਿੰਘ ਨੂੰ ਚੀਫ਼ ਗੁਰਦੁਆਰਾ ਚੋਣ ਕਮਿਸ਼ਨਰ ਲਗਾਇਆ ਗਿਆ ਹੈ। ਪਟੀਸ਼ਨ ਦੀ ਸੁਣਵਾਈ ਦੌਰਾਨ ਇਹ ਜਾਣਕਾਰੀ ਵਧੀਕ ਸੋਲੀਸਿਟਰ ਜਨਰਲ ਸਤਿਆਪਾਲ ਜੈਨ ਨੇ ਹਾਈਕੋਰਟ ਬੈਂਚ ਨੂੰ ਦਿੱਤੀ। ਹਾਈਕੋਰਟ ਨੇ ਹਾਲਾਂਕਿ ਸੁਣਵਾਈ ਚਾਰ ਦਸੰਬਰ 'ਤੇ ਪਾ ਦਿੱਤੀ ਹੈ ਤੇ ਕਿਹਾ ਹੈ ਕਿ ਇਸ ਪਟੀਸ਼ਨ ਵਿਚ ਕਿਸੇ ਵੀ ਧਿਰ ਨੇ ਜੋ ਕੁਝ ਕਹਿਣਾ ਹੈ ਉਹ ਲਿਖਤੀ ਦਾਖ਼ਲ ਕਰ ਦਿੱਤਾ ਜਾਵੇ ਪਰ ਚੋਣ ਕਮਿਸ਼ਨਰ ਲੱਗਣ ਨਾਲ ਪਟੀਸ਼ਨਰ ਦੇ ਵਕੀਲ ਈਸ਼ ਪੁਨੀਤ ਸਿੰਘ ਨੇ ਆਸ ਪ੍ਰਗਟਾਈ ਹੈ ਕਿ ਚੋਣ ਕਮਿਸ਼ਨਰ ਕੰਮ ਸੰਭਾਲਣ ਉਪਰੰਤ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਕਾਰਵਾਈ ਸ਼ੁਰੂ ਕਰ ਦੇਣਗੇ। ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਗੁਰਦੁਆਰਾ ਚੋਣ ਕਮਿਸ਼ਨ ਨੂੰ ਮੰਗ ਪੱਤਰ ਦੇ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕਰਨਗੇ। ਪਟੀਸ਼ਨ ਵਿਚ ਕੇਂਦਰ ਸਰਕਾਰ ਨੂੰ ਧਿਰ ਬਣਾਇਆ ਗਿਆ ਸੀ ਤੇ ਕੇਂਦਰ ਨੇ ਆਪਣੇ ਜਵਾਬ 'ਚ ਹਾਈਕੋਰਟ ਨੂੰ ਜਾਣੂੰ ਕਰਵਾਇਆ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਕਮਿਸ਼ਨਰ ਦੀ ਨਿਯੁਕਤੀ ਉਪਰੰਤ ਹੀ ਸੰਭਵ ਹਨ। ਮੁੱਖ ਕਮਿਸ਼ਨਰ ਦੀ ਨਿਯੁਕਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ ਤੇ ਇਸ ਉਪਰੰਤ ਹੀ ਸ਼੍ਰੋਮਣੀ ਕਮੇਟੀ ਦੀ ਨਵੀਂ ਬਾਡੀ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਹੋ ਸਕੇਗੀ, ਕਿਉਂਕਿ ਸਿੱਖ ਗੁਰਦੁਆਰਾ ਬੋਰਡ ਇਲੈੱਕਸ਼ਨ ਰੂਲਜ਼ 1959 ਦੀ ਤਜਵੀਜ਼ ਤਹਿਤ ਚੀਫ਼ ਕਮਿਸ਼ਨਰ ਹੀ ਚੋਣਾਂ ਕਰਵਾਉਣ ਦੀ ਕਾਰਵਾਈ ਸ਼ੁਰੂ ਕਰ ਸਕਦੇ ਹਨ।

# ਪਾਕਿਸਤਾਨ ਦਾ ਪਹਿਲਾ ਸਿੱਖ ਪੁਲੀਸ ਅ.ਫਸਰ ਗੁਲਾਬ ਸਿੰਘ ਬਰਤਰਫ

**ਜਲੰਧਰ/ਬਿਊਰੋ ਨਿਊਜ਼ :** ਕੁਝ ਹਫ਼ਤੇ ਪਹਿਲਾਂ ਘਰੋਂ ਬੇਘਰ ਕੀਤੇ ਪਾਕਿਸਤਾਨ ਦੇ ਪਹਿਲੇ ਸਿੱਖ ਟਰੈਫਿਕ ਪੁਲੀਸ ਅਫ਼ਸਰ ਗੁਲਾਬ ਸਿੰਘ ਸ਼ਾਹੀਨ ਨੂੰ ਨੌਕਰੀ ਤੋਂ ਵੀ ਬਰਤਰਫ਼ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਗੁਲਾਬ ਸਿੰਘ ਕਥਿਤ ਤੌਰ 'ਤੇ 116 ਦਿਨਾਂ ਤੋਂ ਆਪਣੇ ਉਚ ਅਫ਼ਸਰਾਂ ਦੀ ਪ੍ਰਵਾਨਗੀ ਤੋਂ ਬਗ਼ੈਰ ਡਿਊਟੀ ਤੋਂ ਗ਼ੈਰਹਾਜ਼ਰ ਚਲਿਆ ਆ ਰਿਹਾ ਸੀ ਤੇ ਵਰਦੀ ਦੇ ਜ਼ਾਬਤੇ ਦੀ ਵੀ ਪਾਲਣਾ ਨਹੀਂ ਕਰ ਰਿਹਾ ਸੀ। ਦੂਜੇ ਪਾਸੇ, ਗੁਲਾਬ ਸਿੰਘ ਨੇ ਦੋਸ਼ ਲਾਇਆ ਕਿ ਉਸ ਨੂੰ ਘੱਟਗਿਣਤੀ ਭਾਈਚਾਰੇ ਨਾਲ ਸਬੰਧਤ ਹੋਣ ਕਰ ਕੇ ਤੇ ਉਸ ਨੂੰ ਬੇਘਰ ਕਰਨ ਵਿੱਚ ਪਾਕਿ ਔਕਾਫ਼ ਬੋਰਡ ਦੇ ਅਧਿਕਾਰੀਆਂ ਦੀ ਵਧੀਕੀ ਦਾ ਮਾਮਲਾ ਵਿਦੇਸ਼ੀ ਮੀਡੀਆ ਕੋਲ ਉਠਾਉਣ ਬਦਲੇ ਨਿਸ਼ਾਨਾ ਬਣਾਇਆ ਗਿਆ ਹੈ।



**ਗੁਲਾਬ ਸਿੰਘ ਨੂੰ ਉਸ ਦੇ ਸਨੇਹੀ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਂਦੇ ਹੋਏ।**

ਕੁਝ ਪਾਕਿਸਤਾਨੀ ਨਿਊਜ਼ ਚੈਨਲਾਂ ਦੀਆਂ ਰਿਪੋਰਟਾਂ ਵਿਚ ਕਿਹਾ ਜਾ ਰਿਹਾ ਹੈ ਕਿ ਗੁਲਾਬ ਸਿੰਘ ਸੰਨ 2006 ਵਿੱਚ ਆਪਣੀ ਨਿਯੁਕਤੀ ਵੇਲੇ ਤੋਂ ਹੀ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਸੀ ਤੇ ਉਸ ਦਾ ਵਤੀਰਾ ਸਰਕਾਰੀ ਮੁਲਾਜ਼ਮ ਵਾਲਾ ਨਹੀਂ ਸੀ। ਨੌਕਰੀ ਤੋਂ ਹਟਾਉਣ ਦੀ ਖ਼ਬਰ ਸੁਣ ਕੇ ਗੁਲਾਬ ਸਿੰਘ ਨੂੰ ਗਹਿਰਾ ਸਦਮਾ ਲੱਗਿਆ ਹੈ ਤੇ ਉਸ ਨੂੰ ਇਕ ਮੁਕਾਮੀ ਹਸਪਤਾਲ ਲਿਜਾਇਆ ਗਿਆ। ਉਸ ਨੇ ਫੋਨ 'ਤੇ ਪੱਤਰਕਾਰਾਂ ਨੂੰ ਦੱਸਿਆ "ਮੈਨੂੰ ਸ਼ੁਰੂ ਤੋਂ ਹੀ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਤੇ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ। ਤਿੰਨ ਮਹੀਨੇ ਪਹਿਲਾਂ ਇਕ ਹਾਦਸੇ 'ਚ ਮੇਰੀ ਬਾਂਹ ਟੁੱਟਣ ਕਰ ਕੇ ਮੈਂ ਬਾਕਾਇਦਾ ਮੈਡੀਕਲ ਛੁੱਟੀ ਲਈ ਸੀ।" ਪਿਛਲੀ ਵਾਰ ਉਸ ਨੂੰ ਲਾਹੌਰ ਦੇ ਮੁਗ਼ਲਪੁਰਾ ਇਲਾਕੇ ਵਿੱਚ ਟਰੈਫਿਕ ਵਾਰਡਨ (ਐਸਆਈ) ਵਜੋਂ ਤਾਇਨਾਤ ਕੀਤਾ ਗਿਆ ਸੀ। ਉਸ ਦੀ ਬਰਤਰਫ਼ੀ ਦੇ ਹੁਕਮਾਂ 'ਤੇ ਐਸਪੀ (ਟਰੈਫਿਕ) ਆਸਿਫ਼ ਸਾਦਿਕ ਦੇ ਦਸਤਖ਼ਤ ਹਨ।

## ਸਿੱਖ ਦਾ ਭੇਸ ਵਟਾ ਕੇ ਲੁੱਟ-ਖੋਹ ਕਰਨ ਵਾਲਾ ਬੰਗਲਾਦੇਸ਼ੀ ਕਾਬੂ

**ਸਿੰਗਾਪੁਰ/ਬਿਊਰੋ ਨਿਊਜ਼ :**
ਸਿੱਖ ਦੇ ਭੇਸ ਵਿਚ ਇਕ ਦੁਕਾਨ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਵਾਲੇ ਬੰਗਲਾਦੇਸ਼ੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਹਿਲਾਂ ਨਿਰਮਾਣ ਮਜ਼ਦੂਰ ਵਜੋਂ ਕੰਮ ਕਰ ਚੁੱਕੇ ਅਤੇ ਪਿਛਲੇ ਦਸੰਬਰ ਤੋਂ ਬਾਅਦ ਤੈਅ ਤਰੀਕ ਤੋਂ ਜ਼ਿਆਦਾ ਸਮੇਂ ਤੱਕ ਸਿੰਗਾਪੁਰ ਰਹਿ ਰਹੇ ਸ਼ੇਖ ਮੁਹੰਮਦ ਰਾਜਨ (29 ਸਾਲ) ਨੂੰ ਲੁੱਟ-ਖੋਹ ਕਰਨ ਦੀ ਕੋਸ਼ਿਸ਼ ਕਰਦਿਆਂ ਮੌਕੇ ਉਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ।



ਗੁਲਾਬੀ ਪੱਗ ਬੰਨ੍ਹ ਕੇ ਰਾਜਨ ਚਾਕੂ ਅਤੇ ਪਲਾਸਟਿਕ ਦੀ ਬੰਦੂਕ ਨਾਲ ਬੂਨ ਲੇ ਮਾਸ ਰੇਪਿਡ ਟ੍ਰਾਂਜ਼ਿਟ ਸਟੇਸ਼ਨ ਦੇ ਬਾਹਰ ਵੈਲਯੂਮੈਕਸ ਪਾਨ ਸ਼ਾਪ ਵਿਚ ਵੜ ਗਿਆ। ਇਸ ਤਰ੍ਹਾਂ ਦੀ ਦੁਕਾਨ ਵਿਚ ਨਕਦੀ ਲਈ ਗਹਿਣੇ ਬਦਲੇ ਜਾਂਦੇ ਹਨ। ਦੁਕਾਨ ਵਿਚ ਵੜ ਕੇ ਉਸ ਨੇ ਉਥੇ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਸਾਰੀ ਨਕਦੀ ਅਤੇ ਗਹਿਣੇ ਦੇਣ ਲਈ ਧਮਕਾਇਆ। ਜਦ ਕਰਮਚਾਰੀਆਂ ਨੇ ਮਨ੍ਹਾਂ ਕਰ ਦਿੱਤਾ ਤਾਂ ਉਸ ਨੇ ਕਿਹਾ ਕਿ ਉਸ ਕੋਲ ਵਿਸਫੋਟਕ ਸਮੱਗਰੀ ਹੈ ਅਤੇ ਉਹ ਦੁਕਾਨ ਉਡਾ ਦੇਵੇਗਾ। ਬਾਅਦ ਵਿਚ ਉਸ ਨੂੰ ਫੜ ਲਿਆ ਗਿਆ। ਉਸ ਖਿਲਾਫ ਅਦਾਲਤੀ ਕਾਰਵਾਈ ਸ਼ੁਰੂ ਹੋ ਗਈ ਹੈ।

## ਪੰਜਾਬ ਦੇ ਜਾਅਲ੍ਹੀ ਟਰੈਵਲ ਏਜੰਟਾਂ ਦਾ ਮੁੱਦਾ ਰਾਜ ਸਭਾ ਪਹੁੰਚਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ ;**
ਪੰਜਾਬ ਵਿਚ ਫਰਜ਼ੀ ਟਰੈਵਲ ਏਜੰਸੀਆਂ ਵੱਲੋਂ ਗੈਰਕਾਨੂੰਨੀ ਤਰੀਕੇ ਨਾਲ ਕਾਮਿਆਂ ਨੂੰ ਵਿਦੇਸ਼ ਭੇਜਣ ਦੀ ਸਮੱਸਿਆ ਦਾ ਮੁੱਦਾ ਰਾਜ ਸਭਾ ਵਿੱਚ ਉਠਿਆ। ਹੁਣ ਇਸ ਦਾਇਰੇ ਵਿੱਚ ਵਿਦਿਆਰਥੀਆਂ ਵੀ ਆ ਗਏ ਹਨ। ਸਿਫਰ ਕਾਲ ਵਿੱਚ ਭਾਜਪਾ ਦੇ ਸ਼ਵੇਤ ਮਲਿਕ ਨੇ ਪੰਜਾਬ ਦੇ ਫਰਜ਼ੀ ਟਰੈਵਲ ਏਜੰਸੀਆਂ ਦੀ ਗਿਣਤੀ ਅਚਾਨਕ ਵਧਣ ਦਾ ਮੁੱਦਾ ਚੁੱਕਦੇ ਹੋਏ ਸਰਕਾਰ ਤੋਂ ਇਸ ਦੀ ਜਾਂਚ ਕਰਾਉਣ ਦੀ ਮੰਗ ਕੀਤੀ।
ਉਨ੍ਹਾਂ ਕਿਹਾ ਅਧਿਕਾਰਤ ਰੂਪ ਵਿੱਚ ਸਿਰਫ 1100 ਰਜਿਸਟਰਡ ਟਰੈਵਲ ਏਜੰਟ ਹਨ। ਜਦੋਂ ਕਿ ਪੂਰੇ ਰਾਜ ਵਿੱਚ ਫਰਜ਼ੀ ਏਜੰਸੀਆਂ ਦੀ ਭਰਮਾਰ ਹੈ। ਇਨ੍ਹਾਂ ਵੱਲੋਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਨੌਕਰੀ ਦਿਵਾਉਣ ਦੇ ਨਾਂ 'ਤੇ ਪਨਾਮਾ ਅਤੇ ਇਰਾਕ ਸਮੇਤ ਹੋਰ ਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ।
ਪੇਸ਼ੇਵਰਾਂ ਦੇ ਪਰਵਾਸ ਦਾ ਮੁੱਦਾ: ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਨੇ ਦੇਸ਼ ਵਿੱਚੋਂ ਪ੍ਰਤਿਭਾ ਦੇ ਪਰਵਾਸ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਪੰਜਾਬ ਸਮੇਤ ਹੋਰ ਰਾਜਾਂ ਤੋਂ ਡਾਕਟਰ, ਇੰਜਨੀਅਰ ਅਤੇ ਹੋਰ ਪੇਸ਼ੇਵਰ ਲੱਖਾਂ ਪ੍ਰਤਿਭਾਸ਼ਾਲੀ ਲੋਕ ਵਿਦੇਸ਼ ਚਲੇ ਜਾਂਦੇ ਹਨ।
ਉਨ੍ਹਾਂ ਇਕ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕੱਲੇ ਪੰਜਾਬ 'ਚੋਂ ਪੜ੍ਹਾਈ ਕਰਕੇ ਨੌਕਰੀ ਕਰਨ ਲਈ ਵਿਦੇਸ਼ ਜਾਣ ਵਾਲੇ ਬੱਚਿਆਂ ਦੇ ਮਾਪੇ ਇਨ੍ਹਾਂ ਦੀ



**ਨਵੀਂ ਦਿੱਲੀ 'ਚ ਜਨਤਾ ਦਲ (ਯੂ) ਦੀ ਸੰਸਦ ਮੈਂਬਰ ਕਹਿਕਸ਼ਾਂ ਪਰਵੀਨ ਰਾਜ ਸਭਾ ਦੀ ਕਾਰਵਾਈ ਚਲਾਉਂਦੀ ਹੋਈ।**

ਪੜ੍ਹਾਈ 'ਤੇ 27 ਹਜ਼ਾਰ ਕਰੋੜ ਰੁਪਏ ਖਰਚ ਕਰਦੇ ਹਨ। ਉਨ੍ਹਾਂ ਰਾਸ਼ਟਰੀ ਨੀਤੀ ਬਣਾ ਕੇ ਦੇਸ਼ ਵਿਚ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਦੀ ਮੰਗ ਕੀਤੀ।

## ਪੰਜਾਬੀ ਨੌਜਵਾਨ ਕਿਰਪਾਲ ਸੰਘੇੜਾ ਦੇ ਕਾਤਲ ਨੂੰ 23 ਸਾਲ ਕੈਦ ਦੀ ਸਜ਼ਾ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵਿਚ ਬੀਤੇ ਸਾਲ 18 ਸਤੰਬਰ ਨੂੰ 39 ਸਾਲਾ ਕਿਰਪਾਲ ਸੰਘੇੜਾ ਦਾ ਕਤਲ ਹੋ ਗਿਆ ਸੀ। ਸਾਊਥਹੈਂਪਟਨ ਦੇ ਰਹਿਣ ਵਾਲੇ 39 ਸਾਲਾ ਕਿਰਪਾਲ ਸੰਘੇੜਾ ਦੇ ਕਤਲ ਮਾਮਲੇ 'ਚ ਵਿਨਚੈਸਟਰ ਕਰਾਊਨ ਕੋਰਟ ਨੇ 43 ਸਾਲਾ ਐਡਮ ਅਬਦੁੱਲਾ ਨੂੰ 23 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਵਿਚ ਦੱਸਿਆ ਗਿਆ ਕਿ ਬੀਤੇ ਸਾਲ 18 ਸਤੰਬਰ ਨੂੰ ਕਿਰਪਾਲ ਸੰਘੇੜਾ

**ਬਾਕੀ ਸਫ਼ਾ 28 'ਤੇ**

# ਨਵੇਂ ਪੰਜਾਬ ਦੀ ਸਿਰਜਣਾ ਲਈ ਕੀ ਕੀਤਾ ਜਾਵੇ

**ਪ੍ਰੋ. ਹਿੰਮਤ ਸਿੰਘ ਸੋਢੀ ਪਹਿਲਿਆਂ 'ਚ ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜੇ ਰਹੇ ਪਰ ਸੰਨ 1984 ਦੇ ਘੱਲੂਘਾਰੇ ਤੋਂ ਬਾਅਦ ਸਿੱਖ ਵਿਚਾਰਧਾਰਾ ਨਾਲ ਜੁੜ ਗਏ। ਉਨ੍ਹਾਂ ਇੱਕ ਸੈਮੀਨਾਰ ਦੌਰਾਨ ਇਹ ਪਰਚਾ ਪੜ੍ਹਿਆ ਸੀ ਅਤੇ ਸਮੁੱਚੇ ਪੰਜਾਬੀਆਂ ਨੂੰ ਇਸ ਬਹਿਸ ਲਈ ਸੱਦਾ ਦਿੱਤਾ ਸੀ। ਇਹ ਪਰਚਾ ਬਹੁਤ ਹੀ ਚਰਚਾ ਦਾ ਵਿਸ਼ਾ ਬਣਿਆ ਸੀ। ਲੇਖਕ ਨੂੰ ਭਾਸ਼ਾ ਵਿਭਾਗ ,ਪੰਜਾਬ ਵੱਲੋਂ ਸੰਨ 1994 ਵਿਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ 'ਭਾਈ ਸੰਤੋਖ ਸਿੰਘ' ਪੁਰਸਕਾਰ ਨਾਲ ਸਨਮਾਨਿਤ ਕੀਤਾ ।ਭਾਵੇਂ ਪ੍ਰੋ. ਹਿੰਮਤ ਸਿੰਘ ਸੋਢੀ ਸਾਡੇ 'ਚ ਸਰੀਰਕ ਤੌਰ 'ਤੇ ਮੌਜੂਦ ਨਹੀਂ ਪਰ ਅਸੀਂ ਉਨ੍ਹਾਂ ਦੀ ਆਤਮਿਕ ਹੋਂਦ ਦਾ ਅਹਿਸਾਸ ਕਰਦੇ ਹੋਏ ਉਨ੍ਹਾਂ ਦਾ ਇਹ ਲੇਖ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ**

ਪ੍ਰੋ. ਹਿੰਮਤ ਸਿੰਘ ਸੋਢੀ



ਅਜੇ ਭਾਰਤ-ਪਾਕਿ ਦੀ ਵੰਡ ਨਹੀਂ ਹੋਈ ਸੀ ਤਾਂ ਪੰਜਾਬੀਆਂ ਅਤੇ ਸਿੱਖਾਂ ਦਾ ਵਿਸ਼ਵਾਸ ਜਿੱਤਣ ਲਈ ਅਤੇ ਇਸ ਡਰ ਦੀ ਰੋਕਥਾਮ ਕਰਨ ਲਈ ਕਿ ਜਦ ਨੈਸ਼ਨਲ ਕਾਂਗਰਸ ਦੇ ਨੇਤਾਵਾਂ ਨੂੰ ਤਾਕਤ ਹਥਿਆਉਣ ਲਈ ਭਾਜੜ ਪਈ ਹੋਈ ਸੀ, ਸਿੱਖ ਤੇ ਪੰਜਾਬੀ ਕਿਧਰੇ ਪਾਕਿਸਤਾਨ ਵਿੱਚ ਰਲਣ ਦੀ ਨਾ ਸੋਚ ਲੈਣ, ਕਿਉਂਕਿ ਕਾਇਦੇ ਆਜ਼ਮ ਜਿਨਾਹ ਪੂਰਬੀ ਪੰਜਾਬ ਤੇ ਸਿੱਖਾਂ ਨੂੰ ਕਈ ਰਿਆਇਤਾਂ ਦਾ ਲਾਰਾ ਦੇ ਕੇ ਉਨ੍ਹਾਂ ਨੂੰ ਆਪਣੇ ਵੱਲ ਖਿੱਚ ਰਿਹਾ ਸੀ, ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨੂੰ ਨਵੇਂ ਭਾਰਤ ਦੇ ਉੱਤਰ-ਪੱਛਮ ਜਾਂ ਪੂਰਬੀ ਪੰਜਾਬ ਵਿੱਚ ਅਜਿਹੇ ਖ਼ੁਦਮੁਖਤਾਰ ਇਲਾਕੇ ਦੀ ਸਥਾਪਤੀ ਦਾ ਲਾਰਾ ਲਾਇਆ ਸੀ, ਜਿੱਥੇ ਉਹ ਆਪਣੀ ਮਰਜ਼ੀ ਦਾ ਜੀਵਨ ਜਿਉਂਦੇ ਹੋਏ, ਆਜ਼ਾਦੀ ਦਾ ਨਿੱਘ ਮਾਣ ਜਾਂ ਸੁੱਖ ਦਾ ਸਾਹ ਲੈ ਸਕਣਗੇ। ਇਸ ਦਾ ਮਤਲਬ ਇਹ ਹੈ ਕਿ ਪੰਜਾਬੀਆਂ ਲਈ ਇੱਕ ਆਪਾ-ਨਿਰਣੈ ਦੇ ਅਧਿਕਾਰ ਵਾਲਾ ਰਾਜ ਕਾਇਮ ਕਰਨ ਦਾ ਵਾਅਦਾ ਕੀਤਾ ਸੀ ਪਰ ਸਾਡੇ ਪੰਜਾਬੀ ਲੀਡਰ ਬਿਲਕੁੱਲ ਭੋਲੇ ਬੰਦੇ ਹੀ ਸਿੱਧ ਹੋਏ।

ਕਿਸੇ ਵੀ ਪ੍ਰਦੇਸ਼ਕ ਇਕਾਈ ਦਾ ਵਿਕਾਸ, ਸਿਰਜਣਾ ਤੇ ਨਵ-ਸਿਰਜਣਾ ਦਾ ਅਮਲ ਉਸ ਖਿੱਤੇ ਦੇ ਲੋਕਾਂ ਦੀ ਚੇਤਨਾ, ਸਿਆਸੀ-ਸੱਭਿਆਚਾਰਕ ਸੂਝ-ਬੂਝ ਨਾਲ ਅਤੇ ਉਸ ਵਲਗਣ ਨਾਲ ਜੁੜਿਆ ਹੁੰਦਾ ਹੈ, ਜਿਸ ਦੇ ਅੰਤਰਗਤ ਰਹਿ ਕੇ ਅਤੇ ਜਿੱਥੋਂ ਦੀ ਸਿਆਸਤ ਅਤੇ ਵਿਧਾਨ ਪ੍ਰਨਾਲੀ ਨਾਲ ਮੱਥਾ ਲਾਉਂਦੇ ਹੋਏ, ਉਹ ਨਸਲੀ-ਭਾਸ਼ਾਈ ਸੱਭਿਆਚਾਰਕ ਇਕਾਈ ਆਪਣੇ ਲੋਕਾਂ ਲਈ ਕੁੱਝ ਕਰ-ਗੁਜ਼ਰਨ ਦੀ ਸਮਰੱਥਾ ਰੱਖਦੀ ਹੋਵੇ, ਪਰ ਭਾਰਤੀ ਪੰਜਾਬ ਇੱਕ ਅਜਿਹੀ ਮੰਦਭਾਗੀ ਇਕਾਈ ਹੈ, ਜਿਸ ਨੂੰ ਆਪਣੀ ਭਾਸ਼ਾ ਦੇ ਆਧਾਰ ਉੱਤੇ ਪ੍ਰਾਂਤਿਕ ਇਕਾਈ ਜਾਂ ਭਾਸ਼ਾਈ ਸੂਬਾ ਹਾਸਲ ਕਰਨ ਲਈ ਹੀ, 1946-47 ਤੋਂ ਬਾਅਦ, ਵੀਹ ਸਾਲ ਤੱਕ ਅਜਿਹਾ ਸੰਘਰਸ਼ ਕਰਨਾ ਪਿਆ, ਜੋ ਭਾਰਤ ਦੀਆਂ ਹੋਰ ਭਾਸ਼ਾ ਦੀ ਇਕਾਈਆਂ ਦੀ ਸਥਾਪਨਾ ਲਈ ਉਨ੍ਹਾਂ ਦੇ ਵਸਨੀਕਾਂ ਨੂੰ ਨਹੀਂ ਸੀ ਕਰਨਾ ਪਿਆ। ਪੰਜਾਬ ਵਾਸੀਆਂ ਨੂੰ ਬੜੀ ਲੰਬੀ ਜੱਦੋ-ਜਹਿਦ ਕਰਨੀ ਪਈ, ਤਦ ਵੀ ਲੰਗੜਾ ਜਿਹਾ ਪੰਜਾਬੀ ਸੂਬਾ ਹੋਂਦ ਵਿੱਚ ਆਇਆ, ਜਿਸ ਤੋਂ ਕਾਂਗੜਾ, ਊਨਾ, ਅੰਬਾਲਾ, ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖੇ ਗਏ। ਇਸ ਬਾਰੇ ਸੱਤਾਧਾਰੀ ਵਰਗ ਪਾਸ ਇਹ ਬਹਾਨਾ ਹੈ ਕਿ ਇਹ ਇਲਾਕੇ ਸਰਹੱਦੀ ਹੋਣ ਕਾਰਨ ਇਹਨਾਂ ਦੀ ਸੁਰੱਖਿਆ ਦੇ ਮਹੱਤਵ ਬਾਰੇ ਕੇਂਦਰੀ ਰਾਜ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ।

ਜਦ ਸੰਨ 1957 ਵਿੱਚ ਪੈਪਸੂ ਪ੍ਰਾਂਤ ਹੋਂਦ ਵਿੱਚ ਆਇਆ, ਤਦ ਏਥੇ ਹੋਈਆਂ ਚੋਣਾਂ ਦੇ ਫਲਸਰੂਪ ਅਕਾਲੀ ਵਜ਼ਾਰਤ ਹੋਂਦ 'ਚ ਆਈ ਸੀ ਪਰ ਕੇਂਦਰ ਦੀਆਂ ਚਾਲਬਾਜ਼ੀਆਂ ਕਾਰਨ ਉਹ ਵਜ਼ਾਰਤ ਚੱਲਣ ਨਾ ਦਿੱਤੀ ਗਈ। ਫੇਰ ਸੰਨ 1967 ਤੋਂ ਬਾਅਦ ਪੰਜਾਬ-ਪੈਪਸੂ ਦੇ ਮਿਲਵੇਂ ਪੰਜਾਬੀ ਸੂਬੇ ਵਿੱਚ ਪੰਜ ਸਾਲ ਤੱਕ ਕੇਂਦਰ ਦੀਆਂ ਚਾਲਾਂ ਦੇ ਕਾਰਨ ਹੀ ਸੂਬੇ ਵਿੱਚ ਅਕਾਲੀ ਅਗਵਾਈ ਵਾਲੀ ਕੋਈ ਵੀ ਸਰਕਾਰ ਸਥਿਰ ਨਾ ਰਹਿ ਸਕੀ। ਹਾਰ ਕੇ ਅਕਾਲੀਆਂ ਨੂੰ ਸੰਨ 1972 ਵਿੱਚ "ਅਨੰਦਪੁਰ ਸਾਹਿਬ ਦਾ ਮਤਾ" ਪਾਸ ਕਰਨਾ ਪਿਆ, ਜਿਸ ਅਨੁਸਾਰ ਭਾਰਤ ਵਿੱਚ ਫੈਡਰਲ ਰਾਜ ਦਾ ਢਾਂਚਾ ਲਾਗੂ ਕਰ ਕੇ ਪ੍ਰਾਂਤਾਂ ਨੂੰ ਵਧੇਰੇ ਮਾਲੀ, ਪ੍ਰਸ਼ਾਸਨਿਕ ਅਤੇ ਸਵੈ-ਨਿਰਣੇ ਦੇ ਅਧਿਕਾਰ ਦੇਣ ਦੀ ਗੱਲ ਕਹੀ ਗਈ। ਜਦ ਸੰਨ 1977 ਵਿੱਚ ਮੁੜ ਅਕਾਲੀ ਵਜ਼ਾਰਤ ਬਣੀ ਅਤੇ ਸੰਨ 1978 ਵਿੱਚ ਆਨੰਦਪੁਰ ਦਾ ਸੋਧਿਆ ਹੋਇਆ ਰੂਪ ਪੇਸ਼ ਕੀਤਾ ਗਿਆ, ਤਾਂ ਸੰਨ 1980 ਵਿੱਚ ਨਵੀਂ ਕੇਂਦਰੀ ਸਰਕਾਰ ਨੇ ਬਿਨਾਂ ਕਿਸੇ ਠੋਸ ਸਬੱਬ ਦੇ ਵਿਧਾਨ ਸਭਾ ਵਿੱਚ ਬਹੁ-ਗਿਣਤੀ ਅਕਾਲੀ ਸਰਕਾਰ ਨੂੰ ਭੰਗ ਕਰ ਦਿੱਤਾ ਅਤੇ ਪੰਜਾਬੀ ਨੌਜਵਾਨਾਂ ਨੂੰ ਹਥਿਆਰਬੰਦ ਸੰਘਰਸ਼ ਕਰਨ ਲਈ ਮਜਬੂਰ ਕੀਤਾ ਗਿਆ। ਕੇਂਦਰ ਨੇ ਪੰਜਾਬ ਦੀ ਨਸਲਕੁਸ਼ੀ ਕਰਕੇ ਪੰਜਾਬ ਨੂੰ ਆਰਥਿਕ, ਜਿਸਮਾਨੀ ਤੇ ਮਾਨਸਿਕ ਤੌਰ 'ਤੇ ਤਬਾਹ ਕੀਤਾ ਗਿਆ। ਪੰਜਾਬ ਦੇ ਬਾਸ਼ਿੰਦਿਆਂ ਦਾ ਦਰਿੰਦਿਆਂ ਵਾਲਾ ਅਕਸ ਪ੍ਰਚਾਰਨ ਦੀਆਂ ਘਿਨਾਉਣੀਆਂ ਸਾਜ਼ਿਸ਼ਾਂ ਰਚੀਆਂ ਗਈਆਂ।

**ਪੀਹੜੀ ਹੇਠਾਂ ਸੋਟਾ :** ਪੰਜਾਬ ਦੀ ਅਜਿਹੀ ਮੰਦਭਾਗੀ ਦੁਰਦਸ਼ਾ ਲਈ ਕੇਵਲ ਪਰਾਏ ਪੁੱਤਾਂ ਦੇ ਸਿਰ ਹੀ ਦੋਸ਼ ਨਹੀਂ ਮੜ੍ਹਿਆ ਜਾ ਸਕਦਾ, ਆਪਣੀ ਪੀਹੜੀ ਹੇਠਾਂ ਵੀ ਸੋਟਾ ਫੇਰਨਾ ਬਣਦਾ ਹੈ। ਵਿਚਾਰਨ ਵਾਲੀ ਗੱਲ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਦੇ ਉਪਰੰਤ ਕੁੱਝ ਸਾਲਾਂ ਬਾਅਦ ਹੀ ਨਾ ਕੇਵਲ ਸ਼੍ਰੋਮਣੀ ਕਮੇਟੀ ਵਿੱਚ ਜੱਟ-ਸਿੱਖ ਅਤੇ ਗ਼ੈਰ-ਜੱਟ ਸਿੱਖ ਲੀਡਰਸ਼ਿਪ ਵਿਚਾਲੇ ਲੁਕਵੇਂ ਰੂਪ ਵਿੱਚ ਤਣਾਤਣੀ ਸ਼ੁਰੂ ਹੋ ਗਈ, ਸਗੋਂ ਇਸ ਦੇ ਫਲਸਰੂਪ ਸਿੱਖਾਂ ਵਿੱਚ 'ਰਾਧਾ-ਸਵਾਮੀ', 'ਨਾਮਧਾਰੀ', 'ਨਿਰੰਕਾਰੀ' ਆਦਿ ਪਤ-ਅਵਲੰਬੀਆਂ ਨੇ ਆਪਣੇ ਵੱਖਰੇ-ਵੱਖਰੇ ਖੇਮੇ ਜਾਂ ਤੰਬੂ ਤਾਣ ਲਏ ਸਨ (ਜੋ ਅੱਜ ਭਨਿਆਰਾਵਾਲਾ ਸਾਧ, ਆਸ਼ੂਤੋਸ਼ ਤੇ ਵਰਗੇ ਸਿੱਖੀ ਦੀ ਹੋਂਦ ਲਈ ਤਿੱਖੀ ਚੁਣੌਤੀ ਦੇਣ ਵਾਲੇ ਡੇਰਿਆਂ ਦੇ ਰੂਪ 'ਚ ਸਥਾਪਿਤ ਹੋ ਗਏ ਹਨ : ਸੰਪਾਦਕ) ਇਸ ਸਥਿਤੀ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਕੌਣ ਸੀ ? ਕੀ ਕਦੀ ਪ੍ਰਬੰਧਕ ਕਮੇਟੀ ਨੇ ਅਜਿਹੇ ਗੰਭੀਰ ਵਿਸ਼ੇ ਬਾਰੇ ਨਿਰਪੱਖ ਵਿਦਵਾਨ ਤੋਂ ਚਰਚਾ ਕਰਵਾਈ ਜਾਂ ਉਨ੍ਹਾਂ ਦਾ ਵਿਚਾਰ ਜਾਣਨ ਦਾ ਯਤਨ ਕੀਤਾ ਹੈ।

ਧਰਮ ਨੂੰ ਅਸਾਂ ਰਾਜਨੀਤੀ ਦੇ ਅਧੀਨ ਕਰ ਛੱਡਿਆ ਹੈ। ਸਾਡੇ ਰਾਜਨੀਤੀਵਾਨ ਸਦਾ ਇਹ ਕਹਿੰਦੇ ਰਹੇ ਹਨ ਕਿ ਸਿੱਖੀ ਵਿੱਚ ਧਰਮ ਤੇ ਰਾਜਨੀਤੀ ਇੱਕ ਹਨ, ਇਕੱਠੇ ਹੀ ਹਨ, ਪਰ ਸਿੱਖ ਧਰਮ ਵਿੱਚ ਪਹਿਲਾਂ ਧਰਮ ਆਇਆ ਸੀ ਕਿ ਰਾਜਨੀਤੀ ਪਹਿਲਾਂ 'ਪੀਰੀ' ਆਈ ਕਿ 'ਮੀਰੀ' ? ਮੀਰੀ ਦੇ ਆਉਣ ਤੋਂ ਜਾਂ ਸ਼ੁਰੂ ਸਤਾਰ੍ਹਵੀਂ ਸਦੀ ਤੋਂ ਇੱਕ ਸੌ ਸਾਲ ਪਹਿਲਾਂ ਪੀਰੀ ਸ਼ੁਰੂ ਹੋਈ ਸੀ ਤੇ ਬਾਅਦ ਵਿੱਚ ਡੇਢ ਸੌ ਸਾਲ, ਅਠਾਰ੍ਹਵੀਂ ਸਦੀ ਦੇ ਮੱਧ ਤੱਕ ਵੀ ਪੀਰੀ ਹੀ ਮੀਰੀ ਉੱਤੇ ਭਾਰੂ ਰਹੀ। ਪਰ ਹੁਣ ਤਾਂ ਚਾਰੇ ਪਾਸੇ ਮੀਰੀ ਹੀ ਮੀਰੀ ਦਾ ਬੋਲਬਾਲਾ ਹੈ। ਸਿੱਖ ਮਰਿਯਾਦਾ ਵਿੱਚ 'ਸੰਤ' ਪਹਿਲਾ ਹੈ, 'ਸਿਪਾਹੀ' ਬਾਅਦ ਵਿੱਚ-'ਸੰਤ ਸਿਪਾਹੀ', ਪਰ ਹੁਣ ਤਾਂ ਗੰਗਾ ਉਲਟੀ ਵਗ ਰਹੀ ਹੈ।

ਆਖਰ ਅਜਿਹੀ ਸਥਿਤੀ ਲਈ ਜ਼ਿੰਮੇਵਾਰ ਕੌਣ ਹੈ ? : ਗੁਰੂ ਸਾਹਿਬਾਂ ਅਤੇ ਉਨ੍ਹਾਂ ਦੇ ਸੱਚੇ ਸ਼ਰਧਾਲੂਆਂ ਤੇ ਸਿਰਲੱਥ ਸੂਰਮਿਆਂ ਨੇ ਦੋ ਢਾਈ ਸੌ ਸਾਲ ਦੀ ਘਾਲਣਾ ਨਾਲ ਪੰਜਾਬੀ ਕੌਮ ਨੂੰ ਪੈਰਾਂ ਸਿਰ ਖੜ੍ਹਾ ਕੀਤਾ ਅਤੇ ਉੱਤਰੀ ਭਾਰਤ ਵਿੱਚ ਇੱਕ ਬੇਮਿਸਾਲ ਸੱਭਿਆਚਾਰਕ ਇਨਕਲਾਬ ਰਾਹੀਂ ਇੱਕ ਨਵੇਂ ਪ੍ਰਕਾਰ ਦੇ ਮਨੁੱਖ ਨੂੰ ਸਾਹਮਣੇ ਲਿਆਂਦਾ, ਪਰ ਸਿੱਖ ਰਾਜ ਦੇ ਕਾਇਮ ਹੋਣ 'ਤੇ ਵਿਗਠਨ ਬਾਅਦ ਸਿੱਖ ਢਹਿੰਦੀਆਂ ਕਲਾਂ ਵੱਲ ਜਾਣ ਲੱਗ ਪਏ। ਪੰਜਾਬੀ ਸੂਬੇ ਲਈ ਸੰਘਰਸ਼ ਤਾਂ ਹੋਇਆ ਪਰ ਇਸ ਸੰਘਰਸ਼ ਦਾ ਮਨੋਰਥ ਲੀਡਰਾਂ ਦੁਆਰਾ ਵਜ਼ੀਰੀਆਂ ਤੇ ਗੋਲਕਾਂ ਪ੍ਰਾਪਤ ਕਰਨਾ ਹੀ ਪ੍ਰਤੀਤ ਹੁੰਦਾ ਹੈ। ਕੌਮੀ ਆਜ਼ਾਦੀ ਦੀ ਲਹਿਰ ਵਿੱਚ ਅਕਾਲੀ ਲੀਡਰਸ਼ਿਪ ਨੇ ਇੱਕ ਕੇਂਦਰੀ ਬ੍ਰਾਹਮਣਵਾਦੀ ਸਰਮਾਏਦਾਰੀ ਦੇ ਸਹਿਯੋਗੀ ਬਣ ਕੇ ਹਿੱਸਾ ਲਿਆ। ਆਜ਼ਾਦੀ ਦਾ ਫਲ ਤਾਂ ਕੇਂਦਰੀ ਸਰਮਾਏਦਾਰੀ ਖਾ ਗਈ, ਇੱਕ ਆਮ ਸਿੱਖ ਨੂੰ ਕੀ ਮਿਲਿਆ ? ਸੰਨ 1984 ਦੇ ਘੱਲੂਘਾਰੇ ਤੇ ਸਿੱਖਾਂ ਦੀਆਂ ਲਾਵਾਰਸ ਲਾਸ਼ਾਂ। ਵੱਡੇ ਲੀਡਰਾਂ ਦੇ ਧੀਆਂ-ਪੁੱਤਰ ਵੀ ਵੱਡੇ ਲੀਡਰ, ਚੀਫ਼ ਮਨਿਸਟਰਾਂ ਦੇ ਮੁੰਡੇ ਵੀ ਮੁੱਖ-ਮੰਤਰੀ ਜਾਂ ਮੰਤਰੀ ਬਣਨੇ ਚਾਹੀਦੇ ਹਨ। ਨਹਿਰੂ, ਗਾਂਧੀ ਖਾਨਦਾਨ ਨੇ ਇਹ ਵਿਰਾਸਤ ਮੁਗ਼ਲਾਂ ਤੋਂ ਲਈ ਸੀ। ਹੁਣ ਇਹ ਸਾਰੇ ਮੁਲਕ ਵਿੱਚ ਇੱਕ ਛੂਤ ਦੀ ਬਿਮਾਰੀ ਵਾਂਗ ਫੈਲ ਗਈ ਹੈ। ਹਰਿਆਣੇ ਦੇ ਤਿੰਨ ਲਾਲਾ (ਬੰਸੀ ਲਾਲ, ਦੇਵੀ ਲਾਲ, ਭਜਨ ਲਾਲ) ਨੇ ਇਸ ਨੂੰ ਬੜੀ ਸਫ਼ਲਤਾ ਨਾਲ ਅਪਣਾਇਆ। ਪੰਜਾਬ 'ਚ ਬਾਦਲ ਸਾਹਿਬ ਇਸੇ ਲੀਹਾਂ 'ਤੇ ਚੱਲੇ ਹੋਏ ਹਨ। ਇਸੇ ਤਰ੍ਹਾਂ ਕਸ਼ਮੀਰ ਵਿੱਚ ਤੀਜੀ ਪੀੜ੍ਹੀ ਅਤੇ ਪੰਜਾਬ, ਉੜੀਸਾ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼ ਆਦਿ ਵਿੱਚ ਇਹ ਦੂਜੀ ਪੀੜ੍ਹੀ ਤੱਕ ਪਹੁੰਚ ਚੁੱਕੀ ਹੈ।

**ਕੀ ਕੀਤਾ ਜਾਵੇ ? :** ਅਨੇਕਾਂ ਪ੍ਰਕਾਰ ਦੇ ਗੁਰਮਤਿ ਵਿਰੋਧੀ ਕਰਮ-ਕਾਂਡ ਆਮ ਸਿੱਖ ਦੇ ਜੀਵਨ ਦਾ ਭਾਗ ਬਣ ਗਏ ਹਨ, ਉਨ੍ਹਾਂ ਨੂੰ ਰੋਕਣ ਲਈ ਕਦਮ ਪੁੱਟੇ ਜਾਣ। ਉਹ ਸਾਰੇ ਕਦਮ, ਜੀਵਨ ਦੇ ਹਰੇਕ ਪੱਧਰ 'ਤੇ ਉਠਾਏ ਜਾਣ, ਜਿਸ ਨਾਲ ਸਿੱਖਾਂ ਵਿੱਚ ਸੱਭਿਆਚਾਰਕ ਕ੍ਰਾਂਤੀ ਆ ਸਕੇ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨਾਂ ਨੇ ਬਿਨਾਂ ਕਿਸੇ ਧਨ-ਬਲ ਜਾਂ ਸਖ਼ਤੀ ਦੀ ਵਰਤੋਂ ਦੇ, ਬਿਨਾਂ ਕਿਸੇ ਸਰਕਾਰੀ ਜਾਂ ਪ੍ਰਸ਼ਾਸਨਿਕ ਸਹਾਇਤਾ ਦੇ, ਕੇਵਲ ਅਮਲੀ ਜੀਵਨ ਵਿੱਚ ਕਥਨੀ ਤੇ ਕਰਨੀ ਨੂੰ ਇੱਕਮਿੱਕ ਕਰਕੇ, ਲੰਮੇ ਸੰਘਰਸ਼ ਅਤੇ ਵੱਡੀ ਲਹਿਰ ਚਲਾ ਕੇ ਹੀ ਪੰਜਾਬੀਆਂ ਵਿੱਚ ਸੱਭਿਆਚਾਰਕ ਸਾਮਾਜਿਕ ਕ੍ਰਾਂਤੀ ਲਿਆਂਦੀ ਸੀ, ਜਿਸ ਦੇ ਅੰਤਿਮ ਨਤੀਜੇ ਸਰੂਪ ਪੰਜਾਬੀ ਕੌਮ ਹੋਂਦ ਵਿੱਚ ਆਈ।

ਸੱਭਿਆਚਾਰਕ, ਨੈਤਿਕ, ਸਾਮਾਜਿਕ ਪਰਿਵਰਤਨ ਹੀ ਜਨ-ਸਾਧਾਰਨ ਵਿੱਚ ਆਤਮਿਕ ਬਲ ਪੈਦਾ ਕਰਦਾ ਹੈ। ਆਤਮਿਕ ਤੌਰ 'ਤੇ ਜਾਗੀ ਹੋਈ ਕੌਮ ਜਾਂ ਕੋਈ ਵੀ ਜਨ-ਸਮੂਹ ਵੱਡੀ ਤੋਂ ਵੱਡੀ ਸੱਤਾ ਜਾਂ ਹੁਕਮ-ਹਾਸਲ ਸ਼ਾਸਕਾਂ ਦੀਆਂ ਵਧੀਕੀਆਂ ਦਾ ਮੁਕਾਬਲਾ ਕਰ ਸਕਦਾ ਹੈ।

**ਕੁੱਝ ਹਾਂ-ਮੁੱਖੀ ਸੰਭਾਵਨਾਵਾਂ :** ਭਾਰਤ ਵਿੱਚ ਕਈਆਂ ਸਾਲਾਂ ਤੋਂ ਕੁੱਝ ਭਾਸ਼ਾਈ ਨਸਲੀ ਸੱਭਿਆਚਾਰਕ, ਭੂਗੋਲਿਕ ਇਕਾਈਆਂ ਆਪਣੀ ਵੱਖਰੀ ਪਛਾਣ, ਆਪਣੀ ਖੁਦਮੁਖਤਾਰੀ ਲਈ ਯਤਨਸ਼ੀਲ ਹਨ। ਵੱਖ-ਵੱਖ ਪ੍ਰਾਂਤਾਂ, ਪ੍ਰਦੇਸ਼ਾਂ, ਇਲਾਕਿਆਂ ਵਿੱਚ ਉਹ ਆਪਣੀ ਰਾਜਸੀ ਤੇ ਸੱਭਿਆਚਾਰਕ ਹੋਂਦ ਦਾ ਪ੍ਰਤੱਖ ਸਬੂਤ ਦੇ ਰਹੀਆਂ ਅਤੇ ਕੇਂਦਰੀ ਸਰਕਾਰਾਂ ਤੋਂ ਆਪਣੀ ਪਛਾਣ ਤੇ ਆਪਣਾ ਦਬਦਬਾ ਵੀ ਕਿਸੇ ਹੱਦ ਤੱਕ ਮਨਵਾ ਰਹੀਆਂ ਹਨ। ਇਹ ਸਾਰਾ ਵਿਕਾਸ ਕ੍ਰਮ ਭਾਰਤ ਅੰਦਰ ਇੱਕ ਫੈਡਰਲ ਢਾਂਚੇ ਦੀ ਸਥਾਪਨਾ ਵੱਲ ਖਿਸਕਦਾ ਹੈ। ਇਕੱਲਾ ਪੰਜਾਬ ਜਾਂ ਇਕੱਲੇ ਤੌਰ 'ਤੇ ਸਿੱਖ ਜਨਤਾ ਬਹੁਤ ਕੁੱਝ ਪ੍ਰਾਪਤ ਨਹੀਂ ਕਰ ਸਕਦੇ, ਜਿੰਨਾ ਚਿਰ ਉਨ੍ਹਾਂ ਦੇ ਗੁਆਂਢ ਵਿੱਚ ਵੀ ਭਾਸ਼ਾਈ ਨਸਲੀ ਸੱਭਿਆਚਾਰਕ ਭੂਗੋਲਿਕ ਇਕਾਈਆਂ ਸੰਗਠਿਤ ਹੋ ਕੇ ਗੱਲਾਂ ਨਾ ਕਰਨ। ਇੱਕ ਨਵੇਂ ਤਕੜੇ, ਸੁਖੀ ਤੇ ਖ਼ੁਸ਼ਹਾਲ ਪੰਜਾਬ ਦੇ ਨਿਰਮਾਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਗੁਆਂਢੀ ਦੇਸ਼ ਪਾਕਿਸਤਾਨ ਨਾਲ, ਜੋ ਮੁੱਖ ਤੌਰ 'ਤੇ ਇੱਕ ਵਿਸ਼ਾਲ ਮਹਾਂਦੀਪ ਦੀ ਪੰਜਾਬੀ ਕੌਮ ਦਾ ਹੀ ਭਾਗ ਹੈ, ਮਿੱਤਰਤਾ ਪੂਰਵਕ ਸੰਬੰਧ ਸਥਾਪਤ ਹੋਣ, ਤਾਂ ਜੋ ਇੱਕ ਹੀ ਕੌਮ ਦੇ ਦੋ ਨਸਲੀ ਭੂਗੋਲਿਕ ਭਾਗ ਇੱਕ ਦੂਜੇ ਦੀ ਮਾਰ-ਕਾਟ ਦਾ ਸਿਲਸਿਲਾ ਬੰਦੇ ਕਰ ਸਕਣ ਅਤੇ ਸਾਮਾਜਿਕ ਸੱਭਿਆਚਾਰਕ ਵਿਕਾਸ ਵੱਲ ਰੁਚਿਤ ਹੋਣ।

**ਧਰਮ ਨੂੰ ਅਸਾਂ ਰਾਜਨੀਤੀ ਦੇ ਅਧੀਨ ਕਰ ਛੱਡਿਆ ਹੈ। ਸਾਡੇ ਰਾਜਨੀਤੀਵਾਨ ਸਦਾ ਇਹ ਕਹਿੰਦੇ ਰਹੇ ਹਨ ਕਿ ਸਿੱਖੀ ਵਿੱਚ ਧਰਮ ਤੇ ਰਾਜਨੀਤੀ ਇੱਕ ਹਨ, ਇਕੱਠੇ ਹੀ ਹਨ, ਪਰ ਸਿੱਖ ਧਰਮ ਵਿੱਚ ਪਹਿਲਾਂ ਧਰਮ ਆਇਆ ਸੀ ਕਿ ਰਾਜਨੀਤੀ ਪਹਿਲਾਂ 'ਪੀਰੀ' ਆਈ ਕਿ 'ਮੀਰੀ' ? ਮੀਰੀ ਦੇ ਆਉਣ ਤੋਂ ਜਾਂ ਸ਼ੁਰੂ ਸਤਾਰ੍ਹਵੀਂ ਸਦੀ ਤੋਂ ਇੱਕ ਸੌ ਸਾਲ ਪਹਿਲਾਂ ਪੀਰੀ ਸ਼ੁਰੂ ਹੋਈ ਸੀ ਤੇ ਬਾਅਦ ਵਿੱਚ ਡੇਢ ਸੌ ਸਾਲ, ਅਠਾਰ੍ਹਵੀਂ ਸਦੀ ਦੇ ਮੱਧ ਤੱਕ ਵੀ ਪੀਰੀ ਹੀ ਮੀਰੀ ਉੱਤੇ ਭਾਰੂ ਰਹੀ। ਪਰ ਹੁਣ ਤਾਂ ਚਾਰੇ ਪਾਸੇ ਮੀਰੀ ਹੀ ਮੀਰੀ ਦਾ ਬੋਲਬਾਲਾ ਹੈ। ਸਿੱਖ ਮਰਿਯਾਦਾ ਵਿੱਚ 'ਸੰਤ' ਪਹਿਲਾ ਹੈ, 'ਸਿਪਾਹੀ' ਬਾਅਦ ਵਿੱਚ-'ਸੰਤ ਸਿਪਾਹੀ', ਪਰ ਹੁਣ ਤਾਂ ਗੰਗਾ ਉਲਟੀ ਵਗ ਰਹੀ ਹੈ।**

# ਪਾਖੰਡੀ ਸਾਧਾਂ ਨੂੰ ਚਮਕਾ ਰਹੇ ਹਨ ਟੀ ਵੀ ਚੈਨਲ

- ਅੰਧ-ਵਿਸ਼ਵਾਸਾਂ, ਜੋਤਸ਼ੀਆਂ ਦੇ ਚੱਕਰਵਿਊ 'ਚ ਫਸਾਇਆ ਜਾ ਰਿਹਾ ਹੈ ਜਨਤਾ ਨੂੰ
- ਇੱਕ ਅਧਿਆਤਮਕ ਚੈਨਲ 'ਤੇ ਖਰਚਾ ਆਉਂਦਾ ਹੈ 10 ਕਰੋੜ
- ਹਰ ਸਾਧ ਦੀ ਆਪਣੀ ਵੈਬਸਾਈਟ



**ਬਲਦੇਵ ਸਿੰਘ ਢੱਟ**

ਧਰਮ ਦੇ ਨਾਮ 'ਤੇ ਪਾਖੰਡੀ ਸਾਧਾਂ ਵੱਲੋਂ ਅਖੌਤੀ ਮੁਕਤੀ ਦੇ ਨਾਮ 'ਤੇ ਪਾਖੰਡ ਜਾਰੀ ਹਨ। ਉਨ੍ਹਾਂ ਨੂੰ ਇਕ ਪਾਸੇ ਭਾਰਤ ਦੇ ਸਿਆਸਤਦਾਨਾਂ ਦਾ ਸਹਾਰਾ ਮਿਲਿਆ ਹੈ ਤੇ ਦੂਸਰੇ ਪਾਸੇ ਮੀਡੀਆ ਮਾਇਆ ਦੀ ਖਾਤਰ ਉਨ੍ਹਾਂ ਦੇ ਚਰਨੀ ਪਿਆ ਹੋਇਆ ਹੈ। 'ਆਸਥਾ', 'ਸੰਸਕਾਰ', 'ਸਾਧਨਾ', 'ਗੌਡ' ਟੀ.ਵੀ., 'ਸੁਦਰਸ਼ਨ' ਚੈਨਲ, 'ਅੰਮਾ', 'ਕਯੂ ਟੀ.ਵੀ.', ਵਰਗੇ ਕਈ ਚੈਨਲਾਂ 'ਚ ਇਹ ਸਾਧ ਆਪਣੀ ਮਸ਼ਹੂਰੀ ਕਰਨ ਲਈ ਪ੍ਰਗਟ ਹੁੰਦੇ ਹਨ। ਇਹ ਨਵੇਂ ਭਾਰਤ ਦੀ ਨਵੀਂ ਤਸਵੀਰੀ ਕਹਾਣੀ ਹੈ। ਉਹੀ ਸਦੀਆਂ ਪੁਰਾਣੇ ਫਾਰਮੂਲੇ ਹਨ ਪਰ ਅੰਦਾਜ਼ ਅਜਿਹਾ ਕਿ ਇਸ ਵਾਰ ਉਨ੍ਹਾਂ ਨੂੰ ਚਮਕਦੇ-ਦਮਕਦੇ ਉੱਡਣ ਖਟੋਲੇ 'ਤੇ ਸਵਾਰ ਕਰਕੇ ਸੈਟੇਲਾਈਟ ਦੇ ਜ਼ਰੀਏ ਕੇਬਲ ਦੀਆਂ ਤਾਰਾਂ ਦੁਆਰਾ ਹਰ ਗਲੀ ਵਿੱਚ ਇਸ ਢੰਗ ਨਾਲ ਪਹੁੰਚਾਇਆ ਜਾ ਰਿਹਾ ਹੈ ਕਿ ਜਨਤਾ ਮੰਤਰ-ਮੁਗਧ ਹੋ ਹੀ ਜਾਂਦੀ ਹੈ। ਇਨ੍ਹਾਂ ਚੈਨਲਾਂ ਦਾ ਦਾਅਵਾ ਹੈ ਕਿ ਇਸ ਸਮੇਂ ਭਾਰਤ ਦੀ ਢਾਈ ਕਰੋੜ ਤੋਂ ਵੱਧ ਜਨਤਾ ਇਨ੍ਹਾਂ ਨੂੰ ਦੇਖਦੀ ਹੈ। ਚੈਨਲ ਮਾਲਕ ਭਾਵੇਂ ਦਾਅਵਾ ਕਰਦੇ ਰਹਿਣ ਕਿ ਸਾਧ ਸਿਰਫ਼ ਭਗਤੀ ਭਾਵ ਨਾਲ ਅਧਿਆਤਮਕ ਪਰੋਸਣ ਦਾ ਕੰਮ ਕਰ ਰਹੇ ਹਨ, ਪਰ ਸੱਚ ਇਹੀ ਹੈ ਕਿ ਤਿਜੌਰੀ ਭਰਨ ਦੀ ਜਲਦੀ ਵਿੱਚ ਉਹ ਵੀ ਹਨ, ਕਿਉਂਕਿ ਧਰਮ ਦੇ ਨਾਮ 'ਤੇ ਸਾਧ ਰੰਗੇ ਜਾਂਦੇ ਹਨ, ਉਨ੍ਹਾਂ ਦੀ ਸੰਗਤ ਵੱਧ ਜਾਂਦੀ ਹੈ ਤੇ ਤਿਜੌਰੀ ਪੈਸੇ ਨਾਲ ਭਰ ਜਾਂਦੀ ਹੈ ਤੇ ਉਹ ਇਸ ਬਦਲੇ ਚੈਨਲਾਂ ਦੀ ਝੋਲੀ ਭਰਦੇ ਹਨ। ਉਹ ਦਲੀਲ ਦਿੰਦੇ ਹਨ ਕਿ ਸਾਡੇ ਦਰਸ਼ਕ ਧਰਮ ਦੇ ਵਿੱਚ ਇਸ਼ਤਿਹਾਰਾਂ ਦੀ ਭੀੜ ਦੇਖਣਾ ਪਸੰਦ ਨਹੀਂ ਕਰਨਗੇ ਅਤੇ ਇਨ੍ਹਾਂ ਦੀ ਇੱਕ ਸੀਮਾ ਰਹੇਗੀ, ਇਸ ਲਈ ਗੁਰੂਆਂ ਨੂੰ ਆਪਣੀ ਫੀਸ ਦੇਣੀ ਪਵੇਗੀ। ਸ਼ੁਰੂਆਤੀ ਦਿਨਾਂ ਵਿੱਚ ਇੱਕ ਮਹੀਨੇ ਦੇ ਲਈ ਲੱਗਭੱਗ 20,000 ਰੁਪਏ ਤੋਂ ਸ਼ੁਰੂ ਹੋਇਆ ਇਹ ਵਪਾਰ ਹੁਣ ਸ਼ੁਰੂ ਹੀ ਢਾਈ ਲੱਖ ਤੋਂ ਹੁੰਦਾ ਹੈ। ਇੱਕ ਟੈਲੀਕਾਮ ਕੰਪਨੀ ਮੋਬਾਇਲ 'ਤੇ ਅਧਿਆਤਮਕ ਚੈਨਲ ਸ਼ੁਰੂ ਕਰ ਰਹੀ ਹੈ। ਇਸ ਨਾਲ ਗਾਹਕ ਮੋਬਾਇਲ 'ਤੇ ਵੀ ਪੂਜਾ-ਭਗਤੀ ਕਰ ਸਕਣਗੇ। ਇਸ ਹੈਂਡਸੈੱਟ ਵਿੱਚ ਹਰ ਭਗਵਾਨ ਦੇ ਲਈ ਵੱਖਰੇ ਰੰਗ ਅਤੇ ਤਸਵੀਰ ਦਾ ਪ੍ਰਬੰਧ ਹੋਵੇਗਾ। ਮਤਲਬ ਪੂਰਾ ਦਿਨ ਭੱਜਦੇ-ਭੱਜਦੇ ਪੂਜਾ ਵੀ ਕਰੋ ਅਤੇ ਪੁੰਨ ਵੀ ਕਮਾਓ ਅਤੇ ਪੈਸਾ ਕਮਾਉਣ ਦਾ ਕੰਮ ਕੰਪਨੀ 'ਤੇ ਛੱਡ ਦਿਓ।

ਹੁਣ 'ਹਾਈਟੇਕ' ਵਿਆਹਾਂ 'ਤੇ ਵੀ ਕੰਮ ਹੋਣ ਲੱਗਾ ਹੈ। ਟੀ.ਵੀ. 'ਤੇ ਹੀ ਆਪਣੀ ਕੁੰਡਲੀ ਮਿਲਾਓ ਅਤੇ ਨਛੱਤਰਾਂ ਨੂੰ ਵਰਗਲਾ ਕੇ ਵਿਆਹ ਕਰਵਾ ਲਓ। ਹੈ ਨਾ ਸਭ ਕੁੱਝ ਆਸਾਨ। ਹਰ ਚੈਨਲ ਕੋਲ ਆਪਣੀਆਂ ਤਰਕੀਬਾਂ ਹਨ। ਉਹ ਸਾਧਾਂ ਦੇ ਨਾਲ-ਨਾਲ ਤਾਂਤਰਿਕਾਂ, ਜੋਤਸ਼ੀਆਂ ਦਾ ਬਿਜ਼ਨੈਸ ਵਧਾ ਕੇ ਭਾਰਤ ਦੀ ਜਨਤਾ ਨੂੰ ਅੰਧ-ਵਿਸ਼ਵਾਸਾਂ ਦੇ ਅੰਨ੍ਹੇ ਖੂਹ 'ਚ ਸੁੱਟ ਰਹੇ ਹਨ।

ਨੌਜਵਾਨ ਪੀੜ੍ਹੀ ਲਈ ਵੀ ਅਧਿਆਤਮ ਹੁਣ ਇੱਕ 'ਬੋਰਿੰਗ' ਨਿਸ਼ਚਾ ਨਹੀਂ ਹੈ। ਅਚਾਨਕ ਗੁਰੂਆਂ ਦੀ ਅਜਿਹੀ 'ਸਮਾਰਟ' ਫ਼ੌਜ ਪੈਦਾ ਹੋ ਗਈ ਹੈ ਕਿ ਧਰਮ ਦਾ ਬਾਜ਼ਾਰ ਬਹੁਤ ਹੀ ਜ਼ਿਆਦਾ ਆਧੁਨਿਕ ਦਿੱਖਣ ਲੱਗਿਆ ਹੈ। ਵਿਹਲੇ ਦਿਖਣ ਵਾਲੇ ਕਈ ਬਜ਼ੁਰਗ ਹੁਣ ਯੋਗਾ ਕਰਨ ਵਿੱਚ ਬਹੁਤ ਰੁੱਝੇ ਹੋਏ ਨਜ਼ਰ ਆਉਂਦੇ ਹਨ। 'ਬਾਲੀਵੁੱਡ ਦੀਆਂ ਐਕਟਰਾਂ ਚੋਰੀ-ਛਿਪੇ ਯੋਗ ਦੇ ਇੱਕ-ਦੋ ਨੁਸਖੇ ਅਜ਼ਮਾਉਣ ਦਾ ਕੋਈ ਮੌਕਾ ਨਹੀਂ ਗੁਆਉਂਦੀਆਂ। ਅਧਿਆਤਮ ਦੇ ਇਸ ਨਵੇਂ ਰੂਪ ਨੇ ਰੁਜ਼ਗਾਰ ਦੇ ਮੌਕੇ ਚੌਗੁਣੇ ਕਰ ਦਿੱਤੇ ਹਨ। 'ਫੇਂਗਸ਼ੁਈ', 'ਵਸਤੂਸ਼ਾਸਤਰ', 'ਸਟੋਨ', 'ਧਾਤੂਆਂ' ਅਤੇ ਗ੍ਰਹਿਆਂ ਦੇ ਵਿਸ਼ੇਸ਼ਗਾਂ ਜੋਤਸ਼ੀਆਂ ਤੇ ਤਾਂਤਰਿਕ ਬਾਬਿਆਂ ਦੀਆਂ ਦੁਕਾਨਾਂ ਚਮਕ ਗਈਆਂ ਹਨ। ਜਨਤਾ ਦੇ ਕੋਲ ਇਨ੍ਹਾਂ ਦੀਆਂ ਡਿਗਰੀਆਂ ਪਰਖਣ ਦਾ ਸਮਾਂ ਵੀ ਨਹੀਂ ਹੈ। ਧਰਮ ਹੁਣ 'ਫਾਸਟ-ਫੂਡ' ਵਾਂਗ ਸਵਾਦ ਬਦਲਣ ਦੇ ਸਾਧਨ ਬਣਨ ਲੱਗਿਆ ਹੈ। ਹਾਈ-ਸੁਸਾਇਟੀ, ਵਿੱਚ ਵੀ ਹੁਣ ਯੋਗ ਦੀਆਂ ਗੱਲਾਂ ਹੋਣ ਲੱਗੀਆਂ ਹਨ। ਦਰਅਸਲ ਮਾਮਲਾ ਹੈ, 'ਪੈਕੇਜਿੰਗ' ਅਤੇ ਸਹੀ ਲੋੜ 'ਤੇ ਵਾਰ ਕਰਨ ਦਾ। ਪਤਲੇ ਸਰੀਰ ਦੀ ਪ੍ਰਾਪਤੀ ਦੇ ਲਈ ਹਿੰਦੁਸਤਾਨੀ ਬਾਜ਼ਾਰ ਵਿੱਚ ਕੁੱਝ ਵੀ ਚੱਲੇਗਾ। ਪਤਲੇ ਹੋਣ ਦਾ ਦਾਅਵਾ ਕਰਨ ਵਾਲੀਆਂ ਕਈ ਅਸਲੀ-ਨਕਲੀ ਕੰਪਨੀਆਂ ਦੇ ਕਾਰੋਬਾਰ ਵਿੱਚ ਯੋਗ ਮਹਾਰਥੀ ਸਮਝ ਗਏ ਹਨ ਕਿ ਸਰੀਰ ਆਮ ਭਾਰਤੀਆਂ ਦੀ ਕਮਜ਼ੋਰੀ ਹੈ। ਫਿਰ ਵਾਰੀ ਆਈ ਦਿਲ, ਦਿਮਾਗ ਅਤੇ ਖਾਣ-ਪੀਣ ਦੀ ਚੁਸਤੀ ਦੀ। ਯੋਗ ਦੇ ਫਾਰਮੂਲੇ ਉਹੀ ਰਹੇ, ਪਰ ਲਕਸ਼ ਬਣਿਆ ਦਿਲ, ਮੋਟਾਪਾ, ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ। ਫਾਸਟ-ਫੂਡ ਵਾਂਗ ਜ਼ਿੰਦਗੀ ਦੇ ਸੁੱਖ ਵੀ ਆਸਾਨੀ ਨਾਲ ਮਿਲ ਜਾਣ ਦੀਆਂ ਤਰਤੀਬਾਂ ਦੱਸੀਆਂ ਗਈਆਂ। ਸਦੀਆਂ ਤੋਂ ਲੋਕਾਂ ਤੋਂ ਦੂਰ ਰਹੇ ਸਿੱਧ ਯੋਗ ਨੂੰ ਹਿੱਟ ਹੋਣ ਲਈ ਥੋੜ੍ਹੀ ਜਿੰਨੀ ਦੇਰ ਵੀ ਨਹੀਂ ਲੱਗੀ। ਚੈਨਲ ਮਾਲਕਾਂ ਨੂੰ ਸਾਧਾਂ ਦੇ ਸੰਦੇਸ਼ ਅਤੇ ਪਾਖੰਡ ਵੇਚਣ 'ਤੇ ਕਾਫੀ ਕਮਾਈ ਹੋ ਰਹੀ ਹੈ। ਲੱਗਭੱਗ ਹਰ ਗੁਰੂ ਆਪਣਾ ਜਨਸੰਪਰਕ ਅਧਿਕਾਰੀ ਹੈ, ਵੈੱਬਸਾਈਟ ਹੈ ਅਤੇ ਪੂਰੀ ਦੁਨੀਆਂ ਵਿੱਚ ਭਗਤ ਹਨ। ਜ਼ਿਆਦਾਤਰ ਦਰਸ਼ਕ ਨਹੀਂ ਜਾਣਦੇ ਕਿ ਇਨ੍ਹਾਂ ਚੈਨਲਾਂ ਨੂੰ ਚਲਾਉਣ ਵਾਲੇ ਲੋਕ ਵੀ ਗਿਣਤੀ ਦੇ ਹੀ ਹਨ। ਇੱਕ ਚੈਨਲ ਤਾਂ ਚੈਨਲ ਦੇ ਮੁਖੀ ਦੇ ਘਰ ਤੋਂ ਹੀ ਚੱਲਦਾ ਹੈ ਅਤੇ ਉਹ ਇਕੱਲਾ ਹੀ ਚਪੜਾਸੀ ਤੋਂ ਲੈ ਕੇ ਪ੍ਰਬੰਧਕ ਦਾ ਸਾਰਾ ਕੰਮ ਕਰਦਾ ਹੈ। ਛੋਟੇ ਜਿਹੇ ਇੱਕ ਕਮਰੇ ਦੇ ਦਫ਼ਤਰ ਤੋਂ ਹੀ ਉਹ ਸਾਰਾ ਕਾਰੋਬਾਰ ਦਿਖਾਇਆ ਜਾਂਦਾ ਹੈ, ਜਿਸ ਨੂੰ ਜਨਤਾ ਆਪਣੇ ਘਰਾਂ ਵਿੱਚ ਬੈਠ ਕੇ ਦੇਖਦੀ ਹੈ। ਜਾਣਕਾਰ ਮੰਨਦੇ ਹਨ ਕਿ ਇੱਕ ਅਧਿਆਤਮਕ ਚੈਨਲ 'ਤੇ ਲੱਗਭੱਗ 10 ਕਰੋੜ ਰੁਪਏ ਦਾ ਖ਼ਰਚ ਆਉਂਦਾ ਹੈ ਅਤੇ ਉਹ ਦਾਅਵਾ ਕਰਦੇ ਹਨ ਕਿ ਚੈਨਲ ਮਾਲਕਾਂ ਦੀ ਆਮਦਨੀ ਦੇ ਮੁਕਾਬਲੇ ਇਹ ਖ਼ਰਚ ਬਹੁਤ ਹੀ ਮਾਮੂਲੀ ਹੈ, ਪਰ ਅਜਿਹਾ ਬਿਲਕੁਲ ਨਹੀਂ ਹੈ ਕਿ ਅਧਿਆਤਮ ਦਿਖਾਉਣ ਵਾਲੇ ਵੀ ਅਧਿਆਤਮਕ ਹੋ ਗਏ। ਝੂਠ-ਧੋਖਾ, ਦਾਅਵਿਆਂ ਦੀ ਖਿੱਚਾਤਾਣੀ ਇੱਥੇ ਵੀ ਹੈ ਅਤੇ ਇਨ੍ਹਾਂ ਦੀਆਂ ਸੰਪਰਕ ਕੰਪਨੀਆਂ ਦਾ ਆਮ ਤੌਰ 'ਤੇ ਅਧਿਆਤਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਫਿਲਹਾਲ ਟੀ.ਵੀ. 'ਤੇ ਪਾਖੰਡਾਂ ਤੇ ਅੰਧ-ਵਿਸ਼ਵਾਸ ਦੀ ਲਹਿਰ ਜ਼ੋਰਾਂ 'ਤੇ ਹੈ। ਇਸ ਦੇ ਨਿਸ਼ਾਨੇ 'ਤੇ ਪੂਰੀ ਦੁਨੀਆਂ ਹੈ। ਪ੍ਰਵਾਸੀ ਭਾਰਤੀ ਇਨ੍ਹਾਂ ਵਿੱਚ ਆਪਣੇ ਵਤਨ ਦੀ ਖ਼ੁਸ਼ਬੂ ਲੱਭਦੇ ਹਨ। ਬੇਸ਼ੱਕ ਧਰਮ ਨੂੰ 'ਫਾਸਟ' ਅਤੇ 'ਪਰਫੈਕਟ' ਤਕਨੀਕ ਨਾਲ ਸਜਾਉਣ ਦੀ ਮੁਹਿੰਮ ਚੱਲ ਰਹੀ ਹੈ, ਪਰ ਡਰ ਹੈ ਕਿ ਕਿਤੇ ਇਸ ਭੱਜ-ਦੌੜ ਵਿੱਚ ਧਰਮ ਦੀ ਖ਼ੁਸ਼ਬੂ ਹੀ ਉੱਡ ਨਾ ਜਾਵੇ, ਕੁੱਝ ਪਲ ਅੱਖਾਂ ਬੰਦ ਕਰਕੇ ਜ਼ਰਾ ਇਸ 'ਤੇ ਵੀ ਧਿਆਨ ਲਗਾਉਣਾ ਹੋਵੇਗਾ। ਤੁਸੀਂ ਕੀ ਕਹਿੰਦੇ ਹੋ?

# ਪੰਥ ਲਈ ਸਾਰਾ ਪਰਿਵਾਰ ਗਵਾ ਕੇ 26 ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਵਿਚ ਸੇਵਾ ਕਰ ਰਹੀ ਹੈ ਮਾਤਾ

## *ਸੇਵਾ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਪ੍ਰਾਣ ਤਿਆਗਣ ਦੀ ਇਕੋ-ਇਕ ਇੱਛਾ ਹੈ...*

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸ਼ਹੀਦਾਂ ਦੀ ਇਕ ਮਾਂ ਦੇ ਰੂਪ ਵਿਚ ਅਨੋਖਾ ਚਿਹਰਾ ਸਾਹਮਣੇ ਆਇਆ ਹੈ ਜੋ ਪੰਥ ਖਾਤਰ ਆਪਣਾ ਸਾਰਾ ਪਰਿਵਾਰ ਵਾਰਨ ਮਗਰੋਂ ਵੀ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਸਿਦਕ ਨਾਲ ਪਿਛਲੇ 26 ਸਾਲ ਤੋਂ ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ ਵਿਚ ਗੁਮਨਾਮ ਜ਼ਿੰਦਗੀ ਜੀਅ ਰਹੀ ਹੈ। ਜੀਵਨ ਦੇ ਸੱਤ ਦਹਾਕੇ ਪਾਰ ਕਰ ਚੁੱਕੀ ਮਾਤਾ ਗੁਰਜੀਤ ਕੌਰ ਰੋਜ਼ਾਨਾ ਪਰਿਕਰਮਾ ਵਿਚ ਸੇਵਾ ਕਰਦਿਆਂ ਗੁਰੂ ਦੀ ਮਰਜ਼ੀ ਨੂੰ ਭਾਣਾ ਕਹਿ ਕੇ ਖਿੜੇ-ਮੱਥੇ ਨਜ਼ਰ ਆਉਂਦੀ ਹੈ। ਉਸ ਦੇ ਸਿਦਕੀ ਮਸਤਕ ਅੰਦਰ ਲੁਕੀ ਲਹੂ ਭਿੱਜੀ ਪੀੜ ਬੇਸ਼ੱਕ ਸਾਹਮਣੇ ਨਹੀਂ ਦਿਸਦੀ ਪਰ ਫਰੋਲਣ 'ਤੇ ਸੁਣਨ ਵਾਲੇ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਫਿਰੋਜ਼ਪੁਰ ਦੇ ਜ਼ੀਰਾ ਨਜ਼ਦੀਕ ਪਿੰਡ ਸੋਢੀ ਵਾਲਾ ਵਿਚ 90ਵੇਂ ਦਹਾਕੇ ਦੇ ਸ਼ੁਰੂ ਤੱਕ ਇਸ ਮਾਤਾ ਦਾ ਚਾਰ ਪੁੱਤਾਂ ਅਤੇ ਇਕ ਧੀ ਸਮੇਤ ਹੱਸਦਾ-ਵੱਸਦਾ ਕਿਰਸਾਨੀ ਪਰਿਵਾਰ ਸੀ, ਜੋ ਵਾਹੀ ਜੋਤੀ ਤੋਂ ਬਿਨਾਂ ਦੁਕਾਨ ਵੀ ਕਰਦੇ ਸਨ। ਉਸ ਸਮੇਂ ਪੰਜਾਬ ਵਿਚ ਚੱਲੀ ਕਾਲੀ ਹਨੇਰੀ ਦੇ ਜਮਦੂਤ ਪਤਾ ਨਹੀਂ ਕਿਉਂ ਇਸ ਪਰਿਵਾਰ 'ਤੇ ਨਿਗਾਹ ਲਗਾ ਬੈਠੇ ਤੇ ਸੰਨ 1991 ਦੌਰਾਨ ਕੁਝ ਮਹੀਨਿਆਂ ਦੇ ਵਕਫ਼ੇ ਵਿਚ ਹੀ ਮਾਤਾ ਗੁਰਜੀਤ ਕੌਰ ਦੇ ਕ੍ਰਮਵਾਰ 23, 22, 18, 14 ਸਾਲ ਦੇ ਚਾਰ ਜਵਾਨ ਪੁੱਤ ਅਤੇ 8 ਸਾਲਾਂ ਦੀ ਬਾਲੜੀ ਧੀ ਨੂੰ ਵੱਖ-ਵੱਖ ਸਮੇਂ ਅੱਤਵਾਦ ਦੇ ਨਾਂਅ ਹੇਠ ਮਾਰ ਦਿੱਤਾ ਗਿਆ, ਜਿਨ੍ਹਾਂ ਵਿਚੋਂ ਉਹ ਇਕ ਪੁੱਤ ਅਤੇ ਧੀ ਦਾ ਹੀ ਹੱਥੀਂ ਸਸਕਾਰ ਕਰ ਸਕੀ।

ਧੁਰ ਕੀ ਬਾਣੀ ਦੇ ਰਸਭਿੰਨੇ ਕੀਰਤਨ ਦੌਰਾਨ ਪਰਿਕਰਮਾ ਵਿਚ ਅਡੋਲ ਬੈਠੀ ਉਕਤ ਸਿਰੜੀ ਮਾਂ ਆਪਣੀ ਦਾਸਤਾਨ ਵਿਚ ਦੱਸਦੀ ਹੈ ਕਿ ਉਸ ਦੇ ਪਤੀ ਨਾਲ ਵੱਡਾ ਪੁੱਤਰ ਤਰਲੋਕ ਸਿੰਘ ਛੋਟੀ ਉਮਰੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕੋਲ ਪ੍ਰਚਾਰ ਸੁਣਨ ਜਾਣ ਕਾਰਨ ਗੁਰਸਿੱਖੀ ਰਹਿਤ ਦਾ ਧਾਰਨੀ ਸੀ। ਪੁਲਿਸ ਵੱਲੋਂ ਉਸ ਦਾ ਨਾਂਅ ਖਾੜਕੂਆਂ ਵਿਚ ਸ਼ਾਮਿਲ ਕਰਨ ਮਗਰੋਂ ਮਾਰਚ 1991 ਨੂੰ ਘਰ ਵਿਚ ਛਾਪਾ ਮਾਰਿਆ ਗਿਆ, ਜਿਥੇ ਉਸ ਦੇ ਪੁੱਤਰ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ, ਕੋਲ ਖੜ੍ਹੀ 8 ਸਾਲਾ ਮਾਸੂਮ ਭੈਣ ਸ਼ਰਨਜੀਤ ਕੌਰ ਦੀਆਂ ਚੀਕਾਂ ਨਿਕਲ ਗਈਆਂ ਅਤੇ ਉਹ ਇੱਟ ਫੜ ਕੇ ਗੋਲੀ ਮਾਰਨ ਵਾਲੇ ਪੁਲਿਸ ਅਧਿਕਾਰੀ ਵੱਲ ਵਧੀ ਤਾਂ ਅਗਲੇ ਪਲ ਹੀ ਉਹ ਵੀ ਢੇਰ ਹੋ ਗਈ। ਇਥੇ ਹੀ ਉਨ੍ਹਾਂ ਦੇ ਨੌਕਰ ਕੁਲਵੰਤ ਸਿੰਘ ਨੂੰ ਵੀ ਪੁਲਿਸ ਨੇ ਖ਼ਤਮ ਕਰ ਦਿੱਤਾ। ਗੁਰਜੀਤ ਕੌਰ ਦੱਸਦੀ ਹੈ ਕਿ ਉਸ ਦੇ ਬਚੇ ਤਿੰਨੋਂ ਪੁੱਤਰਾਂ ਵਿਚ ਦਹਿਸ਼ਤ ਕਾਰਨ ਉਸ ਨੇ ਇਕੱਲੀ ਨੇ ਆਪਣੇ ਧੀ-ਪੁੱਤ ਦਾ ਸਸਕਾਰ ਕੀਤਾ। ਉਸ ਨੇ ਸਬਰ ਦਾ ਪੱਲਾ ਫੜਿਆ ਤਾਂ ਸਿਰਫ ਚਾਰ ਮਹੀਨੇ ਬਾਅਦ ਉਸ ਦੇ ਦੂਸਰੇ 22 ਸਾਲਾ ਪੁੱਤਰ ਕਸ਼ਮੀਰ ਸਿੰਘ ਨੂੰ ਪੁਲਿਸ ਦੁਕਾਨ ਤੋਂ ਚੁੱਕ ਕੇ ਲੈ ਗਈ ਤੇ ਸ਼ਹੀਦ ਕਰਨ ਮਗਰੋਂ ਸੇਮ ਨਾਲੇ ਵਿਚ ਲਾਸ਼ ਸੁੱਟ ਦਿੱਤੀ ਗਈ। ਇਸ ਮਗਰੋਂ ਖਾੜਕੂਆਂ ਨੂੰ ਪਨਾਹ ਦੇਣ ਦੇ ਦੋਸ਼ਾਂ ਵਿਚ ਮਾਤਾ ਗੁਰਜੀਤ ਕੌਰ ਨੂੰ ਵੀ ਪੁਲਿਸ ਨੇ ਚੁੱਕ ਲਿਆ ਤੇ ਅੰਨ੍ਹਾ ਤਸ਼ੱਦਦ ਕੀਤਾ। ਥੋੜ੍ਹੇ ਚਿਰ ਬਾਅਦ ਛੋਟੇ ਦੋਵੇਂ ਪੁੱਤਰਾਂ ਜਸਪਾਲ ਸਿੰਘ ਉਮਰ 18 ਸਾਲ ਤੇ ਬਲਜਿੰਦਰ ਸਿੰਘ 14 ਸਾਲ ਨੂੰ ਵੀ ਕ੍ਰਮਵਾਰ ਸਤੰਬਰ, 1991 ਤੇ ਦਸੰਬਰ, 1991 ਵਿਚ ਪੁਲਿਸ ਨੇ ਅੰਦਰਖਾਤੇ ਮਾਰ ਮੁਕਾਇਆ, ਜਿਸ ਦੀ ਸੂਚਨਾ ਮਾਤਾ ਨੂੰ ਕਈ ਚਿਰ ਬਾਅਦ ਮਿਲੀ। ਪੁਲਿਸ ਗ੍ਰਿਫ਼ਤ ਵਿਚ ਗੁਰਜੀਤ ਕੌਰ 'ਤੇ ਕਈ ਕੇਸ ਪਾ ਦਿੱਤੇ ਗਏ ਤੇ ਪੈਰਾਂ-ਹੱਥਾਂ ਦੇ ਨਹੁੰ ਖਿੱਚਣ ਵਰਗੇ ਤਸੀਹੇ ਦਿੱਤੇ ਗਏ। ਫਿਰੋਜ਼ਪੁਰ ਸੈਂਟਰਲ ਜੇਲ੍ਹ ਵਿਚੋਂ ਕਰੀਬ ਡੇਢ ਵਰ੍ਹੇ ਮਗਰੋਂ ਜਦੋਂ ਸੰਨ 1993 ਵਿਚ ਉਹ ਬਾਹਰ ਆਈ ਤਾਂ ਸ਼ਰੀਕਾਂ ਨੇ ਪੈਲੀ, ਕਾਰੋਬਾਰ ਵੀ ਖੋਹ ਲਿਆ ਸੀ, ਜਿਸ ਕਾਰਨ ਉਹ ਘਰ ਨਾ ਪਰਤੀ ਤੇ 'ਗੁਰੂ ਰਾਮਦਾਸ' ਦੀ ਸ਼ਰਨ ਵਿਚ ਆ ਗਈ।





### *ਭਾਣਾ ਕਹਿ ਕੇ ਮੰਨਿਆ :*

ਉਪਰੋਕਤ ਵਰਤਾਰਾ ਭਾਵੇਂ ਪੰਜਾਬ ਦੀਆਂ ਹੋਰਨਾਂ ਮਾਵਾਂ ਨਾਲ ਵੀ ਕਾਲੀ ਰਾਤ ਦੌਰਾਨ ਵਾਪਰਿਆ ਪਰ ਮਾਤਾ ਗੁਰਜੀਤ ਕੌਰ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਆਪਣੇ ਦੁੱਖ ਨੂੰ ਕਿਸੇ 'ਤੇ ਲੱਦਣ ਦੀ ਥਾਂ ਭਾਣਾ ਕਹਿ ਦਿੱਤਾ। 26 ਸਾਲ ਦਿਨੇ ਸੇਵਾ ਅਤੇ ਰਾਤ ਨੂੰ ਕਿਸੇ ਸਰਾਂ ਵਿਚ ਸਮਾਂ ਲੰਘਾਉਣ ਵਾਲੀ ਗੁਰਜੀਤ ਕੌਰ ਨੇ ਆਪਣੀ ਵਿੱਥਿਆ ਹੁਣ ਤੱਕ ਕਿਸੇ ਨੂੰ ਦੁਖੀ ਲਹਿਜੇ ਵਿਚ ਨਹੀਂ ਸੁਣਾਈ। ਪੁੱਤਰਾਂ ਨੂੰ ਵੀਰ ਤੇ ਧੀ ਨੂੰ ਭੈਣ ਦੱਸਦਿਆਂ ਉਹ ਤਸੱਲੀ ਪ੍ਰਗਟਾਉਂਦੀ ਹੈ ਕਿ ਗੁਰੂ ਨੇ ਦਿੱਤੇ ਸਨ ਉਹੀ ਲੈ ਗਿਆ, ਫਿਰ ਰੋਸ ਕਾਹਦਾ। ਆਪਣੀ ਮੁਕੰਮਲ ਜਾਇਦਾਦ ਇਕ ਸੂਟ ਵਾਲੇ ਲਿਫਾਫੇ ਵਿਚ ਲਪੇਟੀ ਮਾਤਾ ਗੁਰਜੀਤ ਕੌਰ ਦੇ ਮੂੰਹ 'ਤੇ ਕਿਸੇ ਸਰਕਾਰ ਖ਼ਿਲਾਫ਼ ਮਿਹਣਾ ਜਾਂ ਕਿਸੇ ਮਦਦ ਦੀ ਮੰਗ ਕਦੀ ਨਹੀਂ ਆਏ। ਪੁਲਿਸ ਤਸ਼ੱਦਦ ਦੇ ਗਵਾਹ ਖਿੱਚੇ ਨਹੁੰਆਂ 'ਤੇ ਹੱਥ ਫੇਰਦਿਆਂ ਉਹ ਦੱਸਦੀ ਹੈ ਕਿ ਮਨ ਵਿਚ ਵਿਰਾਗ ਤਾਂ ਸੀ, ਜਿਸ ਕਾਰਨ ਉਸ ਨੇ 8 ਸਾਲ ਰੋਟੀ ਵੀ ਨਹੀਂ ਖਾਧੀ ਪਰ ਇਥੇ ਰਹਿੰਦਿਆਂ ਗੁਰੂ ਨੇ ਆਪੇ ਸਿਦਕ ਦੇ ਦਿੱਤਾ। ਕਿਸੇ ਪਛਤਾਵੇ ਜਾਂ ਆਸ ਨੂੰ ਨਕਾਰਦਿਆਂ ਉਹ ਕਹਿੰਦੀ ਹੈ ਕਿ ਸੇਵਾ ਕਰਦਿਆਂ ਉਸ ਤੋਂ ਕੋਈ ਕੁਤਾਹੀ ਨਾ ਹੋਵੇ ਅਤੇ ਉਸ ਦੇ ਸੁਆਸ ਵੀ ਪਰਿਕਰਮਾ ਵਿਚ ਹੀ ਨਿਕਲਣ, ਬਸ ਇਹੀ ਇੱਕ ਇੱਛਾ ਹੈ।



# ਪਾੜ੍ਹਿਆਂ ਦੇ ਵਿਦੇਸ਼ਾਂ ਵੱਲ ਜਾਣ ਦੇ ਰੁਝਾਨ ਕਾਰਨ ਪੰਜਾਬ ਦੇ ਕਾਲਜ ਹੋਏ ਸੁੰਨੇ

**ਜਲੰਧਰ/ਬਿਊਰੋ ਨਿਊਜ਼ :** ਪੰਜਾਬੀਆਂ ਖਾਸ ਕਰਕੇ ਵਿਦਿਆਰਥੀਆਂ ਦਾ ਵਿਦੇਸ਼ਾਂ ਵੱਲ ਮੂੰਹਜ਼ੋਰ ਪਰਵਾਸ ਇਸ ਖਿੱਤੇ ਵਿਚ ਨਵੀਆਂ ਮੁਸ਼ਕਲਾਂ ਪੈਦਾ ਕਰਨ ਲੱਗਾ ਹੈ। ਪਰਵਾਸ ਦਾ ਜ਼ਿਆਦਾ ਜ਼ੋਰ ਹਮੇਸ਼ਾ ਦੋਆਬੇ ਵਿਚ ਜ਼ਿਆਦਾ ਰਿਹਾ ਹੈ। ਦੋਆਬਾ ਖਿੱਤੇ ਦੇ ਕਾਲਜ ਆਰਥਿਕ ਸੰਕਟ ਵਿਚ ਘਿਰਦੇ ਜਾ ਰਹੇ ਹਨ। ਹਰ ਸਾਲ ਵਿਦਿਆਰਥੀਆਂ ਦੇ ਦਾਖ਼ਲੇ ਦੀ ਗਿਣਤੀ ਘੱਟਦੀ ਜਾ ਰਹੀ ਹੈ। ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘਟਣ ਦੇ ਦੋ ਵੱਡੇ ਕਾਰਨ ਸਾਹਮਣੇ ਆਏ ਹਨ। ਦੋਆਬਾ ਖਿੱਤਾ, ਜਿਹੜਾ ਐੱਨਆਰਆਈਜ਼ ਦੇ ਗੜ੍ਹ ਵਜੋਂ ਵੀ ਜਾਣਿਆ ਜਾਂਦਾ ਹੈ। ਇਥੋਂ ਦੇ ਲੋਕਾਂ ਦਾ ਰੁਝਾਨ ਵਿਦੇਸ਼ਾਂ ਵਿੱਚ ਜਾ ਕੇ ਵੱਸਣ ਦਾ ਵਧਦਾ ਜਾ ਰਿਹਾ ਹੈ। ਹੁਣ ਵਿਦਿਆਰਥੀ ਬਾਰ੍ਹਵੀਂ ਜਮਾਤ ਤੋਂ ਬਾਅਦ ਕਾਲਜ ਵਿੱਚ ਦਾਖ਼ਲਾ ਲੈਣ ਦੀ ਥਾਂ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਇਥੇ ਧੜੱਲੇ ਨਾਲ ਆਇਲੈਟਸ ਕਰਵਾਉਣ ਦੇ ਸੈਂਟਰ ਖੁੱਲ੍ਹੇ ਹੋਏ ਹਨ ਅਤੇ ਇਮੀਗਰੇਸ਼ਨ ਦੇ ਦਫ਼ਤਰ ਹਰ ਗਲੀ-ਮੁਹੱਲੇ ਵਿੱਚ ਮਿਲ ਜਾਂਦੇ ਹਨ। ਹੋਰ ਤਾਂ ਹੋਰ ਪਿੰਡਾਂ ਵਿੱਚ ਵੀ ਆਇਲੈਟਸ ਅਤੇ ਇਮੀਗਰੇਸ਼ਨ ਵਾਲਿਆਂ ਨੇ ਆਪਣੇ ਡੇਰੇ ਲਾ ਲਏ ਹਨ। ਇਸ ਕਰਕੇ ਵਿਦਿਆਰਥੀ ਬਾਰ੍ਹਵੀਂ ਜਮਾਤ ਕਰਨ ਤੋਂ ਬਾਅਦ ਆਇਲੈਟਸ ਕਰਨ ਨੂੰ ਤਰਜੀਹ ਦੇ ਰਹੇ ਹਨ। ਕਾਲਜਾਂ ਵਿੱਚ ਦਾਖ਼ਲਾ ਘਟਣ ਦਾ ਦੂਜਾ ਵੱਡਾ ਕਾਰਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦਲਿਤ ਵਿਦਿਆਰਥੀਆਂ ਦੇ ਫੰਡ ਨਾ ਆਉਣਾ ਹੈ। ਕੇਂਦਰ ਵਿੱਚ ਜਦੋਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਰਹੀ ਸੀ ਉਦੋਂ ਤੱਕ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਪੈਸੇ ਸਮੇਂ ਸਿਰ ਆਉਂਦੇ ਰਹੇ ਅਤੇ ਕਦੇ ਵੀ ਫੰਡਾਂ ਨੂੰ ਲੈ ਕੇ ਕਾਲਜਾਂ ਵਿੱਚ ਰੌਲਾ ਰੱਪਾ ਨਹੀਂ ਸੀ ਪਿਆ। ਸਾਲ 2014 'ਚ ਜਦੋਂ ਤੋਂ ਕੇਂਦਰ ਵਿੱਚ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਸਭ ਤੋਂ ਵੱਡਾ ਕੱਟ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਫੰਡਾਂ ਨੂੰ ਲੱਗਾ ਹੈ। ਸਾਲ 2015 ਤੋਂ ਇਸ ਸਕੀਮ ਤਹਿਤ ਆਉਣ ਵਾਲੇ ਫੰਡਾਂ ਵਿੱਚ ਦੇਰੀ ਅਤੇ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਤਹਿਤ ਆਏ ਫੰਡਾਂ ਨੂੰ ਇਧਰ-ਉਧਰ ਖਰਚਣ ਕਾਰਨ ਕਾਲਜਾਂ ਨੂੰ ਸਮੇਂ ਸਿਰ ਪੈਸੇ ਨਹੀਂ ਮਿਲੇ ਤਾਂ ਕਾਲਜਾਂ ਨੇ ਦਲਿਤ ਵਿਦਿਆਰਥੀਆਂ ਨੂੰ ਇਸ ਸਕੀਮ ਤਹਿਤ ਦਾਖ਼ਲਾ ਦੇਣ ਤੋਂ ਟਾਲ-ਮਟੋਲ ਕਰਨੀ ਸ਼ੁਰੂ ਕਰ ਦਿੱਤੀ।



ਪੀਟੀਯੂ ਦੇ ਡੀਨ ਐੱਨਪੀ ਸਿੰਘ ਦਾ ਕਹਿਣਾ ਸੀ ਕਿ ਇਸ ਵਾਰ 20 ਫੀਸਦੀ ਵਿਦਿਆਰਥੀ ਘੱਟ ਦਾਖ਼ਲ ਹੋਏ ਹਨ। ਪੰਜਾਬ ਦੀ ਥਾਂ ਹਿਮਾਚਲ, ਜੇ ਐਂਡ ਕੇ, ਬਿਹਾਰ, ਝਾਰਖੰਡ ਤੋਂ ਵਿਦਿਆਰਥੀ ਆ ਰਹੇ ਹਨ। ਪੀਟੀਯੂ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਾਖ਼ਲੇ ਦੀ ਆਖ਼ਰੀ ਮਿਤੀ 15 ਅਗਸਤ ਹੈ। ਪੀਟੀਯੂ ਨੇ ਵਿਦਿਆਰਥੀਆਂ ਨੂੰ ਇਥੇ ਦਾਖ਼ਲ ਹੋਣ ਲਈ ਆਪਣੀ ਵੈੱਬਸਾਈਟ 'ਤੇ ਇਹ ਪ੍ਰਮੁੱਖਤਾ ਨਾਲ ਪਾਇਆ ਹੋਇਆ ਹੈ ਕਿ ਯੂਨੀਵਰਸਿਟੀ ਦੀ ਸਾਂਝ ਕੈਨੇਡਾ ਦੀ ਥਾਮਸ ਯੂਨੀਵਰਸਿਟੀ ਨਾਲ ਹੋ ਗਈ ਹੈ ਤੇ ਇਥੇ ਦਾਖ਼ਲ ਹੋਣ ਵਾਲੇ ਵਿਦਿਆਰਥੀ ਉਸੇ ਕੋਰਸ ਵਿੱਚ ਕੈਨੇਡਾ 'ਚ ਵੀ ਦਾਖ਼ਲਾ ਲੈ ਸਕਦੇ ਹਨ।

ਪੰਜਾਬ ਅਨਏਡਿਡ ਕਾਲਜ ਐਸੋਸੀਏਸ਼ਨ ਦੇ ਪ੍ਰਧਾਨ ਆਸ਼ੂ ਕਟਾਰੀਆ ਨੇ ਦੱਸਿਆ ਕਿ ਜਿਹੜੇ ਕਾਲਜਾਂ ਵਿੱਚ ਫਾਰਮੇਸੀ, ਖੇਤੀਬਾੜੀ, ਨਰਸਿੰਗ ਦੇ ਕੋਰਸ ਕਰਾਏ ਜਾਂਦੇ ਹਨ, ਜਿਨ੍ਹਾਂ ਦੀ ਮੰਗ ਕੈਨੇਡਾ ਵਿੱਚ ਜ਼ਿਆਦਾ ਹੈ, ਉਹ ਸੀਟਾਂ ਤਾਂ ਪੂਰੀਆਂ ਭਰ ਜਾਂਦੀਆਂ ਹਨ ਪਰ ਇੰਜਨੀਅਰਿੰਗ ਦੀਆਂ ਸੀਟਾਂ ਖਾਲੀ ਰਹਿਣ ਨਾਲ ਕਾਲਜਾਂ ਨੂੰ ਨੁਕਸਾਨ ਹੋ ਰਿਹਾ ਹੈ।

# ਨਸ਼ਿਆਂ ਤੇ ਅਪਰਾਧਾਂ ਦੇ ਮਾਮਲੇ 'ਚ ਪੰਜਾਬ ਨੂੰ ਬਦਨਾਮ ਕੀਤਾ ਗਿਆ

## ✪ ਯੂਕੇ ਦੇ ਕਨਜ਼ਰਵੇਟਿਵ ਆਗੂ ਅਮਨਦੀਪ ਸਿੰਘ ਭੋਗਲ ਨਾਲ ਖ਼ਾਸ ਗੱਲਬਾਤ

## ✪ ਬ੍ਰੈਗਜ਼ਿਟ ਨਾਲ ਹੁਨਰਮੰਦ ਪੰਜਾਬੀਆਂ ਨੂੰ ਮਿਲਣਗੇ ਇੰਗਲੈਂਡ ਜਾਣ ਦੇ ਵਧੇਰੇ ਮੌਕੇ

**ਜਲੰਧਰ/ਬਿਊਰੋ ਨਿਊਜ਼ :** ਇੰਗਲੈਂਡ ਦੀ ਸੱਤਾਧਾਰੀ ਕਨਜ਼ਰਵੇਟਿਵ ਪਾਰਟੀ ਦੇ ਸਰਗਰਮ ਪੰਜਾਬੀ ਆਗੂ ਤੇ ਆਪਣੀ ਪਾਰਟੀ ਦੀ ਇਕਾਈ 'ਸਟ੍ਰੈਟਿਜੀ ਕਨਜ਼ਰਵੇਟਿਵ ਫ਼ਰੈਂਡਜ਼ ਆਫ਼ ਇੰਡੀਆ' ਦੇ ਡਾਇਰੈਕਟਰ ਅਮਨਦੀਪ ਸਿੰਘ ਭੋਗਲ ਨੇ ਗੱਲਬਾਤ ਦੌਰਾਨ ਕਿਹਾ ਹੈ ਕਿ ਇੰਗਲੈਂਡ ਦੀ ਕਨਜ਼ਰਵੇਟਿਵ ਸਰਕਾਰ ਭਾਰਤ, ਖ਼ਾਸ ਤੌਰ 'ਤੇ ਪੰਜਾਬ ਨਾਲ ਸਬੰਧ ਹੋਰ ਮਜ਼ਬੂਤ ਬਣਾਉਣ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ ਦੀ ਪਾਰਟੀ ਦੀ ਸਰਕਾਰ ਇਸ ਵੇਲੇ ਦੇਸ਼ ਵਿਚ ਰੋਜ਼ਾਨਾ ਰੁਜ਼ਗਾਰ ਦੇ 1,000 ਮੌਕੇ ਪੈਦਾ ਕਰ ਰਹੀ ਹੈ ਤੇ ਪੰਜਾਬੀਆਂ ਨੂੰ ਇਸ ਦਾ ਲਾਹਾ ਲੈਣਾ ਚਾਹੀਦਾ ਹੈ। ਵਤਨ ਯਾਤਰਾ 'ਤੇ ਆਏ 34 ਸਾਲਾ ਕਨਜ਼ਰਵੇਟਿਵ ਆਗੂ ਅਮਨਦੀਪ ਸਿੰਘ ਭੋਗਲ ਨੇ ਦੱਸਿਆ ਕਿ 29 ਮਾਰਚ, 2019 ਨੂੰ ਰਾਤੀਂ 11 ਵਜੇ ਇੰਗਲੈਂਡ ਜਦੋਂ ਯੂਰੋਪੀਅਅਨ ਯੂਨੀਅਨ ਤੋਂ (ਬ੍ਰੈਗਜ਼ਿਟ ਕਾਰਨ) ਵੱਖ ਹੋ ਜਾਵੇਗਾ, ਤਦ ਸਭ ਨਾਲ ਇਨਸਾਫ਼ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਵੇਲੇ ਇੰਗਲੈਂਡ ਕਿਉਂਕਿ ਯੂਰੋਪੀਅਨ ਯੂਨੀਅਨ ਦਾ ਹਿੱਸਾ ਹੈ, ਇਸੇ ਲਈ ਯੂਰੋਪ ਦੇ ਦਰਜਨਾਂ ਦੇਸ਼ਾਂ ਤੋਂ ਤਾਂ ਕੋਈ ਗ਼ੈਰ-ਹੁਨਰਮੰਦ ਵਿਅਕਤੀ ਵੀ ਆਸਾਨੀ ਨਾਲ ਇੰਗਲੈਂਡ ਆ ਸਕਦਾ ਹੈ ਪਰ ਜੇ ਕੋਈ ਹੁਨਰਮੰਦ ਭਾਰਤੀ ਇੰਗਲੈਂਡ ਆਉਣਾ ਚਾਹੁੰਦਾ ਹੈ, ਤਾਂ ਉਸ ਲਈ ਅਨੇਕ ਤਰ੍ਹਾਂ ਦੀਆਂ ਸ਼ਰਤਾਂ ਲਾਗੂ ਹੋ ਜਾਂਦੀਆਂ ਹਨ। ਇੰਗਲੈਂਡ ਜਦੋਂ ਯੂਰੋਪੀਅਨ ਯੂਨੀਅਨ ਤੋਂ ਬਾਹਰ ਹੋ ਜਾਵੇਗਾ, ਤਦ ਇੰਗਲੈਂਡ ਵਿਚ ਦਾਖ਼ਲ ਹੋਣ ਲਈ ਕਾਨੂੰਨ ਸਭ ਵਾਸਤੇ ਬਰਾਬਰ ਹੋਣਗੇ। ਹਰ ਕੋਈ ਸਿਰਫ਼ ਆਪਣੀ ਮੈਰਿਟ ਦੇ ਆਧਾਰ 'ਤੇ ਹੀ ਦੇਸ਼ ਵਿਚ ਦਾਖ਼ਲ ਹੋ ਸਕੇਗਾ; ਭਾਵੇਂ ਉਹ ਭਾਰਤੀ ਹੋਵੇ ਤੇ ਚਾਹੇ ਯੂਰੋਪੀਅਨ। ਇੰਝ ਬ੍ਰੈਗਜ਼ਿਟ ਲਾਗੂ ਹੋਣ ਤੋਂ ਬਾਅਦ ਤਾਂ ਸਗੋਂ ਇੰਗਲੈਂਡ ਦੇ ਦਰ ਸਭਨਾਂ ਹੁਨਰਮੰਦਾਂ ਲਈ ਵਧੇਰੇ ਖੁੱਲ੍ਹ ਜਾਣਗੇ। ਭੋਗਲ ਨੇ ਦੱਸਿਆ ਕਿ ਇੰਗਲੈਂਡ ਦੀ ਮੌਜੂਦਾ ਕਨਜ਼ਰਵੇਟਿਵ ਸਰਕਾਰ ਨੇ ਸਦਾ ਪ੍ਰਵਾਸੀਆਂ ਦਾ ਸੁਆਗਤ ਹੀ ਕੀਤਾ ਹੈ। ਜੇ ਕੋਈ ਸਖ਼ਤੀਆਂ ਕੀਤੀਆਂ ਹਨ, ਤਾਂ ਉਹ ਸਿਰਫ਼ ਗ਼ੈਰ-ਕਾਨੂੰਨੀ ਕੰਮ ਕਰਨ ਵਾਲਿਆਂ ਲਈ ਹੀ ਹਨ।



ਸਾਲ 2015 ਵਿਚ ਉੱਤਰੀ ਆਇਰਲੈਂਡ ਦੇ ਅਪਰ ਬਾਨ ਹਲਕੇ ਤੋਂ ਕਨਜ਼ਰਵੇਟਿਵ ਪਾਰਟੀ ਦੀ ਟਿਕਟ 'ਤੇ ਅਸਫ਼ਲਤਾਪੂਰਬਕ ਚੋਣ ਲੜ ਚੁੱਕੇ ਭੋਗਲ ਨੇ ਕਿਹਾ ਕਿ ਇਸ ਵੇਲੇ ਸਮੁੱਚੇ ਵਿਸ਼ਵ ਦਾ ਮਾਹੌਲ ਹੀ ਅਜਿਹਾ ਹੈ ਕਿ ਸਾਰੇ ਦੇਸ਼ਾਂ ਨੂੰ ਪਹਿਲਾਂ ਆਪਣੇ ਖ਼ੁਦ ਦੇ ਨਾਗਰਿਕਾਂ ਦਾ ਖ਼ਿਆਲ ਰੱਖਣਾ ਪੈ ਰਿਹਾ ਹੈ। ਸਾਲ 2008 ਦੀ ਆਰਥਿਕ ਮੰਦਹਾਲੀ ਤੋਂ ਬਾਅਦ ਸਾਰੇ ਦੇਸ਼ ਇੰਝ ਸੋਚਣ ਲਈ ਮਜਬੂਰ ਹੋਏ ਹਨ। ਭੋਗਲ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਨੇ 2017 ਵਿਚ ਆਉਂਦੇ ਸਾਰ 'ਅਮੈਰਿਕਾ ਫ਼ਸਟ' ਅਤੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ 2014 ਵਿਚ 'ਮੇਕ ਇਨ ਇੰਡੀਆ' ਦੇ ਸੁਨੇਹੇ ਘਰ-ਘਰ ਪਹੁੰਚਾਏ ਸਨ। ਇੰਝ ਹੀ ਇੰਗਲੈਂਡ ਨੂੰ ਵੀ ਆਪਣੇ ਬਾਰੇ ਸੋਚਣ ਦਾ ਹੱਕ ਹੈ। ਭੋਗਲ ਨੇ ਕਿਹਾ ਕਿ ਇਹ ਇੱਕ ਤਰ੍ਹਾਂ ਇੰਗਲੈਂਡ ਦੀ ਆਪਣੀ ਆਜ਼ਾਦੀ ਦੀ ਲੜਾਈ ਹੈ। ਇਸ ਵੇਲੇ ਯੂਕੇ ਦੀ ਸੁਪਰੀਮ ਕੋਰਟ ਨੂੰ ਵੀ ਪਹਿਲਾਂ ਯੂਰੋਪੀਅਨ ਯੂਨੀਅਨ ਦੀ ਅਦਾਲਤ ਵੱਲ ਤੱਕਣਾ ਪੈਂਦਾ ਹੈ। ਯੂਰੋਪੀਅਨ ਯੂਨੀਅਨ ਨਾਲ ਲੱਗਦੇ ਇੰਗਲੈਂਡ ਦੇ ਬਾਰਡਰ ਖੁੱਲ੍ਹੇ ਹਨ ਪਰ ਜਦੋਂ ਬ੍ਰੈਗਜ਼ਿਟ ਲਾਗੂ ਹੋ ਜਾਵੇਗਾ, ਤਾਂ ਫਿਰ ਇੰਗਲੈਂਡ ਆਪਣੀ ਮਰਜ਼ੀ ਨਾਲ ਲੋਕਾਂ ਨੂੰ ਆਉਣ ਦੀ ਇਜਾਜ਼ਤ ਦੇਵੇਗਾ, ਭਾਵੇਂ ਉਹ ਯੂਰੋਪ ਤੋਂ ਹੋਵੇ ਤੇ ਚਾਹੇ ਭਾਰਤ ਜਾਂ ਪਾਕਿਸਤਾਨ ਤੋਂ ਹੋਵੇ।

ਭੋਗਲ ਨੇ ਕਿਹਾ ਕਿ ਭਾਰਤ ਤੇ ਇੰਗਲੈਂਡ ਦੇ ਮਜ਼ਬੂਤ ਸਬੰਧਾਂ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਥੈਰੇਸਾ ਮੇਅ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ ਸੀ, ਤਦ ਉਨ੍ਹਾਂ ਨੇ ਭਾਰਤ ਦਾ ਦੌਰਾ ਕੀਤਾ ਸੀ। ਉਂਝ ਵੀ ਹਰ ਮਹੀਨੇ ਯੂਕੇ ਦਾ ਕੋਈ ਨਾ ਕੋਈ ਮੰਤਰੀ ਜਾਂ ਉੱਚ ਅਧਿਕਾਰੀ ਭਾਰਤ ਦਾ ਚੱਕਰ ਜ਼ਰੂਰ ਲਾਉਂਦਾ ਹੈ। ਪ੍ਰਧਾਨ ਮੰਤਰੀ ਮੋਦੀ, ਨਿਤਿਨ ਗਡਕਰੀ ਤੇ ਅਰੁਣ ਜੇਟਲੀ ਵੀ ਇੰਗਲੈਂਡ ਜਾ ਚੁੱਕੇ ਹਨ। ਭੋਗਲ ਨੇ ਕਿਹਾ ਕਿ ਇੰਗਲੈਂਡ ਵਿਚ ਭਾਰਤੀ ਮੂਲ ਦੇ 18 ਲੱਖ ਲੋਕ ਰਹਿੰਦੇ ਹਨ, ਜਿਨ੍ਹਾਂ ਵਿਚੋਂ 6 ਲੱਖ ਪੰਜਾਬੀ ਹਨ। ਉਨ੍ਹਾਂ ਦੱਸਿਆ ਕਿ ਉਹ ਹੁਣ ਲਗਾਤਾਰ 2020 ਵਿਚ ਹੋਣ ਵਾਲੀਆਂ ਆਮ ਚੋਣਾਂ ਦੀ ਤਿਆਰੀ ਕਰ ਰਹੇ ਹਨ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਤ ਲੱਗਣ ਤੇ ਵਧ ਰਹੀ ਅਪਰਾਧਾਂ ਦੀ ਗਿਣਤੀ ਬਾਰੇ ਬੋਲਦਿਆਂ ਭੋਗਲ ਨੇ ਕਿਹਾ ਕਿ ਅਸਲ ਵਿਚ ਪੰਜਾਬ ਨੂੰ ਬਦਨਾਮ ਵਧੇਰੇ ਕੀਤਾ ਗਿਆ ਹੈ, ਅਸਲ ਵਿਚ ਸਮੱਸਿਆ ਇੰਨੀ ਜ਼ਿਆਦਾ ਨਹੀਂ ਹੈ, ਜਿੰਨੀ ਮੀਡੀਆ ਵੱਲੋਂ ਵਧਾ-ਚੜ੍ਹਾ ਕੇ ਪੇਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਇਸ ਵੇਲੇ ਅਪਰਾਧ ਤੇ ਨਸ਼ੇ ਧਰਤੀ ਦੇ ਕਿਹੜੇ ਹਿੱਸੇ 'ਤੇ ਨਹੀਂ ਹਨ। ਭੋਗਲ ਨੇ ਕਿਹਾ ਕਿ ਜੇ ਪੰਜਾਬ ਵਿਚੋਂ ਨਸ਼ੇ ਦੇ ਸਮੱਗਲਰਾਂ ਦਾ ਮੁਕੰਮਲ ਖ਼ਾਤਮਾ ਕਰਨਾ ਹੈ, ਤਾਂ ਕਿਸੇ ਨਾਲ ਕੋਈ ਕਾਨੂੰਨੀ ਰਿਆਇਤ ਤੇ ਢਿੱਲ ਨਹੀਂ ਵਰਤੀ ਜਾਣੀ ਚਾਹੀਦੀ। 4 ਮਈ, 2015 ਨੂੰ ਜਦੋਂ ਅਮਨਦੀਪ ਸਿੰਘ ਭੋਗਲ ਭਾਰਤ ਤੋਂ ਇੰਗਲੈਂਡ ਵਾਪਸ ਜਾ ਰਹੇ ਸਨ, ਤਦ ਦੁਬਈ ਦੇ ਹਵਾਈ ਅੱਡੇ 'ਤੇ ਸੁਰੱਖਿਆ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਉਦੋਂ ਤੱਕ ਹਵਾਈ ਜਹਾਜ਼ 'ਤੇ ਸਵਾਰ ਹੋਣ ਤੋਂ ਮਨ੍ਹਾ ਕਰ ਦਿੱਤਾ ਸੀ, ਜਦੋਂ ਤੱਕ ਉਹ ਆਪਣੀ ਦਸਤਾਰ ਲਾਹ ਕੇ ਤਲਾਸ਼ੀ ਨਹੀਂ ਲੈਣ ਦਿੰਦੇ। ਇਸ ਤੋਂ ਇਲਾਵਾ ਤਦ ਉਨ੍ਹਾਂ ਨੂੰ ਕੜਾ ਲਾਹੁਣ ਲਈ ਵੀ ਆਖਿਆ ਗਿਆ ਸੀ। ਭੋਗਲ ਨੇ ਤਦ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

# ਕਾਰਨੀ ਪਾਰਕ 'ਚ ਧੂਮ-ਧੜੱਕੇ ਨਾਲ ਭਰੀਆਂ 'ਤੀਆਂ ਫਰਿਜ਼ਨੋ ਦੀਆਂ'





**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆ, ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਆਂ ਦੀ ਭਰਪੂਰ ਵਸੋਂ ਹੋਣ ਕਰਕੇ ਪੰਜਾਬੀ ਸੱਭਿਆਚਾਰ ਬਾਬਤ ਸਰਗਰਮੀਆਂ ਦਾ ਕੇਂਦਰ ਬਣਿਆ ਰਹਿੰਦਾ ਹੈ। ਬੇਸ਼ੱਕ ਪੰਜਾਬ 'ਚੋਂ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ ਪਰ ਇੱਥੇ ਪਿਛਲੇ 22 ਸਾਲਾਂ ਤੋਂ ਤੀਆਂ ਦਾ ਤਿਉਹਾਰ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਕਿਸੇ ਸਮੇਂ ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ ਅਤੇ ਸੁਖਮਿੰਦਰ ਮਾਨ ਨੇ ਸਮੂਹ ਪੰਜਾਬੀ ਔਰਤਾਂ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁੱਲ੍ਹੇ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ 'ਤੀਆਂ' ਦੀ ਸ਼ੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਇਥੇ ਪਿੱਪਲਾਂ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ ਪਰ ਹੋਰ ਸੰਘਣੇ ਦਰੱਖਤਾਂ ਦੀ ਛਾਂ ਅਤੇ ਪੰਜਾਬੀ ਸੱਭਿਆਚਾਰ ਪ੍ਰਤੀ ਆਪਸੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪ੍ਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ, ਜਿਨ੍ਹਾਂ ਵਿਚ ਮਰਦਾਂ ਨੂੰ ਆਉਣ ਦੀ ਹਮੇਸ਼ਾ ਹੀ ਮਨਾਹੀ ਹੁੰਦੀ ਹੈ।

ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੁਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ 'ਤੇ ਸਿਰਫ ਨੁਮਾਇਸ਼ਨੁਮਾ ਹੀ ਰਹਿ ਗਏ ਹਨ। ਇਹ ਗੱਲ ਫਖਰ ਕਰਨ ਵਾਲੀ ਹੈ ਕਿ ਫਰਿਜ਼ਨੋ ਦੀਆਂ ਤੀਆਂ ਉਸੇ ਤਰ੍ਹਾਂ ਖੁੱਲ੍ਹੇ ਮੈਦਾਨ ਵਿਚ ਪਰੰਪ੍ਰਾਗਤ ਤਰੀਕੇ ਨਾਲ ਲੱਗੀਆਂ। ਇਥੇ ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ-ਭੈਣਾਂ ਰਲ ਕੇ ਆਪਣੇ ਵੱਖ-ਵੱਖ ਗਰੁੱਪਾਂ ਵਿਚ ਗੀਤ ਗਾ ਕੇ ਤੇ ਗਿੱਧੇ ਦੇ ਮੁਕਾਬਲਿਆਂ ਦਾ ਭਰਪੂਰ ਮਨੋਰੰਜਨ ਕਰਦੀਆਂ ਹੋਈਆਂ ਆਪਣੀਆਂ ਸਹੇਲੀਆਂ ਨੂੰ ਵੀ ਮਿਲੀਆਂ। ਇਸ ਸਾਲ ਤੀਆਂ ਦੌਰਾਨ ਪੰਜਾਬੀ ਔਰਤਾਂ ਤੋਂ ਇਲਾਵਾ ਅਮਰੀਕਨ ਮੂਲ ਦੀਆਂ ਔਰਤਾਂ ਨੇ ਵੀ ਸ਼ਿਰਕਤ ਕੀਤੀ। ਇਨ੍ਹਾਂ ਤੀਆਂ ਦੌਰਾਨ ਸਮਾਪਤੀ 'ਤੇ ਪਾਈ ਗਈ 'ਬੋਲੀ' ਵੀ ਰੰਗਲੇ ਪੰਜਾਬੀ ਸੱਭਿਆਚਾਰ ਦਾ ਰੂਪ ਪੇਸ਼ ਕਰ ਰਹੀ ਸੀ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ ਅਤੇ ਘੱਗਰੇ ਪੰਜਾਬੀਅਤ ਦੇ ਮਾਹੌਲ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜ਼ਾਨਾ ਪ੍ਰਬੰਧਕਾਂ ਵੱਲੋਂ ਸਮਾਪਤੀ 'ਤੇ ਖੁੱਲ੍ਹੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਮੇਂ ਜੀਤ ਗਿੱਲ ਮੋਗਾ ਵੀਡੀਓ ਵੱਲੋਂ ਫਰੀ ਫੋਟੋਆਂ ਖਿੱਚਣ ਲਈ ਬੂਥ ਵੀ ਲਾਇਆ ਗਿਆ ਸੀ। ਇਸ ਸਮੇਂ ਦੇ ਯਾਦਗਾਰੀ ਪਲਾਂ ਨੂੰ www.Mogavideo.com ਤੋਂ ਮੁਫਤ ਡਾਊਨਲੋਡ ਕੀਤਾ ਜਾ ਸਕਦਾ ਹੈ। ਇੱਥੇ 'ਇੰਡੀਅਨ ਅਵਨ' ਰੈਸਟੋਰੈਂਟ ਵੱਲੋਂ ਵੰਨ ਸੁਵੰਨੇ ਖਾਣਿਆਂ ਦੇ ਸਟਾਲ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਨ੍ਹਾਂ ਤੀਆਂ ਦਾ ਮਾਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਅਜੋਕੇ ਸਮੇਂ ਅੰਦਰ ਲੋੜ ਹੈ ਅਜਿਹੇ ਤਿਉਹਾਰਾਂ ਨੂੰ ਪਰੰਪ੍ਰਾਗਤ ਤਰੀਕੇ ਨਾਲ ਮਨਾਉਣ ਦੀ, ਜਿਸ ਨਾਲ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਜੀਵਤ ਰੱਖਿਆ ਜਾ ਸਕੇ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ, ਸੁਖਮਿੰਦਰ ਕੌਰ ਮਾਨ ਅਤੇ ਸਮੂਹ ਸਹਿਯੋਗੀਆਂ ਨੂੰ ਜਾਂਦਾ ਹੈ।

# ਪੰਜਾਬੀ ਕਵੀ ਬਲਹਾਰ ਸਿੰਘ ਲਹਿਲ ਨਾਲ ਰੂਬਰੂ ਤੇ ਕਵੀ ਦਰਬਾਰ

**ਸੈਕਰਾਮੈਂਟੋ /ਬਿਊਰੋ ਨਿਊਜ਼ :** ਲਿਖਾਰੀ ਸਭਾ ਸਿਆਟਲ ਦੇ ਮੈਂਬਰ ਤੇ ਉਘੇ ਲੇਖਕ, ਬਲਹਾਰ ਸਿੰਘ ਲਹਿਲ ਦਾ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਯੂਬਾ ਸਿਟੀ/ਸੈਕਰਾਮੈਂਟੋ ਦੀ ਸੈਕਰਾਮੈਂਟੋ ਵਿਖੇ ਮਹੀਨਾਵਾਰ ਇਕੱਤਰਤਾ ਵਿਚ ਰੂਬਰੂ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਬਲਹਾਰ ਜੀ ਨੇ ਸਾਹਿਤਕ ਚਰਚਾ ਕਰਨ ਸਮੇਤ ਆਪਣੀਆਂ ਦੋ ਬਹੁਤ ਰੋਚਕ ਕਵਿਤਾਵਾਂ, ਜੁਗਨੀ ਤੇ ਘਰੇਲੂ ਨੋਕ-ਝੋਕ ਵਧੀਆ ਢੰਗ ਨਾਲ ਪੇਸ਼ ਕੀਤੀਆਂ। ਇਸ ਦਾ ਸਾਰਿਆਂ ਨੇ ਖ਼ੂਬ ਆਨੰਦ ਮਾਣਿਆ। ਸਭਾ ਦੇ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਨੇ ਸਾਰੇ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਆਪਣੀ ਗੈਰਹਾਜ਼ਰੀ ਵਿਚ ਇਕ ਜੁਲਾਈ ਨੂੰ ਯੂਬਾ ਸਿਟੀ ਵਿਖੇ ਸਾਹਿਤਕ ਮਿਲਣੀ ਦਾ ਚੰਗਾ ਪ੍ਰਬੰਧ ਕਰਨ ਲਈ ਸਭ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਪੰਜਾਬੀ ਗੀਤਕਾਰ ਦੇਵ ਥਰੀਕੇਵਾਲੇ ਦੀ ਧਰਮ-ਪਤਨੀ ਦੇ ਸਦੀਵੀ ਵਿਛੋੜੇ 'ਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ ਕਿ ਵਾਹਿਗੁਰੂ ਉਨ੍ਹਾਂ ਨੂੰ ਚਰਨਾਂ 'ਚ ਨਿਵਾਸ ਬਖਸ਼ੇ ਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸਭਾ ਦੇ ਸਥਾਈ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ ਨੇ ਯੂਬਾ ਸਿਟੀ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ 179ਵੀਂ ਬਰਸੀ ਦੇ ਹੋਏ ਪ੍ਰੋਗਰਾਮ ਬਾਰੇ ਸੰਖੇਪ ਰਿਪੋਰਟ ਪੇਸ਼ ਕੀਤੀ ਅਤੇ ਆਪਣੀਆਂ ਦੋ ਤਾਜ਼ਾ ਰਚਨਾਵਾਂ,"ਸਕੰਦਰ ਮੋਇਆ", "ਰੱਬ ਨੇ ਦੁਨੀਆ ਚਲਦੀ ਰੱਖਣ ਲਈ ਸਭ ਨੂੰ ਢਿੱਡ ਲਾ ਦਿੱਤਾ" ਪੇਸ਼ ਕੀਤੀਆਂ।

ਸਭਾ ਦੇ ਉਪ ਪ੍ਰਧਾਨ, ਹਰਭਜਨ ਸਿੰਘ ਢੇਰੀ, ਸਾਬਕਾ ਸਕੱਤਰ ਇੰਦਰਜੀਤ ਸਿੰਘ ਗਰੇਵਾਲ, ਸਾਬਕਾ ਪ੍ਰਧਾਨ ਦਲਬੀਰ ਦਿਲ ਨਿੱਝਰ, ਗਜ਼ਲਗੋ ਇਕਵਿੰਦਰ ਸਿੰਘ, ਕਮਲ ਬੰਗਾ, ਬਿਕਰ ਸਿੰਘ ਐਸ਼ੀ ਕੰਮਿਆਣਾ, ਰਮੇਸ਼ ਬੰਗੜ, ਪਰਮਿੰਦਰ ਸਿੰਘ ਰਾਏ, ਖੁਸ਼ੀ ਰੱਤੂ, ਜੀਵਨ ਰੱਤੂ ਤੇ ਫਤਿਹ ਸਿੰਘ ਮੱਲ੍ਹੀ ਨੇ ਆਪਣੀਆਂ ਸਾਹਿਤਕ ਰਚਨਾਵਾਂ ਪੇਸ਼ ਕੀਤੀਆਂ। ਆਖਰ ਵਿਚ ਪ੍ਰਧਾਨ ਜਸਵੰਤ ਸ਼ੀਮਾਰ ਨੇ ਆਪਣੀ ਕਵਿਤਾ ਸੁਣਾ ਕੇ ਮਿਲਣੀ ਵਿਚ ਭਾਗ ਲੈਣ ਵਾਲੇ ਸਾਰੇ ਸਾਥੀ ਮਿੱਤਰਾਂ ਦਾ ਧੰਨਵਾਦ ਕੀਤਾ ਤੇ ਸਾਰਿਆਂ ਨੂੰ ਪੀਜ਼ਾ ਛਕ ਕੇ ਜਾਣ ਲਈ ਬੇਨਤੀ ਕੀਤੀ। ਇਸ ਮੌਕੇ ਅਗਲੀ ਮੀਟਿੰਗ 26 ਅਗਸਤ, 2018, ਦਿਨ ਐਤਵਾਰ ਨੂੰ 2 ਤੋਂ 5 ਵਿਚਕਾਰ ਕਰਨ ਦਾ ਐਲਾਨ ਕੀਤਾ ਗਿਆ।



## ਮੋਰਚਾ 'ਗੁਰੂ ਕਾ ਬਾ.ਗ' 'ਤੇ ਵਿਸ਼ੇਸ਼

# ਸਿੰਘਾਂ ਦੇ ਸਿਦਕ, ਬਹਾਦਰੀ ਤੇ ਅਣਖ ਦਾ ਪ੍ਰਤੀਕ 'ਗੁਰੂ ਕਾ ਬਾਗ ਮੋਰਚਾ'

**ਪ੍ਰਮਿੰਦਰ ਸਿੰਘ ਪ੍ਰਵਾਨਾ**

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਚਰਚਾ ਦਾ ਵਿਸ਼ਾ ਹੈ, ਜਿਸ ਨੇ ਸਦਾ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਸਮੇਂ-ਸਮੇਂ ਦੇ ਹਾਕਮਾਂ ਦੇ ਜ਼ੁਲਮਾਂ ਦਾ ਟਾਕਰਾ ਕਰਨ, ਮਨੁੱਖੀ ਕਦਰਾਂ ਕੀਮਤਾਂ ਦੀ ਰਾਖੀ ਕਰਨ,ਹੱਕ-ਸੱਚ, ਨਿਆਂ, ਸਵੈ ਰੱਖਿਆ ਅਤੇ ਆਜ਼ਾਦੀ ਵਾਸਤੇ ਫੌਜੀ ਖਾਲਸਾ ਤਿਆਰ ਹੋਇਆ ਜਿਸ ਨੇ ਹਮੇਸ਼ਾ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਫਿਰ ਇਕ ਅਜਿਹਾ ਸਮਾਂ ਵੀ ਆਇਆ ਕਿ ਅੰਗਰੇਜ਼, ਜਿਸ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ, ਜਿਸ ਵਿਚ ਉਸ ਨੇ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਉਨ੍ਹਾਂ ਦਾ ਗੁਰਦੁਆਰਿਆਂ 'ਤੇ ਕਬਜ਼ਾ ਕਰਵਾ ਲਿਆ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁਧ ਲਾਉਣਾ ਪਿਆ। ਮੋਰਚਾ ਚਾਬੀਆਂ ਦਾ, ਮੋਰਚਾ ਨਨਕਾਣਾ ਸਾਹਿਬ, ਮੋਰਚਾ ਤਰਨ ਤਾਰਨ, ਮੋਰਚਾ ਜੈਤੋ ਅਤੇ ਮੋਰਚਾ ਗੁਰੂ ਕਾ ਬਾਗ਼ ਆਦਿ ਦਾ ਸੰਘਰਸ਼ ਤਵਾਰੀਖ ਵਿਚ ਦਰਜ ਹੈ। ਇਨ੍ਹਾਂ ਜਨਤਕ ਸ਼ਾਂਤਮਈ ਸੰਘਰਸ਼ਾਂ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਨੂੰ ਸੌਂਪਿਆ। ਇਨ੍ਹਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਲੜਾਈ ਵਿਚ ਅਹਿਮ ਕੜੀ ਦਾ ਕੰਮ ਦਿੱਤਾ।

ਵਰਨਣਯੋਗ ਹੈ ਕਿ ਇਨ੍ਹਾਂ ਮੋਰਚਿਆਂ ਵਿਚੋਂ ਗੁਰੂ ਕਾ ਬਾਗ਼ ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕਵਾਲੀ-ਸਹਿੰਸਰਾਂ ਦੇ ਵਿਚਕਾਰ ਸਥਿਤ ਗੁਰਦੁਆਰਾ ਗੁਰੂ ਕਾ ਬਾਗ਼ ਸੀ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਇਹ ਗੁਰਦੁਆਰਾ ਸਾਹਿਬ ਸਥਾਪਤ ਹਨ। ਇਨ੍ਹਾਂ ਗੁਰਧਾਮਾਂ ਦੇ ਨਾਮ ਕਾਫ਼ੀ ਜ਼ਮੀਨ ਸੀ, ਜਿਸ 'ਤੇ ਮਹੰਤ ਸੁੰਦਰ ਦਾਸ ਦਾ ਕਬਜ਼ਾ ਸੀ। ਮਹੰਤ ਸੁੰਦਰ ਦਾਸ ਇਕ ਦੁਰਾਚਾਰੀ ਆਯਾਸ਼ ਅਤੇ ਭ੍ਰਿਸ਼ਟ ਬੁੱਧੀ ਦਾ ਮਾਲਕ ਸੀ, ਉਸ ਨੂੰ ਸਿੱਖਾਂ ਵਿਰੁਧ ਅੰਗਰੇਜ਼ ਸਰਕਾਰ ਦੀ ਸ਼ਹਿ ਮਿਲੀ ਹੋਈ ਸੀ। ਮਹੰਤ ਦੀ ਮਿਲੀਭੁਗਤ ਨਾਲ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ, ਜਿਸ ਵਿਚ ਸਿੱਖ ਕੌਮ ਵਲੋਂ ਵਿਦੇਸ਼ੀ ਅੰਗਰੇਜ਼ ਸਰਕਾਰ ਵਿਰੁਧ ਸੰਘਰਸ਼ ਅਤੇ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਭਾਵਨਾ ਦੀ ਤਸਵੀਰ ਮੂੰਹ ਬੋਲਦੀ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੇ ਲੰਗਰਾਂ ਦੀ ਸੇਵਾ ਵਾਸਤੇ ਲੱਕੜੀ ਬਾਲਣ ਇਕੱਠਾ ਕਰਨ ਗਏ ਪੰਜ ਸਿੰਘਾਂ ਨੂੰ ਅੰਗਰੇਜ਼ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਨ੍ਹਾਂ ਪੰਜ ਸਿੰਘਾਂ ਨੂੰ ਜੁਰਮਾਨਾ ਤੇ ਛੇ-ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾ ਦਿੱਤੀ। ਇਸ ਘਟਨਾ ਦੇ ਨਾਲ ਹੀ ਮੋਰਚਾ ਗੁਰੂ ਕਾ ਬਾਗ ਆਰੰਭ ਹੋ ਗਿਆ। ਸ਼੍ਰੋਮਣੀ ਕਮੇਟੀ ਵਲੋਂ ਪੁਰਅਮਨ ਸੰਘਰਸ਼ ਕਰਨ ਲਈ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ ਪੰਜ-ਪੰਜ ਸਿੰਘਾਂ ਦਾ ਜਥਾ ਗ੍ਰਿਫ਼ਤਾਰੀ ਲਈ ਭੇਜਿਆ ਜਾਣ ਲੱਗਾ, ਜਿਸ ਨੂੰ ਪੁਲਿਸ ਫੜ ਕੇ ਦੂਰ ਦੁਰਾਡੇ ਛੱਡ ਆਉਂਦੀ। ਜਦੋਂ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੀ ਗਿਣਤੀ ਵਧਦੀ ਗਈ



ਤਾਂ ਪੁਲਿਸ ਨੇ ਸਖਤੀ ਸ਼ੁਰੂ ਕਰ ਦਿੱਤੀ। 31 ਅਗਸਤ, 1922 ਈ. ਨੂੰ 200 ਅਕਾਲੀਆਂ ਦਾ ਜੱਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਇਸ ਜਥੇ ਨੂੰ ਗੁੰਮਟਾਲਾ ਪੁਲ ਤੇ ਘੇਰ ਕੇ ਕੁੱਟਿਆ ਗਿਆ। ਪਿੰਡ ਸਹਿੰਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਵੀ ਸਿੱਖਾਂ ਦੀ ਕਾਫ਼ੀ ਕੁੱਟਮਾਰ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਫੜ ਕੇ ਧੂਹਿਆ ਗਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਰੋਜ਼ਾਨਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸਿੰਘ ਸ਼ਾਂਤਮਈ ਢੰਗ ਨਾਲ ਗੁਰੂ ਕਾ ਬਾਗ ਮੋਰਚੇ ਲਈ ਹੁੰਮ ਹੁੰਮਾ ਕੇ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਨ੍ਹਾਂ 'ਤੇ ਲਾਠੀਆਂ ਵਰਸਾਉਂਦੀ, ਸਿੰਘ ਨਾਮ ਜਪਦੇ, ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ, ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਉਠਦੇ ਅਤੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬਸ ਨਹੀਂ ਕੀਤੀ, ਬਲਕਿ ਫੱਟੜ ਹੋ ਕੇ ਡਿੱਗੇ ਸਿੰਘਾਂ 'ਤੇ ਘੋੜੇ ਵੀ ਚੜ੍ਹਾਏ ਜਾਣ ਲੱਗੇ। ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਮੋਰਚੇ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ।

ਵੱਖ-ਵੱਖ ਧਰਮਾਂ ਦੇ ਲੋਕ ਭਾਰੀ ਗਿਣਤੀ ਵਿਚ ਗੁਰੂ ਕਾ ਬਾਗ ਪੁੱਜਣ ਲੱਗੇ। ਇਨ੍ਹਾਂ ਵਿਚ C.F. Andrews ਸੀ, ਜਿਸ ਨੇ ਕਿਹਾ ਕਿ ਇਕ ਮਸੀਹਾ ਸੂਲੀ ਚੜ੍ਹਿਆ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਲੋਕ ਤਸੀਹੇ ਝੱਲਦੇ ਵੇਖੇ। ਇਹ ਕਾਂਡ ਵਾਪਰਦਾ ਵੇਖ ਕੇ ਉਹ ਰੋ ਪਿਆ ਸੀ। ਉਸ ਨੇ ਪ੍ਰੈਸ ਨੋਟ ਭੇਜ ਕੇ ਲਿਖਿਆ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ, ਇਕ ਹਿਰਦੇ-ਵੇਦਕ ਘਟਨਾ ਹੈ ਜੋ ਵੇਖੀ ਨਹੀਂ ਜਾ ਸਕਦੀ। ਰੱਬ ਅਜਿਹਾ ਸਮਾਂ ਕਿਸੇ ਨੂੰ ਨਾ ਵਿਖਾਵੇ। ਹੋਰ ਪੁੱਜੇ ਆਗੂਆਂ ਵਿਚ ਮਦਨ ਮੋਹਨ ਮਾਲਵੀਆ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜ਼ਮਲ ਖਾਨ, ਸ੍ਰੀਮਤੀ ਸਰੋਜਨੀ ਨਾਇਡੂ ਵੀ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। A L.Verges ਇਕ ਅਮਰੀਕੀ ਫਿਲਮਸਾਜ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ।

Sir Edward Maclagam ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖ਼ਲ ਦੇਣ ਨਾਲ ਸਿੰਘਾਂ 'ਤੇ ਡਾਂਗਾਂ ਵਰਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫ਼ਤਾਰੀਆਂ ਦਾ ਦੌਰ 17 ਨਵੰਬਰ, 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ Lord Reading ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਇਕ ਧਨਾਢ ਸੇਵਾਮੁਕਤ ਇੰਜੀਨੀਅਰ ਸਰ ਗੰਗਾ ਰਾਮ ਦੀਆਂ ਸੇਵਾਵਾਂ ਵੀ ਲਈਆਂ ਗਈਆਂ। ਉਸ ਨੇ ਪਟੇ 'ਤੇ ਗੁਰੂ ਕਾ ਬਾਗ ਦੀ ਜ਼ਮੀਨ ਛੁਡਾ ਲਈ ਅਤੇ 17 ਨਵੰਬਰ 1922 ਨੂੰ ਸਿੰਘਾਂ ਨੂੰ ਕਬਜ਼ਾ ਦੇ ਦਿੱਤਾ। ਜਲਦੀ ਹੀ ਸਰਕਾਰ ਨੇ ਸਾਰੇ ਸਿੰਘਾਂ ਦੀ ਰਿਹਾਈ ਦੇ ਹੁਕਮ ਵੀ ਜਾਰੀ ਕੀਤੇ। ਮੋਰਚਾ ਗੁਰੂ ਕਾ ਬਾਗ ਇਸ ਤਰ੍ਹਾਂ ਸ਼ਾਂਤੀ ਪੂਰਵਕ ਖਤਮ ਹੋਇਆ। ਇਸ ਮੋਰਚੇ ਵਿਚ 839 ਸਿੰਘ ਜ਼ਖ਼ਮੀ ਹੋਏ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਨ੍ਹਾਂ ਵਿਚੋਂ ਲਗਭਗ 35 ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ।

ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ, ਬਹਾਦਰੀ ਅਤੇ ਅਣਖ 'ਤੇ ਲੋਕਾਂ ਨੇ ਮਾਣ ਕੀਤਾ। ਗੁਰੂ ਕਾ ਬਾਗ ਮੋਰਚੇ ਵਿਚ ਸ਼ਾਮਲ ਸੂਰਬੀਰਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਦਾ ਸਹਿਣਸ਼ੀਲਤਾ ਨਾਲ ਮੁਕਾਬਲਾ ਕੀਤਾ ਅਤੇ ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਦੁਖ ਜਰਿਆ। ਸਿੰਘਾਂ ਨੇ ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਰੱਖਣਾ ਸੀ। ਇਸ ਮੋਰਚੇ ਦੀ ਜਿੱਤ ਨਾਲ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋ ਗਿਆ। ਲੋਕਾਂ ਵਿਚ ਜਨਤਕ ਤੌਰ 'ਤੇ ਉਤਸ਼ਾਹ ਆਇਆ, ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦੇ ਭਲੇ ਦਾ ਸਿਧਾਂਤ ਪ੍ਰਫੁਲਤ ਕੀਤਾ। ਅੱਜ ਵੀ ਸਾਨੂੰ ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਤ ਗੁਣਾਂ ਨੂੰ ਅਪਣਾਉਣ ਦੀ ਸਿੱਖਿਆ ਮਿਲਦੀ ਹੈ। ਸਿੱਖ ਤਵਾਰੀਖ ਵਿਚ ਦਰਜ ਇਹ ਇਕ ਗੌਰਵਮਈ ਮੋਰਚਾ ਹੈ।

**ਗੁਰੂ ਕਾ ਬਾਗ ਮੋਰਚੇ ਵਿਚ ਸ਼ਾਮਲ ਸੂਰਬੀਰਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਦਾ ਸਹਿਣਸ਼ੀਲਤਾ ਨਾਲ ਮੁਕਾਬਲਾ ਕੀਤਾ ਅਤੇ ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਦੁਖ ਜਰਿਆ। ਸਿੰਘਾਂ ਨੇ ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਰੱਖਣਾ ਸੀ। ਇਸ ਮੋਰਚੇ ਦੀ ਜਿੱਤ ਨਾਲ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋ ਗਿਆ। ਲੋਕਾਂ ਵਿਚ ਜਨਤਕ ਤੌਰ 'ਤੇ ਉਤਸ਼ਾਹ ਆਇਆ, ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦੇ ਭਲੇ ਦਾ ਸਿਧਾਂਤ ਪ੍ਰਫੁਲਤ ਕੀਤਾ। ਅੱਜ ਵੀ ਸਾਨੂੰ ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਤ ਗੁਣਾਂ ਨੂੰ ਅਪਨਾਉਣ ਦੀ ਸਿੱਖਿਆ ਮਿਲਦੀ ਹੈ। ਸਿੱਖ ਤਵਾਰੀਖ ਵਿਚ ਦਰਜ ਇਹ ਇਕ ਗੌਰਵਮਈ ਮੋਰਚਾ ਹੈ।**

# ਪੁਸਤਕ 'ਜਪੁਜੀ ਦਾ ਰੱਬ' ਦਾ ਸ਼ਾਨਦਾਰ ਰਿਲੀਜ਼ ਸਮਾਗਮ



**ਸਟਾਕਟਨ/ਬਿਊਰੋ ਨਿਊਜ਼ :**

ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 29 ਜੁਲਾਈ ਦਿਨ ਐਤਵਾਰ ਨੂੰ ਗੁਰਦਵਾਰਾ ਸਾਹਿਬ ਲੋਡਾਈ ਵਿਖੇ ਡਾ. ਗੋਬਿੰਦਰ ਸਿੰਘ ਸਮਰਾਓ ਦੀ ਨਵ-ਰਚਿਤ ਪੁਸਤਕ 'ਜਪੁਜੀ ਦਾ ਰੱਬ'(ਮੂਲ-ਮੰਤ੍ਰਿਕ ਦ੍ਰਿਸ਼ਟੀ ਕੋਣ) ਗੁਰਮਤਿ ਦੇ ਵਿਦਵਾਨ ਬੁਲਾਰਿਆਂ, ਸਾਹਿਤਕਾਰ ਦੋਸਤਾਂ ਅਤੇ ਸੂਝਵਾਨ ਸਰੋਤਿਆਂ ਦੇ ਭਰਵੇਂ ਇਕੱਠ ਵਿੱਚ ਸਫਲਤਾ ਪੂਰਵਕ ਰਿਲੀਜ਼ ਕੀਤੀ ਗਈ। ਇਸ ਸਬੰਧੀ ਮੀਡੀਆ ਨੂੰ ਇਕ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਹਰਜਿੰਦਰ ਸਿੰਘ ਪੰਧੇਰ ਨੇ ਦੱਸਿਆ ਕਿ ਸਮਾਗਮ ਦਾ ਆਰੰਭ ਸੰਗੀਤ ਕਲਾ ਦੇ ਮਾਹਰ ਮਲਕੀਤ ਸਿੰਘ ਅਤੇ ਰਾਜਨ ਗਰੇਵਾਲ ਵਲੋਂ ਗੁਰੂ ਸਾਹਿਬ ਦੀ ਪਵਿੱਤਰ ਬਾਣੀ ਵਿਚੋਂ ਸ਼ਬਦ ਗਾਇਣ ਨਾਲ ਕੀਤਾ ਗਿਆ। ਇਸ ਉਪਰੰਤ ਗੁਰਦਵਾਰਾ ਸਾਹਿਬ ਲੋਡਾਈ ਦੇ ਸਕੱਤਰ ਅਵਤਾਰ ਸਿੰਘ ਰੰਧਾਵਾ ਨੇ ਬੜੀ ਗਰਮਜੋਸ਼ੀ ਨਾਲ ਪਹੁੰਚੇ ਮਹਿਮਾਨਾਂ ਦਾ ਹਾਰਦਿਕ ਸਵਾਗਤ ਕੀਤਾ। ਉਨ੍ਹਾਂ ਵਰਤਮਾਨ ਧਾਰਮਿਕ ਹਾਲਤਾਂ ਦੌਰਾਨ ਪੁਸਤਕ ਨਾਲ ਜੁੜੇ ਵਿਸ਼ੇ ਦੀ ਮਹੱਤਤਾ ਨੂੰ ਪ੍ਰਗਟਾਉਂਦਿਆਂ ਲੇਖਕ ਦੀ ਸ਼ਲਾਘਾ ਕੀਤੀ। ਸਮਾਗਮ ਦੇ ਪ੍ਰਧਾਨਗੀ ਭਾਸ਼ਣ ਦੌਰਾਨ ਹਰਜਿੰਦਰ ਸਿੰਘ ਪੰਧੇਰ ਨੇ ਮੂਲ-ਮੰਤਰ ਨੂੰ ਇੱਕ ਵਿਗਿਆਨਕ ਉਲੇਖ ਦੱਸਿਆ। ਉਨ੍ਹਾਂ ਕਿਹਾ ਕਿ ਪਹਿਲਾਂ ਹੋਏ ਵਿਆਖਿਆਕਾਰਾਂ ਦੇ ਮੁਕਾਬਲੇ ਡਾ. ਗੋਬਿੰਦਰ ਸਿੰਘ ਨੇ ਇਸ ਨੂੰ ਗਣਿਤਕ ਸੂਤਰ ਵਿਧੀ ਦੁਆਰਾ ਪ੍ਰੀਭਾਸ਼ਤ ਕਰਦਿਆਂ ਵਿਗਿਆਨਕ ਸੋਚ ਪ੍ਰਣਾਲੀ ਅਪਣਾਈ ਹੈ, ਜੋ ਪਾਠਕ ਨੂੰ ਯਥਾਰਥਕ ਰੂਪ ਵਿੱਚ ਸੋਚਣ ਲਈ ਮਜਬੂਰ ਕਰਦੀ ਹੈ। ਇਸ ਕ੍ਰਿਤ ਲਈ ਲੇਖਕ ਵਿਸ਼ੇਸ਼ ਸ਼ਲਾਘਾ ਦਾ ਹੱਕਦਾਰ ਹੈ।

ਮੁੱਖ ਬੁਲਾਰੇ ਡਾ. ਅਮਰੀਕ ਸਿੰਘ ਨੇ ਆਪਣੇ ਸੰਜੀਦਗੀ ਭਰਪੂਰ ਸੂਤਰਬੱਧ ਵਿਚਾਰ ਪ੍ਰਗਟਾਉਂਦਿਆਂ ਇਸ ਪੁਸਤਕ ਨੂੰ ਪਰੰਪਰਿਕ ਸੋਚ ਤੋਂ ਹਟਵੀਂ, ਬੌਧਿਕ ਵਿਚਾਰਾਂ ਵਾਲੀ, ਵਿਗਿਆਨਕ ਤੱਥਾਂ 'ਤੇ ਅਧਾਰਤ, ਨਵੀਂ ਦਿਸ਼ਾ ਪ੍ਰਦਾਨ ਕਰਦੀ ਬਹੁਮੁੱਲੀ ਕ੍ਰਿਤ ਕਿਹਾ। ਉਨ੍ਹਾਂ ਆਪਣੇ ਭਾਸ਼ਣ ਦੌਰਾਨ ਵੈਦਿਕ ਅਤੇ ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤੀ ਅਤੇ ਵਿਸ਼ਵਾਸ ਦੇ ਅੰਤਰ ਨੂੰ ਵੀ ਆਪਣੇ ਪੱਖ ਤੋਂ ਸਪਸ਼ਟ ਕਰਨ ਦਾ ਯਤਨ ਕੀਤਾ। ਪੰਜਾਬੀ ਭਾਸ਼ਾ ਨੂੰ ਨਵੀਂ ਸ਼ਬਦਾਵਲੀ ਦੇਣ ਲਈ ਉਨ੍ਹਾਂ ਲੇਖਕ ਦੀ ਪ੍ਰਸੰਸਾ ਕੀਤੀ। ਡਾ. ਅਮਰਜੀਤ ਸਿੰਘ ਨੇ ਸਿੱਖੀ ਵਿਚਾਰਧਾਰਾ ਅਤੇ ਵਿਗਿਆਨ ਨੂੰ ਇਕੋ ਸਿੱਕੇ ਦੇ ਦੋ ਪਹਿਲੂ ਕਿਹਾ। ਉਨ੍ਹਾਂ ਕਿਹਾ ਕਿ ਸਿੱਖ ਮੱਤ ਇੱਕ ਅਜੇਹੀ ਮਿਆਰੀ ਸਚਾਈ ਹੈ, ਜਿਸ ਨੂੰ ਇਸ ਬ੍ਰਹਿਮੰਡ ਦੇ ਵਾਰ-ਵਾਰ ਬਣਨ ਅਤੇ ਮਿਟਣ ਦੇ ਬਾਵਜੂਦ ਵੀ ਕਦੇ ਆਂਚ ਨਹੀ ਆਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਜਿੱਥੇ ਸਿੱਖ ਮੱਤ ਵਿਗਿਆਨ ਨੂੰ ਸੇਧ ਦਿੰਦਾ ਹੈ, ਉੱਥੇ ਮਾਰਕਸ ਵਿਗਿਆਨ ਤੋਂ ਸੇਧ ਲੈਂਦਾ ਹੈ।

ਡਾ. ਗੋਬਿੰਦਰ ਸਿੰਘ ਨੇ ਉਨ੍ਹਾਂ ਦੀ ਕਿਤਾਬ ਨੂੰ ਵਿਦਵਾਨਾਂ ਅਤੇ ਸਰੋਤਿਆਂ ਵਲੋਂ ਮਿਲੇ ਭਰਵੇਂ ਹੁੰਗਾਰੇ 'ਤੇ ਤਸੱਲੀ ਪ੍ਰਗਟਾਉਂਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ। ਉਨ੍ਹਾਂ ਉਠਾਏ ਗਏ ਕੁੱਝ ਨੁਕਤਿਆਂ ਬਾਰੇ ਵਿਸਥਾਰ ਸਾਹਿਤ ਸਪਸ਼ਟੀਕਰਣ ਵੀ ਦਿੱਤੇ। ਲਗਾਤਾਰ ਤਿੰਨ ਘੰਟੇ ਲਗਾਤਾਰ ਚੱਲੇ ਇਸ ਗਹਿਗੱਚ ਸਮਾਗਮ ਦਾ ਹਾਜ਼ਰ ਸਰੋਤਿਆਂ ਨੇ ਮਨ ਚਿੱਤ ਲਾ ਕੇ ਭਰਪੂਰ ਆਨੰਦ ਮਾਣਿਆ। ਬੀਬੀ ਮਨਜੀਤ ਕੌਰ ਸੇਖੋਂ ਨੇ ਗੁਰਬਾਣੀ ਦੀਆ ਢੁਕਵੀਆਂ ਤੁਕਾਂ ਨਾਲ ਸਟੇਜ ਨੂੰ ਪੂਰੇ ਸਮੇਂ ਲਈ ਬੰਨੀ ਰੱਖਿਆ। ਉਨ੍ਹਾਂ ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਸਮੇਂ-ਸਮੇਂ ਕੀਤੇ ਗਏ ਪ੍ਰਭਾਵਸ਼ਾਲੀ ਸਮਾਗਮਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਸੁਝਾਅ ਦਿੰਦਿਆਂ ਕਿਹਾ ਕਿ ਸਭਾ ਵਲੋਂ ਨੇੜ ਭਵਿੱਖ ਵਿੱਚ ਅਜੇਹੇ ਹੋਰ ਸਮਾਗਮ ਦਾ ਅਯੋਜਨ ਕੀਤਾ ਜਾਣਾ ਚਾਹੀਦਾ ਹੈ। ਸਮਾਗਮ ਵਿੱਚ ਉਪਰੋਕਤ ਮਹਿਮਾਨਾਂ ਤੋਂ ਇਲਾਵਾ ਇੰਦਰਪਾਲ ਸਿੰਘ, ਤਾਰਾ ਸਿੰਘ ਸਾਗਰ, ਡਾ. ਪੁਸ਼ਕਿੰਦਰ ਸਿੰਘ, ਤ੍ਰਿਪਤ ਸਿੰਘ ਭੱਟੀ, ਪ੍ਰਿੰਸੀਪਲ ਵੀਰ ਸਿੰਘ ਰੰਧਾਵਾ, ਹਰਬੰਸ ਸਿੰਘ ਤੱਖਰ, ਚਰਨਜੀਤ ਸਿੰਘ ਸਾਹੀ, ਪ੍ਰਿੰਸੀਪਲ ਹਰਨੇਕ ਸਿੰਘ, ਸੁਰਿੰਦਰ ਸਿੰਘ ਸਿੱਧੂ, ਰਮੇਸ਼ ਬੰਗੜ, ਗੁਰਪ੍ਰੀਤ ਕੌਰ, ਬਲਜੀਤ ਕੌਰ ਸੰਘਾ, ਪ੍ਰਿੰਸੀਪਲ ਜਸਵੰਤ ਸਿੰਘ, ਹਰਪ੍ਰੀਤ ਕੌਰ ਧੂਤ, ਮੋਹਨ ਸਿੰਘ ਪਰਮਾਰ, ਜਸਵਿੰਦਰ ਕੌਰ, ਮਰਿਗਇੰਦਰ ਪੰਧੇਰ, ਹਰਬੰਸ ਸਿੰਘ ਹੁੰਦਲ ਸਮੇਤ ਇਲਾਕੇ ਦੇ ਪਤਵੰਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ।

## ਪੰਜਾਬ ਦੀਆਂ ਪੰਚਾਇਤੀ ਚੋਣਾਂ ਹੋਰ ਅੱਗੇ ਪਈਆਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੂਬੇ ਦੀਆਂ ਪੰਚਾਇਤੀ ਚੋਣਾਂ ਅੱਗੇ ਪੈ ਗਈਆਂ ਹਨ ਕਿਉਂਕਿ ਰਾਖਵਾਂਕਰਨ ਸਬੰਧੀ ਨੀਤੀ ਨੂੰ ਅਜੇ ਵਿਧਾਨ ਸਭਾ 'ਚ ਪ੍ਰਵਾਨਗੀ ਨਹੀਂ ਮਿਲੀ। ਇਸ ਸਬੰਧੀ ਪ੍ਰਕਿਰਿਆ ਨੂੰ ਦੇਰ ਲੱਗਣ ਕਾਰਨ ਪੰਚਾਇਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 15 ਦਿਨ ਅੱਗੇ ਪੈਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਪੰਚਾਇਤੀ ਚੋਣਾਂ 'ਚ ਡੋਪ ਟੈਸਟ ਕਰਵਾਉਣਾ ਹੁਣ ਲਾਜ਼ਮੀ ਨਹੀਂ ਹੋਵੇਗਾ, ਉਮੀਦਵਾਰ ਆਪਣੀ ਮਰਜ਼ੀ ਨਾਲ ਟੈਸਟ ਕਰਵਾਉਣਾ ਚਾਹੁਣ ਤਾਂ ਕਰਵਾ ਸਕਦੇ ਹਨ ਪਰ ਕਿਸੇ ਨੂੰ ਵੀ ਲਾਜ਼ਮੀ ਤੌਰ 'ਤੇ ਟੈਸਟ ਕਰਵਾਉਣ ਲਈ ਸਰਕਾਰ ਨਹੀਂ ਕਹੇਗੀ। ਇਸ ਗੱਲ ਦਾ ਖੁਲਾਸਾ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕੀਤਾ। ਦੱਸਿਆ ਜਾ ਰਿਹਾ ਹੈ ਕਿ ਰਾਖਵੇਂਕਰਨ ਸਬੰਧੀ ਨਿਯਮ ਬਣਨ 'ਚ ਹੋ ਰਹੀ ਦੇਰੀ ਕਾਰਨ ਹੀ ਇਹ ਚੋਣਾਂ ਅੱਗੇ ਪੈ ਰਹੀਆਂ ਹਨ, ਹਾਲਾਂਕਿ ਮੰਤਰੀ ਵਲੋਂ ਚੋਣਾਂ 'ਚ 15 ਦਿਨ ਦੀ ਦੇਰੀ ਹੋਣ ਦੀ ਗੱਲ ਕਹੀ ਜਾ ਰਹੀ ਹੈ ਪਰ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਇਹ ਚੋਣਾਂ 15 ਦਿਨ ਤੋਂ ਇਕ ਮਹੀਨੇ ਤੱਕ ਵੀ ਅੱਗੇ ਪੈ ਸਕਦੀਆਂ ਹਨ।

# ਕਾਂਗਰਸ ਦੇ ਸਾਹਮਣੇ ਗੱਠਜੋੜ ਕਰਨ ਲਈ ਹਨ ਕਈ ਚੁਣੌਤੀਆਂ

- **ਉੱਤਰ ਪ੍ਰਦੇਸ਼ ਵਿਚ ਸਪਾ-ਬਸਪਾ ਗੱਠਜੋੜ ਕਾਂਗਰਸ ਨੂੰ ਸਿਰਫ 8 ਸੀਟਾਂ ਹੀ ਦੇਣ ਨੂੰ ਤਿਆਰ**
- **ਮਹਾਰਾਸ਼ਟਰ 'ਚ ਕਾਂਗਰਸ ਤੇ ਸ਼ਿਵ ਸੈਨਾ ਦਾ ਹੋ ਸਕਦਾ ਹੈ ਸਮਝੌਤਾ**
- **ਅਗਲੀਆਂ ਲੋਕ ਸਭਾ ਚੋਣਾਂ ਦਾ ਨਾਅਰਾ 'ਮੋਦੀ ਹਟਾਓ ਜਾਂ ਮੋਦੀ ਲਿਆਓ' ਬਣੇਗਾ**



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਕਾਂਗਰਸ ਲਈ ਵਿਰੋਧੀ ਧਿਰਾਂ ਦੀ ਏਕਤਾ ਵਾਸਤੇ ਕਿਤੇ-ਕਿਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਗਰਮ ਹਨ ਪਰ ਉਹ ਬਹੁਤਾ ਖੁੱਲ੍ਹ ਕੇ ਅੱਗੇ ਨਹੀਂ ਆ ਰਹੇ। ਇਸ ਲਈ ਕਾਂਗਰਸ ਕਿਸੇ ਅਜਿਹੇ ਨੇਤਾ ਦੀ ਭਾਲ ਵਿਚ ਹੈ ਜੋ ਲਗਪਗ ਸਾਰੀਆਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੇ ਸੰਪਰਕ ਵਿਚ ਹੋਵੇ। ਇਸ ਵਾਰ ਲੋਕ ਸਭਾ ਚੋਣਾਂ ਦਾ ਮੁੱਖ ਨਾਅਰਾ ਤਾਂ 'ਮੋਦੀ ਹਟਾਓ' ਜਾਂ 'ਮੋਦੀ ਲਿਆਓ' ਹੀ ਬਣਦਾ ਨਜ਼ਰ ਆ ਰਿਹਾ ਹੈ। ਉੱਤਰ ਪ੍ਰਦੇਸ਼ ਵਿਚ ਸਪਾ-ਬਸਪਾ ਗੱਠਜੋੜ ਕਾਂਗਰਸ ਨੂੰ ਸਿਰਫ 8 ਸੀਟਾਂ ਹੀ ਦੇਣੀਆਂ ਚਾਹੁੰਦਾ ਹੈ ਜਦ ਕਿ ਇਸ ਦੇ ਬਦਲੇ ਇਹ ਉਮੀਦ ਕਰਦੇ ਹਨ ਕਿ ਕਾਂਗਰਸ ਪਾਰਟੀ ਵਲੋਂ ਗੱਠਜੋੜ ਦੇ ਉਮੀਦਵਾਰਾਂ ਨੂੰ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ ਵਿਚ ਕੁਝ ਸੀਟਾਂ ਦਿੱਤੀਆਂ ਜਾਣ ਤੇ ਇਸ ਦੇ ਨਾਲ ਹੀ ਇਨ੍ਹਾਂ ਤਿੰਨਾਂ ਸੂਬਿਆਂ ਵਿਚ ਦੋਵੇਂ ਪਾਰਟੀਆਂ ਲਈ ਘੱਟੋ-ਘੱਟ 2 ਲੋਕ ਸਭਾ ਸੀਟਾਂ ਵੀ ਜ਼ਰੂਰ ਛੱਡੀਆਂ ਜਾਣ। ਪਰ ਕਾਂਗਰਸ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਮੰਗਾਂ ਦੇ ਆਧਾਰ 'ਤੇ ਪਾਰਟੀ ਸਪਾ-ਬਸਪਾ ਨਾਲ ਗੱਠਜੋੜ ਨਹੀਂ ਕਰ ਸਕਦੀ। ਦੂਸਰੇ ਪਾਸੇ ਬਸਪਾ ਵਿਰੋਧੀ ਧਿਰ ਵਿਚ ਸ਼ਾਮਿਲ ਹੋਣ ਲਈ ਉੱਤਰ ਪ੍ਰਦੇਸ਼ ਵਿਚ ਆਪਣੇ ਬਣਦੇ ਹਿੱਸੇ ਤੋਂ ਇਲਾਵਾ ਬਸਪਾ ਪ੍ਰਮੁੱਖ ਮਾਇਆਵਤੀ ਦਿੱਲੀ ਵਿਚ 1, ਹਰਿਆਣਾ ਵਿਚ 2, ਪੰਜਾਬ ਵਿਚ 2 ਜਾਂ 3 ਅਤੇ ਰਾਜਸਥਾਨ ਵਿਚ 3 ਸੀਟਾਂ ਲੈ ਕੇ ਵਿਰੋਧੀ ਧਿਰ ਵਿਚ ਸ਼ਾਮਿਲ ਹੋ ਸਕਦੀ ਹੈ। ਸੂਤਰਾਂ ਦੇ ਅਨੁਸਾਰ ਕਾਂਗਰਸ ਵਲੋਂ ਦੋ ਬਦਲਾਂ 'ਤੇ ਚਰਚਾ ਕੀਤੀ ਜਾ ਰਹੀ ਹੈ। ਪਹਿਲਾ ਇਹ ਕਿ ਪਾਰਟੀ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਅਤੇ ਉੱਤਰ ਪ੍ਰਦੇਸ਼ ਵਿਚ 2019 ਦੀਆਂ ਲੋਕ ਸਭਾ ਚੋਣਾਂ ਲਈ ਬਸਪਾ ਨਾਲ ਗੱਠਜੋੜ ਕਰ ਸਕਦੀ ਹੈ। ਉੱਤਰ ਪ੍ਰਦੇਸ਼ ਵਿਚ ਕਾਂਗਰਸ ਬਸਪਾ ਨੂੰ 50 ਸੀਟਾਂ ਤੱਕ ਦੇਣ ਲਈ ਤਿਆਰ ਹੈ ਤੇ ਬਚਦੀਆਂ 30 ਸੀਟਾਂ ਵਿਚੋਂ ਰਾਸ਼ਟਰੀ ਲੋਕ ਦਲ ਨੂੰ 7 ਸੀਟਾਂ ਦਿੱਤੀਆਂ ਜਾ ਸਕਦੀਆਂ ਹਨ। ਦੂਸਰਾ, ਇਹ ਹੈ ਕਿ ਕਾਂਗਰਸ ਉੱਤਰ ਪ੍ਰਦੇਸ਼ ਵਿਚ ਲੋਕ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ ਤੇ ਪਾਰਟੀ ਵਿਚ ਇਹ ਵਿਚਾਰ ਪੈਦਾ ਹੋ ਰਿਹਾ ਹੈ ਕਿ ਪਾਰਟੀ ਆਪਣੇ ਦਮ 'ਤੇ ਹੀ ਸਾਰੀਆਂ ਸੀਟਾਂ 'ਤੇ ਚੋਣ ਲੜ ਸਕਦੀ ਹੈ ਅਤੇ ਅਜਿਹਾ ਮਹਿਸੂਸ ਕੀਤਾ ਜਾਂਦਾ ਹੈ ਕਿ 30-40 ਸੀਟਾਂ 'ਤੇ ਪਾਰਟੀ ਦੀ ਸਥਿਤੀ ਮਜ਼ਬੂਤ ਹੈ। ਮਹਾਰਾਸ਼ਟਰ ਵਿਚ ਭਾਜਪਾ ਅਤੇ ਸ਼ਿਵ ਸੈਨਾ ਦੀ ਪੁਰਾਣੀ ਦੋਸਤੀ ਟੁੱਟਣ ਦੇ ਬਾਅਦ ਹੁਣ ਦੇਸ਼ ਦੀ ਰਾਜਨੀਤੀ ਵਿਚ ਨਵੇਂ ਸਮੀਕਰਨ ਬਣ ਰਹੇ ਹਨ। ਕਾਂਗਰਸ ਤੇ ਸ਼ਿਵ ਸੈਨਾ ਵਿਚ ਆਗਾਮੀ ਚੋਣਾਂ ਨੂੰ ਲੈ ਕੇ ਗੱਠਜੋੜ ਬਣ ਸਕਦਾ ਹੈ। ਸ਼ਿਵ ਸੈਨਾ ਨੇ ਇਸ ਗੱਲ ਦਾ ਇਸ਼ਾਰਾ ਦਿੱਤਾ ਹੈ।

**ਪੁੱਤਰਾਂ ਦੀ ਲੜਾਈ ਤੋਂ ਚਿੰਤਤ ਲਾਲੂ :** ਬਿਹਾਰ ਦੇ ਕੱਦਾਵਰ ਨੇਤਾ ਲਾਲੂ ਪ੍ਰਸਾਦ ਯਾਦਵ, ਜੋ ਕਿ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਭਾਜਪਾ ਦੇ ਖਿਲਾਫ਼ ਇਕਜੁੱਟ ਕਰਨਾ ਚਾਹੁੰਦੇ ਹਨ, ਨੂੰ ਵਿਲੱਖਣ ਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਾਲੂ ਦੇ ਦੋਵੇਂ ਪੁੱਤਰਾਂ ਵਿਚਕਾਰ ਆਪਸੀ ਸਬੰਧ ਕਾਫੀ ਹੱਦ ਤੱਕ ਵਿਗੜ ਚੁੱਕੇ ਹਨ। ਵੱਡੇ ਬੇਟੇ ਤੇਜ ਪ੍ਰਤਾਪ ਯਾਦਵ ਵਲੋਂ ਸੂਬੇ ਦਾ ਦੌਰਾ ਕੀਤਾ ਜਾ ਰਿਹਾ ਹੈ ਅਤੇ ਪਾਰਟੀ ਕਾਰਕੁਨਾਂ ਨਾਲ ਉਸ ਨੂੰ ਸਹਿਯੋਗ ਦੇਣ ਲਈ ਮੁਲਾਕਾਤਾਂ ਵੀ ਕੀਤੀਆਂ ਜਾ ਰਹੀਆਂ ਹਨ। ਛੋਟਾ ਬੇਟਾ ਤੇਜਸਵੀ ਯਾਦਵ ਪਿਛਲੇ ਦੋ ਹਫ਼ਤਿਆਂ ਤੋਂ ਸੂਬੇ ਤੋਂ ਬਾਹਰ ਹੈ ਤੇ ਭਾਜਪਾ ਵਿਰੁੱਧ ਇਕੱਠਿਆਂ ਲੜਨ ਲਈ ਤੇ ਬਿਹਾਰ ਵਿਚ ਗੱਠਜੋੜ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਨਾਲ ਮੁਲਾਕਾਤਾਂ ਕਰ ਰਿਹਾ ਹੈ। ਇਸੇ ਕਾਰਨ ਲਾਲੂ ਇਕ ਮੁਸ਼ਕਲ ਦੌਰ ਵਿਚੋਂ ਗੁਜ਼ਰ ਰਹੇ ਹਨ। ਲਾਲੂ ਬਹੁਤ ਬਿਮਾਰ ਤੇ ਇਲਾਜ ਅਧੀਨ ਹਨ ਪਰ ਉਹ ਚਾਹੁੰਦੇ ਹਨ ਕਿ ਦੋਵੇਂ ਬੇਟੇ ਇਕੱਠਿਆਂ ਲੋਕ ਸਭਾ ਚੋਣਾਂ ਦਾ ਸਾਹਮਣਾ ਕਰਨ ਤੇ ਵੱਧ ਤੋਂ ਵੱਧ ਪਾਰਟੀਆਂ ਨੂੰ, ਕਾਂਗਰਸ ਨੂੰ ਸਹਿਯੋਗ ਦੇਣ ਲਈ ਪ੍ਰੇਰਿਤ ਕਰਨ।



**ਰਾਹੁਲ ਅੱਗੇ ਰੁਕਾਵਟਾਂ :** ਪ੍ਰਧਾਨ ਮੰਤਰੀ ਦਾ ਅਹੁਦਾ ਹਾਸਿਲ ਕਰਨ ਦੇ ਸਮਰੱਥ ਬਣਨ ਲਈ ਰਾਹੁਲ ਗਾਂਧੀ ਨੂੰ ਕਿਤੇ ਜ਼ਿਆਦਾ ਮਿਹਨਤ ਕਰਨੀ ਪਵੇਗੀ, ਹਾਲਾਂਕਿ ਨਵੇਂ ਅਤੇ ਪੁਰਾਣੇ ਲੋਕਾਂ ਨਾਲ ਬਣੀ ਨਵੀਂ ਕਾਂਗਰਸ ਕਾਰਜ ਕਮੇਟੀ ਨੇ ਉਨ੍ਹਾਂ ਦੀ ਹੀ ਪ੍ਰਧਾਨਗੀ ਹੇਠ ਆਪਣੀ ਪਹਿਲੀ ਮੀਟਿੰਗ ਵਿਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਨਿਯੁਕਤ ਕਰ ਦਿੱਤਾ। ਸੂਤਰਾਂ ਅਨੁਸਾਰ ਕਾਂਗਰਸ ਕਾਰਜ ਕਮੇਟੀ ਵਲੋਂ ਰਾਹੁਲ ਨੂੰ ਪ੍ਰਧਾਨ ਮੰਤਰੀ ਬਣਨ ਲਈ ਤਿਆਰੀ ਐਲਾਨਣ ਤੋਂ ਇਕ ਦਿਨ ਬਾਅਦ ਪਾਰਟੀ ਨੂੰ ਆਪਣੇ ਕਦਮ ਪਿਛਾਂਹ ਖਿੱਚਣੇ ਪਏ, ਕਿਉਂਕਿ ਮਮਤਾ ਬੈਨਰਜੀ (ਤ੍ਰਿਣਮੂਲ ਕਾਂਗਰਸ), ਮਾਇਆਵਤੀ (ਬਸਪਾ), ਚੰਦਰਬਾਬੂ ਨਾਇਡੂ (ਤੇਦੇਪਾ) ਅਤੇ ਸ਼ਰਦ ਪਵਾਰ (ਰਾਕਾਂਪਾ) ਵਰਗੇ ਖੇਤਰੀ ਨੇਤਾ ਰਾਹੁਲ ਗਾਂਧੀ ਨੂੰ ਵਿਰੋਧੀ ਧਿਰ ਵਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਸਵੀਕਾਰ ਕਰਨ ਦੇ ਚਾਹਵਾਨ ਨਹੀਂ ਹਨ। ਮਮਤਾ ਬੈਨਰਜੀ ਨੇ ਸੰਘੀ ਮੋਰਚੇ ਦੀ ਅਗਵਾਈ ਕਰਨ ਸਬੰਧੀ ਆਪਣੇ ਇਰਾਦਿਆਂ ਦਾ ਐਲਾਨ ਕਰ ਦਿੱਤਾ ਤੇ ਪਿੱਛੇ ਨਾ ਰਹਿੰਦਿਆਂ ਬਸਪਾ ਸੁਪਰੀਮੋ ਮਾਇਆਵਤੀ ਨੇ ਵੀ ਆਪਣੀਆਂ ਇੱਛਾਵਾਂ ਦੁਹਰਾਅ ਦਿੱਤੀਆਂ। ਹੁਣ ਕਾਂਗਰਸ ਫਿਰ ਉਸੇ ਰਾਗ 'ਤੇ ਪਰਤ ਆਈ ਹੈ ਕਿ ਪ੍ਰਮੁੱਖ ਪਹਿਲ ਤਾਂ ਮੋਦੀ ਨੂੰ ਹਟਾਉਣਾ ਹੈ।
ਮੌਜੂਦਾ ਸਿਆਸੀ ਮਾਹੌਲ ਵਿਚ ਰਾਹੁਲ ਗਾਂਧੀ ਨੂੰ ਇਨ੍ਹਾਂ ਤਾਕਤਵਰ ਤੇ ਹੰਕਾਰੀ ਨੇਤਾਵਾਂ ਨਾਲ ਕੰਮ ਕਰਨ ਅਤੇ ਉਨ੍ਹਾਂ ਦਾ ਦਿਲ ਜਿੱਤਣ ਲਈ ਰਾਹ ਲੱਭਣਾ ਪਵੇਗਾ। ਇਹ ਇਕ ਬਹੁਤ ਵੱਡਾ ਸਵਾਲ ਹੈ ਕਿਉਂਕਿ ਸਾਰੇ ਪ੍ਰਧਾਨ ਮੰਤਰੀ ਬਣਨ ਦੀਆਂ ਇੱਛਾਵਾਂ ਪਾਲ਼ੀ ਬੈਠੇ ਹਨ, ਤਾਂ ਕੀ ਉਹ ਰਾਹੁਲ ਗਾਂਧੀ ਨੂੰ ਆਪਣੇ ਨੇਤਾ ਵਜੋਂ ਸਵੀਕਾਰ ਕਰਨਗੇ।

**ਬੰਗਾਲ ਦੀ ਸ਼ੇਰਨੀ ਗੱਜੀ :** ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੋਲਕਾਤਾ ਵਿਚ 25ਵੇਂ ਸ਼ਹੀਦੀ ਦਿਹਾੜੇ 'ਤੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਲੋਕ ਸਭਾ ਦੀਆਂ ਸਾਰੀਆਂ ਭਾਵ 42 ਸੀਟਾਂ 'ਤੇ ਜਿੱਤ ਦਰਜ ਕਰੇਗੀ ਜਦ ਕਿ ਭਾਜਪਾ ਨੇ ਆਮ ਚੋਣਾਂ ਵਿਚ 22 ਸੀਟਾਂ ਦਾ ਟੀਚਾ ਮਿਥਿਆ ਹੈ। ਭਾਵੇਂ ਕਿ ਭਾਜਪਾ ਦਾ ਇਹ ਟੀਚਾ ਵਧੇਰੇ ਖਾਹਿਸ਼ਾਂ ਵਾਲਾ ਹੋ ਸਕਦਾ ਹੈ ਪਰ ਇਹ ਅਸਲੀਅਤ ਹੈ ਕਿ ਭਾਜਪਾ ਦੇ ਵੋਟ ਫ਼ੀਸਦੀ ਵਿਚ ਵਾਧਾ ਹੋਇਆ ਹੈ ਅਤੇ ਉਹ ਕਾਂਗਰਸ ਅਤੇ ਕਮਿਊਨਿਸਟ ਪਾਰਟੀ ਤੋਂ ਅੱਗੇ ਹੈ।

**ਪੰਜਾਬ 'ਚ ਦੋਫਾੜ ਹੋ ਸਕਦੀ ਏ 'ਆਪ' :** ਹੁਣ ਜਦੋਂ 'ਆਪ' ਨੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੋਂ ਸੁਖਪਾਲ ਸਿੰਘ ਖਹਿਰਾ ਨੂੰ ਹਟਾ ਦਿੱਤਾ ਹੈ ਤੇ ਖਹਿਰਾ ਬਾਗੀ ਮੂਡ ਵਿਚ ਹਨ। ਇਸ ਤੋਂ ਜਾਪਦਾ ਹੈ ਕਿ ਹੁਣ ਆਮ ਆਦਮੀ ਪਾਰਟੀ ਦਾ ਦੋਫਾੜ ਹੋਣਾ ਯਕੀਨੀ ਹੈ। ਖਹਿਰਾ ਦੇ ਸਾਥੀਆਂ



ਨੂੰ ਆਸ ਹੈ ਕਿ ਉਨ੍ਹਾਂ ਨਾਲ ਇਕ ਦਰਜਨ ਤੋਂ ਵਧੇਰੇ ਵਿਧਾਇਕ ਪਾਰਟੀ ਛੱਡ ਕੇ ਜਾ ਸਕਦੇ ਹਨ ਪਰ ਆਪ ਹਾਈ ਕਮਾਨ ਸਮਝਦੀ ਹੈ ਕਿ ਖਹਿਰਾ ਨਾਲ 4 ਤੋਂ 5 ਵਿਧਾਇਕ ਹੀ ਜਾਣਗੇ। ਪਤਾ ਲੱਗਾ ਹੈ ਕਿ ਪਾਰਟੀ ਨੇ ਅਚਾਨਕ ਖਹਿਰਾ ਨੂੰ ਹਟਾਉਣ ਦਾ ਫ਼ੈਸਲਾ ਦੋ ਕਾਰਨਾਂ ਕਰਕੇ ਲਿਆ ਹੈ। ਪਹਿਲਾ ਤਾਂ ਇਹ ਹੈ ਕਿ ਖਹਿਰਾ ਅਤੇ ਉਨ੍ਹਾਂ ਦੇ ਸਾਥੀ 'ਆਪ' ਦਾ ਕਾਂਗਰਸ ਨਾਲ ਸਮਝੌਤਾ ਕਿਸੇ ਕੀਮਤ 'ਤੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ ਤੇ ਦੂਸਰਾ ਅਜਿਹੀਆਂ 'ਸਰਗੋਸ਼ੀਆਂ' ਵੀ ਸੁਣਾਈ ਦੇ ਰਹੀਆਂ ਸਨ ਕਿ ਖਹਿਰਾ ਬੈਂਸ ਭਰਾਵਾਂ ਅਤੇ ਪੰਜਾਬ ਦੇ ਕੁਝ ਹੋਰ ਨੇਤਾਵਾਂ ਨਾਲ ਮਿਲ ਕੇ ਪੰਜਾਬ ਵਿਚ ਨਵੀਂ ਪਾਰਟੀ ਬਣਾਉਣ ਦੀਆਂ ਤਿਆਰੀਆਂ ਵਿਚ ਹਨ।

**ਅਕਾਲੀ ਦਲ ਦਾ ਪੰਥਕ ਮੋਹ ਜਾਗਿਆ :** ਅਕਾਲੀ ਦਲ ਬਾਦਲ ਆਪਣੀ ਗਵਾਚੀ ਸਾਖ਼ ਬਹਾਲ ਕਰਨ ਲਈ ਹੌਲੀ-ਹੌਲੀ ਫਿਰ ਪੰਜਾਬੀ ਦੀਆਂ ਪੁਰਾਣੀਆਂ ਮੰਗਾਂ ਨੂੰ ਉਭਾਰਨ ਦੀ ਰਾਜਨੀਤੀ ਵੱਲ ਪਰਤਣ ਲਈ ਪਰ ਤੋਲ ਰਿਹਾ ਹੈ। ਇਸ ਦੇ ਸੰਕੇਤ ਲੋਕ ਸਭਾ ਵਿਚ ਅਕਾਲੀ ਸੰਸਦ ਮੈਂਬਰ ਪ੍ਰੋ. ਪ੍ਰੇਮ



ਸਿੰਘ ਚੰਦੂਮਾਜਰਾ ਵਲੋਂ ਬੇਵਸਾਹੀ ਮਤੇ ਦੇ ਵਿਰੋਧ ਵਿਚ ਕੀਤੇ ਗਏ ਭਾਸ਼ਣ ਤੋਂ ਮਿਲਦੇ ਹਨ। ਇਸ ਭਾਸ਼ਣ ਵਿਚ ਪ੍ਰੋ. ਚੰਦੂਮਾਜਰਾ ਨੇ ਭਾਵੇਂ ਨਰਿੰਦਰ ਮੋਦੀ ਸਰਕਾਰ ਦੀਆਂ ਤਾਰੀਫ਼ਾਂ ਵੀ ਕੀਤੀਆਂ ਪਰ ਲੰਮੇ ਸਮੇਂ ਬਾਅਦ ਲੋਕ ਸਭਾ ਵਿਚ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਜਾਣ, ਪੰਜਾਬ ਦੇ ਹੈੱਡਵਰਕਸਾਂ 'ਤੇ ਕੇਂਦਰ ਸਰਕਾਰ ਦੇ ਕੰਟਰੋਲ, ਪੰਜਾਬ ਦੇ ਦਰਿਆਵਾਂ ਦੇ ਪਾਣੀ ਦੂਜੇ ਸੂਬਿਆਂ ਨੂੰ ਲੁਟਾਉਣ ਅਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਬਜਾਇ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾਉਣ ਦਾ ਜ਼ਿਕਰ ਕੀਤਾ ਗਿਆ ਹੈ। ਬੇਸ਼ੱਕ ਚੰਦੂਮਾਜਰਾ ਨੇ ਇਨ੍ਹਾਂ ਗੱਲਾਂ ਦਾ ਸਿਰਫ ਜ਼ਿਕਰ ਹੀ ਕੀਤਾ, ਕੋਈ ਪ੍ਰਸਤਾਵ ਨਹੀਂ ਲਿਆਂਦਾ, ਪਰ ਇਸ ਤੋਂ ਇਹ ਸੰਕੇਤ ਜ਼ਰੂਰ ਮਿਲਦੇ ਹਨ ਕਿ ਅਕਾਲੀ ਦਲ ਬਾਦਲ 2019 ਦੀਆਂ ਚੋਣਾਂ ਤੋਂ ਪਹਿਲਾਂ-ਪਹਿਲਾਂ ਪੰਜਾਬ ਦੀਆਂ ਮੰਗਾਂ ਨੂੰ ਫਿਰ ਤੋਂ ਉਭਾਰਨ ਅਤੇ ਇਨ੍ਹਾਂ ਨੂੰ ਆਮ ਚੋਣਾਂ ਵਿਚ ਇਕ ਹਥਿਆਰ ਦੇ ਰੂਪ ਵਿਚ ਵਰਤਣ ਬਾਰੇ ਜ਼ਰੂਰ ਕੋਈ ਵਿਚਾਰ ਕਰ ਰਿਹਾ ਹੈ ਤਾਂ ਜੋ ਉਹ ਪੰਜਾਬ ਤੇ ਪੰਥ ਵਿਚ ਆਪਣੀ ਗਵਾਚ ਚੁੱਕੀ ਸਾਖ ਬਹਾਲ ਕਰ ਸਕੇ।

**'ਆਪ' ਤੇ ਕਾਂਗਰਸ ਦਾ ਸਮਝੌਤਾ :** ਹਾਲਾਂ ਕਿ 'ਆਪ' ਸਿਰਫ ਕਾਂਗਰਸ ਨਾਲ ਹੀ ਸਮਝੌਤਾ ਨਹੀਂ ਕਰ ਰਹੀ, ਸਗੋਂ ਦੇਸ਼ ਭਰ ਵਿਚ ਬਣ ਰਹੇ ਭਾਜਪਾ ਵਿਰੋਧੀ ਗੱਠਜੋੜ ਦਾ ਹਿੱਸਾ ਬਣਨ ਜਾ ਰਹੀ ਹੈ। 'ਆਪ' 2019 ਦੀਆਂ ਚੋਣਾਂ ਵਿਚ ਸਿਰਫ ਦਿੱਲੀ, ਹਰਿਆਣਾ ਤੇ ਪੰਜਾਬ ਵਿਚ ਹੀ ਉਮੀਦਵਾਰ ਖੜ੍ਹੇ ਕਰੇਗੀ। ਇਨ੍ਹਾਂ ਤਿੰਨਾਂ ਰਾਜਾਂ ਵਿਚ ਵਿਰੋਧੀ ਧਿਰ ਵਜੋਂ ਕਾਂਗਰਸ ਹੀ ਪ੍ਰਮੁੱਖ ਪਾਰਟੀ ਹੈ, ਜਿਸ ਦਾ ਪੰਜਾਬ ਵਿਚ ਰਾਜ ਵੀ ਹੈ। 'ਆਪ' ਪਾਰਟੀ ਅਤੇ ਕਾਂਗਰਸ ਵਿਚ ਸਮਝੌਤੇ ਦੀ ਗੱਲ ਆਖਰੀ ਪੜਾਅ 'ਤੇ ਹੈ। ਇਸ ਦਾ ਵਿਰੋਧ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਅਤੇ ਦਿੱਲੀ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਜੇ ਮਾਕਨ ਕੁਝ ਨਿੱਜੀ ਕਾਰਨਾਂ ਕਰਕੇ ਕਰ ਰਹੇ ਦੱਸੇ ਜਾਂਦੇ ਹਨ। ਇਸ ਸਮਝੌਤੇ ਦੀ ਪਹਿਲੀ ਸ਼ਰਤ ਹੈ ਕਿ ਸਰਕਾਰ ਬਣਨ ਦੀ ਸਥਿਤੀ ਵਿਚ 'ਆਪ' ਪਾਰਟੀ ਨੂੰ ਦਿੱਲੀ ਵਿਚ ਰਾਜ ਕਰਨ ਲਈ ਖੁੱਲ੍ਹਾ ਹੱਥ ਦਿੱਤਾ ਜਾਵੇਗਾ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ 'ਆਪ' ਵੱਡੀ ਧਿਰ ਮੰਨਿਆ ਜਾਵੇਗਾ।



ਜਿਥੋਂ ਤੱਕ ਲੋਕ ਸਭਾ ਸੀਟਾਂ ਦੀ ਵੰਡ ਦੀ ਗੱਲ ਹੈ, ਉਸ ਪ੍ਰਤੀ ਦੋ ਵੱਖ-ਵੱਖ ਸੂਚਨਾਵਾਂ ਹਨ। ਪਹਿਲੀ ਇਹ ਕਿ 'ਆਪ' ਦਿੱਲੀ ਵਿਚ 4 ਲੋਕ ਸਭਾ ਸੀਟਾਂ 'ਤੇ ਚੋਣ ਲੜੇਗੀ ਤੇ ਕਾਂਗਰਸ 2 'ਤੇ ਤੇ ਇਕ ਸੀਟ ਬਸਪਾ ਨੂੰ ਦਿੱਤੀ ਜਾਵੇਗੀ। ਇਸ ਦਰਮਿਆਨ ਇਹ ਵੀ ਪਤਾ ਲੱਗਾ ਹੈ ਕਿ ਕਾਂਗਰਸ ਪੰਜਾਬ ਵਿਚ 'ਆਪ' ਪਾਰਟੀ ਨੂੰ ਦੋ ਸੀਟਾਂ ਛੱਡੇਗੀ ਤੇ ਹਰਿਆਣਾ ਵਿਚ ਵੀ ਇਕ ਜਾਂ ਦੋ ਸੀਟਾਂ ਦਿੱਤੀਆਂ ਜਾਣਗੀਆਂ। ਇਹ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਇਸ ਸਮਝੌਤੇ ਦਾ ਵਿਰੋਧ ਕਰਦੇ ਸਨ ਪਰ ਹਾਈ ਕਮਾਨ ਨਾਲ ਗੱਲ ਕਰਨ ਤੋਂ ਬਾਅਦ ਉਨ੍ਹਾਂ ਦੇ ਵਿਰੋਧ ਦੇ ਸੁਰ ਮੱਠੇ ਪੈ ਗਏ ਹਨ। ਪਰ ਪੰਜਾਬ ਵਿਚ 'ਆਪ' ਆਗੂ ਤੇ ਵਿਰੋਧੀ ਦੇ ਨੇਤਾ ਸੁਖਪਾਲ ਖਹਿਰਾ ਤੇ ਉਨ੍ਹਾਂ ਦੇ ਸਾਥੀ ਵਿਧਾਇਕ ਕਾਂਗਰਸ ਨਾਲ ਸਮਝੌਤੇ ਦਾ ਖੁੱਲ੍ਹ ਕੇ ਵਿਰੋਧ ਕਰ ਰਹੇ ਹਨ, ਜਦੋਂ ਕਿ ਹੁਣ ਉਨ੍ਹਾਂ ਦੇ ਵਿਰੋਧੀ ਮੰਨੇ ਜਾਂਦੇ ਅਤੇ 'ਆਪ' ਹਾਈ ਕਮਾਨ ਦੇ ਚਹੇਤੇ ਸਮਝੇ ਜਾਂਦੇ ਐਡਵੋਕੇਟ ਐਚ.ਐਸ. ਫੂਲਕਾ ਨੇ ਵੀ ਕਾਂਗਰਸ ਨਾਲ ਚੋਣ ਸਮਝੌਤੇ ਦਾ ਸਖ਼ਤ ਵਿਰੋਧ ਕੀਤਾ ਹੈ।

# ਬੀਜੇਪੀ ਭਾਰਤ ਨੂੰ ਤਬਾਹ ਕਰਨ ਦੇ ਰਾਹ 'ਤੇ ਤੁਰੀ

### *ਭਾਰਤ ਇੱਕ ਸਿਵਲ ਵਾਰ ਤੇ ਭਾਰੀ ਖ਼ੂਨ ਖਰਾਬੇ ਵਲ ਵਧ ਰਿਹਾ ਹੈ - ਮਮਤਾ ਬੈਨਰਜੀ*

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਭਾਰਤੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨਆਰਸੀ.) ਨੇ ਆਸਾਮ ਵਿੱਚ ਆਪਣੀ ਰਿਪੋਰਟ ਜਾਰੀ ਕਰ ਦਿੱਤੀ ਹੈ। ਐਨਆਰਸੀ. ਮੁਤਾਬਿਕ ਅਸਾਮ ਵਿੱਚ 40 ਲੱਖ ਲੋਕ ਗੈਰ-ਕਾਨੂੰਨੀ ਹਨ, ਜਿਹੜੇ ਕਿ ਸੰਨ 1972 ਤੋਂ ਬਾਅਦ ਆਏ ਹਨ। ਜ਼ਾਹਿਰ ਹੈ ਕਿ ਇਹ ਲਗਭਗ ਸਾਰੇ (ਕੁਝ ਕੁ ਨੂੰ ਛੱਡ ਕੇ) ਬੰਗਲਾਦੇਸ਼ੀ ਮੂਲ ਦੇ ਮੁਸਲਮਾਨ ਹਨ। 1947 ਤੋਂ ਪਹਿਲਾਂ ਅਸਾਮ ਸੂਬੇ ਵਿੱਚ ਉੱਤਰ-ਪੂਰਬ ਦੀਆਂ ਮੌਜੂਦਾ ਲਗਭਗ ਸਾਰੀਆਂ ਸਟੇਟਾਂ ਹੀ ਸ਼ਾਮਲ ਸਨ। ਸੰਨ 1963 ਵਿੱਚ ਅਸਾਮ ਕੱਟ ਕੇ ਨਾਗਾਲੈਂਡ ਬਣਾਇਆ ਗਿਆ, ਸੰਨ 1970 ਵਿੱਚ ਮੇਘਾਲਿਆ, ਸੰਨ 1972 ਵਿੱਚ ਅਰੁਣਾਚਲ ਪ੍ਰਦੇਸ਼ ਤੇ ਮਿਜ਼ੋਰਮ ਸਟੇਟਾਂ ਹੋਂਦ ਵਿੱਚ ਆਈਆਂ। ਬ੍ਰਿਟਿਸ਼ ਰਾਜ ਵਿੱਚ ਅਸਾਮ ਦੀ ਰਾਜਧਾਨੀ ਸ਼ਿਲਾਂਗ ਸੀ, ਜਿਹੜੀ ਕਿ ਹੁਣ ਮੇਘਾਲਿਆ ਦੀ ਰਾਜਧਾਨੀ ਹੈ। ਸੰਨ 2011 ਦੀ ਮਰਦਮਸ਼ੁਮਾਰੀ ਮੁਤਾਬਿਕ ਅਸਾਮ ਦੀ ਕੁੱਲ ਅਬਾਦੀ 31 ਮਿਲੀਅਨ ਦੇ ਲਗਭਗ ਹੈ। ਅਸਾਮ ਵਿੱਚ 61 ਫੀਸਦੀ ਹਿੰਦੂ ਅਤੇ 35 ਫੀਸਦੀ ਮੁਸਲਮਾਨ ਵਸਦੇ ਹਨ। ਅਸਾਮ ਦੇ ਕੁਲ 32 ਜ਼ਿਲ੍ਹਿਆਂ ਵਿੱਚੋਂ 9 ਵਿੱਚ ਮੁਸਲਮਾਨਾਂ ਦੀ ਬਹੁਗਿਣਤੀ ਹੈ, ਜਿਨ੍ਹਾਂ ਵਿੱਚ ਧੁਬਰੀ, ਗੋਲਪਾਰਾ, ਬਰਪੈਟਾ, ਮੋਰੀਗਾਉਂ, ਨਾਗਾਉਂ, ਕਰੀਮ ਗੰਜ, ਹੇਲਕੰਡੀ ਦਰੰਗ ਅਤੇ ਬੋਨੇਗਾਉਂ ਸ਼ਾਮਲ ਹਨ। ਅਸਾਮ ਵਿੱਚ ਆਬਾਦੀ ਦੇ ਆਦਾਨ-ਪ੍ਰਦਾਨ ਨੂੰ ਲੈ ਕੇ ਸੰਨ 1971 ਵਿੱਚ ਖਿੱਚੋਤਾਣ ਸ਼ੁਰੂ ਹੋਈ ਜਦੋਂ ਪੂਰਬੀ ਬੰਗਾਲ ਦੇ ਨੇਤਾ ਸ਼ੇਖ ਮੁਜੀਬਰ ਰਹਿਮਾਨ ਨੇ, ਪਾਕਿਸਤਾਨ ਤੋਂ ਅੱਡ ਹੋ ਕੇ 'ਬੰਗਲਾ ਦੇਸ਼' ਬਣਾਉਣ ਦਾ ਐਲਾਨ ਕੀਤਾ। ਭਾਰਤ ਨੇ ਨਾ-ਸਿਰਫ ਬੰਗਲਾਦੇਸ਼ ਨੂੰ ਮਾਨਤਾ ਹੀ ਦਿੱਤੀ ਬਲਕਿ ਫੌਜੀ ਸ਼ਕਤੀ ਦੀ ਵਰਤੋਂ ਕਰਕੇ ਬੰਗਲਾ ਦੇਸ਼ ਨੂੰ ਪਾਕਿਸਤਾਨੀ ਫੌਜ ਤੋਂ ਆਜ਼ਾਦ ਕਰਵਾਇਆ। ਭਾਵੇਂ ਕਿ ਸੰਨ 1950 ਦੇ ਨਹਿਰੂ-ਲਿਆਕਤ ਅਲੀ ਸਮਝੌਤੇ ਦੇ ਹੇਠਾਂ, ਅਸਾਮ ਅਤੇ ਪੂਰਬੀ ਬੰਗਾਲ ਦੇ ਲੋਕਾਂ ਵਿੱਚ ਆਉਣ-ਜਾਣ ਦਾ ਸਿਲਸਿਲਾ ਖੁੱਲ੍ਹਾ ਸੀ ਪਰ ਸੰਨ1971 ਤੋਂ ਬਾਅਦ ਇਸ ਵਿੱਚ ਤੇਜ਼ੀ ਆਈ। ਬੰਗਲਾਦੇਸ਼ ਦੇ 'ਇਸਲਾਮਿਕ ਰਾਜ' ਬਣਨ ਬਾਅਦ ਬੰਗਾਲੀ ਹਿੰਦੂ ਵੀ ਬੰਗਲਾਦੇਸ਼ ਤੋਂ ਹਿਜ਼ਰਤ ਕਰਕੇ ਆਸਾਮ ਵਿੱਚ ਆਉਣ ਲੱਗੇ। ਸੰਨ 1979 ਤੋਂ ਸੰਨ 1985 ਤੱਕ ਅਸਾਮ ਵਿੱਚ ਅਸਾਮ ਦੀ ਆਜ਼ਾਦੀ ਅਤੇ ਗੈਰ-ਕਾਨੂੰਨੀ ਲੋਕਾਂ ਦੀ ਹਿਜ਼ਰਤ ਖਿਲਾਫ ਇੱਕ ਹਿੰਸਕ ਲਹਿਰ ਚੱਲੀ, ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਗਏ। ਸੰਨ 1985 ਵਿੱਚ ਰਾਜੀਵ ਗਾਂਧੀ ਨਾਲ ਅਸਾਮੀ ਆਗੂਆਂ ਨੇ ਸਮਝੌਤਾ ਕੀਤਾ ਅਤੇ ਹਿੰਸਕ ਲਹਿਰ ਦਾ ਆਗੂ ਪ੍ਰਫੁੱਲਾ ਮਹੰਤਾ ਅਸਾਮ ਦਾ ਮੁੱਖ ਮੰਤਰੀ ਬਣਿਆ। ਭਾਵੇਂ ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਇਹ ਇੱਕ ਭੱਖਵਾਂ ਮੁੱਦਾ ਸੀ ਪਰ ਹਾਲ ਹੀ ਵਿੱਚ ਬਣੀ ਅਸਾਮ ਵਿੱਚ ਬੀਜੇਪੀ ਦੀ ਸਰਕਾਰ ਨੇ ਫਿਰਕੂ ਹਿੰਸਾ ਅਤੇ ਫਿਰਕੂ-ਨਫਰਤ ਦੀ ਨੀਤੀ 'ਤੇ ਚੱਲਦਿਆਂ ਕਾਹਲੀ ਵਿੱਚ ਐਨਆਰਸੀ. ਰਿਪੋਰਟ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿੱਚ ਲੱਖਾਂ ਜਾਇਜ਼ ਬਾਸ਼ਿੰਦਿਆਂ ਨੂੰ ਵੀ ਗੈਰ-ਕਾਨੂੰਨੀ ਬਣਾ ਦਿੱਤਾ ਗਿਆ ਹੈ। ਗੈਰ-ਕਾਨੂੰਨੀ ਐਲਾਨੇ ਲੋਕਾਂ ਵਿੱਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਫਕਰੁਦੀਨ ਅਲੀ ਅਹਿਮਦ ਦਾ ਪਰਿਵਾਰ ਵੀ ਸ਼ਾਮਲ ਹੈ। ਮਨੁੱਖੀ ਹੱਕਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਦਾ ਕਹਿਣਾ ਹੈ ਕਿ ਆਰਐਸਐਸ. ਵਲੋਂ ਬੜੀ ਡੂੰਘੀ ਸਾਜ਼ਿਸ਼ ਤਹਿਤ ਇਹ ਰਿਪੋਰਟ ਜਾਰੀ ਕਰਵਾਈ ਗਈ ਹੈ ਤਾਂ ਕਿ 40 ਲੱਖ ਮੁਸਲਮਾਨਾਂ ਨੂੰ ਗੈਰ-ਕਾਨੂੰਨੀ

ਬਾਕੀ ਸਫ਼ਾ 28 'ਤੇ

## ਕੁੜੀਆਂ ਦੀ ਹਾਕੀ 'ਚ ਹਾਲੈਂਡ ਦੀ ਸਰਦਾਰੀ ਬਰਕਰਾਰ



**ਲੰਡਨ/ਬਿਊਰੋ ਨਿਊਜ਼ :** ਮਹਿਲਾ ਹਾਕੀ ਵਿਸ਼ਵ ਕੱਪ ਟੂਰਨਾਮੈਂਟ ਦੇ ਫਾਈਨਲ ਵਿਚ ਹਾਲੈਂਡ ਨੇ ਇੱਥੇ ਹੇਠਲੇ ਦਰਜੇ ਦੀ ਟੀਮ ਆਇਰਲੈਂਡ ਨੂੰ 6-0 ਗੋਲਾਂ ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਉਹ ਲਗਾਤਾਰ ਦੂਜੀ ਵਾਰ ਵਿਸ਼ਵ ਚੈਂਪੀਅਨ ਬਣ ਗਿਆ। ਇਸ ਤੋਂ ਪਹਿਲਾਂ ਆਇਰਲੈਂਡ ਨੇ ਟੂਰਨਾਮੈਂਟ ਦੇ ਫਾਈਨਲ ਵਿਚ ਪਹੁੰਚ ਕੇ ਇਤਿਹਾਸ ਸਿਰਜਿਆ ਹੈ।

ਆਇਰਲੈਂਡ ਵਿਸ਼ਵ ਕੱਪ ਦੇ ਇਤਿਹਾਸ ਵਿਚ ਫਾਈਨਲ ਵਿਚ ਪਹੁੰਚਣ ਵਾਲੀ ਸਭ ਤੋਂ ਹੇਠਲੀ ਰੈਂਕਿੰਗ ਦੀ ਪਹਿਲੀ ਟੀਮ ਬਣ ਗਈ। ਹਾਲੈਂਡ ਵੱਲੋਂ ਆਇਰਲੈਂਡ ਖ਼ਿਲਾਫ਼ ਲਿਡਵਿਜ਼ ਵੈਲਟਨ (7ਵੇਂ ਮਿੰਟ), ਕੈਲੀ ਜੌਂਕਰ (19ਵੇਂ ਮਿੰਟ), ਵਾਨ ਮੇਲ ਕਿੱਟੀ (28ਵੇਂ ਮਿੰਟ), ਫੈਨਿਕਸ ਫਲੌਅ (30ਵੇਂ ਮਿੰਟ), ਕੀਟਲਜ਼ ਮਾਰਲੇਜ਼ (32ਵੇਂ ਮਿੰਟ) ਅਤੇ ਵਾਨ ਮਾਸਕੌਰ ਕਾਇਆ (34ਵੇਂ ਮਿੰਟ) ਨੇ ਲਗਾਤਾਰ ਇਕ-ਇਕ ਗੋਲ ਦਾਗਿਆ।

ਇਸ ਤੋਂ ਪਹਿਲਾਂ ਵਿਸ਼ਵ ਰੈਂਕਿੰਗ ਵਿਚ 16ਵੇਂ ਨੰਬਰ ਦੀ ਟੀਮ ਆਇਰਲੈਂਡ ਨੇ ਸੈਮੀ ਫਾਈਨਲ ਵਿੱਚ ਸਪੇਨ ਨੂੰ ਤੈਅ ਸਮੇਂ ਤਕ ਮੁਕਾਬਲਾ 1-1 ਨਾਲ ਬਰਾਬਰ ਰਹਿਣ ਮਗਰੋਂ ਪੈਨਲਟੀ ਸ਼ੂਟਆਊਟ ਵਿਚ 3-2 ਗੋਲਾਂ ਨਾਲ ਹਰਾਇਆ ਸੀ। ਇਸੇ ਤਰ੍ਹਾਂ ਦੂਜੇ ਸੈਮੀ ਫਾਈਨਲ ਵਿੱਚ ਮੌਜੂਦਾ ਚੈਂਪੀਅਨ ਹਾਲੈਂਡ ਨੇ ਆਸਟਰੇਲੀਆ ਨੂੰ ਤੈਅ ਸਮੇਂ ਤਕ ਮੁਕਾਬਲਾ 1-1 ਨਾਲ ਡਰਾਅ ਰਹਿਣ ਮਗਰੋਂ ਪੈਨਲਟੀ ਸ਼ੂਟਆਊਟ ਵਿਚ 3-1 ਗੋਲਾਂ ਨਾਲ ਹਰਾ ਕੇ ਫਾਈਨਲ ਵਿਚ ਪਹੁੰਚੀ ਸੀ। ਇਕ ਹੋਰ ਮੁਕਾਬਲੇ ਵਿਚ ਓਸਨੀਆ ਚੈਂਪੀਅਨ ਆਸਟਰੇਲੀਆ ਕਾਂਸੀ ਦੇ ਤਗਮੇ ਦੇ ਮੁਕਾਬਲੇ ਵਿਚ 11ਵੀਂ ਦਰਜਾ ਪ੍ਰਾਪਤ ਸਪੇਨ ਤੋਂ 1-3 ਗੋਲਾਂ ਨਾਲ ਹਾਰ ਗਈ। ਇਸ ਲਈ ਆਸਟਰੇਲੀਆ ਨੂੰ ਚੌਥੇ ਸਥਾਨ 'ਤੇ ਰਹਿ ਕੇ ਸਬਰ ਕਰਨਾ ਪਿਆ।

### ਆਸਟਰੇਲੀਆ

## ਪਰਵਾਸੀ ਕਿਰਤੀਆਂ ਦੀ ਲੁੱਟ ਰੋਕਣ ਲਈ ਸਖ਼ਤੀ

**ਸਿਡਨੀ/ਬਿਊਰੋ ਨਿਊਜ਼ :** ਪਰਵਾਸੀ ਕਾਮਿਆਂ ਦਾ ਆਰਥਿਕ ਸ਼ੋਸ਼ਣ ਰੋਕਣ ਲਈ ਆਸਟਰੇਲੀਆ ਸਰਕਾਰ ਸਖ਼ਤੀ ਕਰ ਰਹੀ ਹੈ। ਸਰਕਾਰ ਨੇ ਆਡਿਟ ਕਰਕੇ ਕਾਰੋਬਾਰੀਆਂ ਨੂੰ 616 ਕਾਮਿਆਂ ਦੇ ਕਰੀਬ 471904 ਡਾਲਰ ਵਾਪਸ ਦੇਣ ਲਈ ਮਜਬੂਰ ਕਰ ਦਿੱਤਾ ਹੈ। ਕਰੀਬ 72 ਫ਼ੀਸਦ ਕਾਰੋਬਾਰੀਆਂ ਨੇ ਕੰਮ ਦੇ ਸਥਾਨ 'ਤੇ ਨਿਯਮਾਂ ਦੀ ਉਲੰਘਣਾ ਕੀਤੀ ਸੀ। ਪਰਵਾਸੀ ਕਾਮਿਆਂ ਦਾ ਸ਼ੋਸ਼ਣ ਕਰਨ ਵਾਲਿਆਂ ਵਿਚ ਵੱਡੀ ਗਿਣਤੀ ਭਾਰਤੀ ਪਿਛੋਕੜ ਵਾਲਿਆਂ ਦੀ ਹੈ। ਜਾਣਕਾਰੀ ਅਨੁਸਾਰ ਫੇਅਰ ਵਰਕ ਇਸਪੈਕਟਰਾਂ ਨੇ ਸਿਡਨੀ ਸਮੇਤ ਹੋਰ ਸ਼ਹਿਰਾਂ ਵਿਚ 243 ਵਪਾਰਕ ਥਾਵਾਂ ਦਾ ਦੌਰਾ ਕੀਤਾ। ਇਸਪੈਕਟਰਾਂ ਨੇ ਸਟਾਫ਼ ਨਾਲ ਇੰਟਰਵਿਊ ਕੀਤੀ ਤੇ ਰੁਜ਼ਗਾਰ ਦੇ ਰਿਕਾਰਡਾਂ ਦੀ ਜਾਂਚ ਕੀਤੀ, ਜਿਸ ਦੌਰਾਨ ਬੇਨਿਯਮੀਆਂ ਪਾਈਆਂ ਗਈਆਂ। ਫੇਅਰ ਵਰਕ ਇਸਪੈਕਟਰਾਂ ਨੇ ਐਲਾਨ ਕੀਤਾ ਕਿ ਉਹ ਪੀੜਤ ਵਰਕਰ ਸਾਹਮਣੇ ਆਉਣ ਜਿਨ੍ਹਾਂ ਦਾ ਆਰਥਿਕ ਸ਼ੋਸ਼ਣ ਹੋਇਆ ਹੈ ਤੇ ਨਿਰਧਾਰਿਤ ਨਾਲੋਂ ਘੱਟ ਤਨਖ਼ਾਹ ਮਿਲੀ ਹੈ। ਸਬੰਧਤ ਅਧਿਕਾਰੀ ਨੈਟਾਲੀ ਜੇਮਜ਼ ਨੇ ਕਿਹਾ ਕਿ ਜਿਨ੍ਹਾਂ ਨੂੰ ਉਨ੍ਹਾਂ ਦਾ ਮਿਹਨਤਾਨਾ ਪੂਰਾ ਨਹੀਂ ਮਿਲਿਆ, ਉਹ ਅੱਗੇ ਆਉਣ ਅਤੇ ਆਪਣੀ ਰਾਸ਼ੀ ਪ੍ਰਾਪਤ ਕਰਨ ਲਈ ਅਰਜ਼ੀ ਦਾਖ਼ਲ ਕਰਨ।



# ਹਾਕੀ ਦਾ ਸਰਦਾਰ- ਬਲਬੀਰ ਸਿੰਘ ਸੀਨੀਅਰ

**ਜਗਜੀਤ ਸਿੰਘ 'ਗਣੇਸ਼ਪੁਰ'**
94655 76022



**ਆਪਣੇ ਦੇਸ਼ ਨਾਲ ਅਥਾਹ ਪਿਆਰ ਅਤੇ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਵਾਲੇ ਇਸ ਮਹਾਨ ਖਿਡਾਰੀ ਨੂੰ 'ਭਾਰਤ ਰਤਨ' ਦਿਵਾਉਣ ਲਈ ਕਈ ਮੁਹਿੰਮਾਂ ਚਲਾਈਆਂ ਗਈਆਂ ਪਰ ਹਾਲੇ ਤੱਕ ਉਨ੍ਹਾਂ ਨੂੰ ਇਹ ਸਨਮਾਨ ਨਹੀਂ ਦਿੱਤਾ ਗਿਆ। ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਦੇਖਦੇ ਹੋਏ ਇਹੀ ਕਿਹਾ ਜਾ ਸਕਦਾ ਹੈ ਕਿ ਉਹ ਇਸ ਸਨਮਾਨ ਦੇ ਹੱਕਦਾਰ ਹਨ।**

ਕਦੇ ਸਮਾਂ ਸੀ ਕਿ ਪੂਰੀ ਦੁਨੀਆ ਵਿੱਚ ਭਾਰਤੀ ਹਾਕੀ ਟੀਮ ਦੀ ਤੂਤੀ ਬੋਲਦੀ ਸੀ ਅਤੇ ਭਾਰਤੀ ਟੀਮ ਵਿਚ ਸਰਦਾਰ ਖਿਡਾਰੀਆਂ ਦਾ ਬੋਲਬਾਲਾ ਸੀ। ਅੰਤਰਰਾਸ਼ਟਰੀ ਪੱਧਰ 'ਤੇ 18 ਦੇਸ਼ਾਂ ਦੀਆਂ ਰਾਸ਼ਟਰੀ ਟੀਮਾਂ ਵਿਚ ਸਿੱਖ ਖਿਡਾਰੀ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਸਿੱਖ ਖਿਡਾਰੀਆਂ ਦੇ ਭਾਰਤੀ ਟੀਮ ਵਿਚ ਪਾਏ ਯੋਗਦਾਨ ਦਾ ਇਸ ਤੱਥ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 1928 ਤੋਂ ਲੈ ਕੇ ਸੋਨਾ ਤਗਮਾ ਜੇਤੂ ਹਰੇਕ ਭਾਰਤੀ ਟੀਮ ਦਾ ਹਿੱਸਾ ਰਹੇ। ਸੰਨ 1968 'ਚ ਮੈਕਸੀਕੋ ਓਲੰਪਿਕ ਵਿੱਚ ਕੁੱਲ 18 ਖਿਡਾਰੀਆਂ ਵਿਚ 13 ਸਿੱਖ ਖਿਡਾਰੀ ਸਨ। ਸਿੱਖ ਸਰਦਾਰ ਓਲੰਪਿਕ, ਵਿਸ਼ਵ ਕੱਪ, ਚੈਂਪੀਅਨਜ਼ ਟਰਾਫ਼ੀ ਅਤੇ ਏਸ਼ੀਅਨ ਖੇਡਾਂ ਵਿੱਚ ਭਾਰਤੀ ਟੀਮ ਦੇ ਕਪਤਾਨ ਵਜੋਂ ਨੁਮਾਇੰਦਗੀ ਕਰ ਚੁੱਕੇ ਹਨ। ਇਨ੍ਹਾਂ ਵਿੱਚੋਂ ਹੀ ਇਕ ਭਾਰਤੀ ਟੀਮ ਦੇ ਸਫਲ ਕਪਤਾਨ ਅਤੇ ਮਹਾਨ ਸੈਂਟਰ ਫਾਰਵਰਡ ਖਿਡਾਰੀ ਰਹੇ ਸ. ਬਲਬੀਰ ਸਿੰਘ ਸੀਨੀਅਰ ਹਨ ਜਿਨ੍ਹਾਂ ਨੇ ਆਪਣੀ ਖੇਡ ਕਲਾ ਦੀ ਧਾਂਕ ਪੂਰੀ ਦੁਨੀਆ ਵਿਚ ਪਾਈ। ਉਨ੍ਹਾਂ ਦਾ ਪੂਰਾ ਨਾਮ ਬਲਬੀਰ ਸਿੰਘ ਦੁਸਾਂਝ ਹੈ ਪਰ ਪੂਰੀ ਦੁਨੀਆ ਉਨ੍ਹਾਂ ਨੂੰ ਬਲਬੀਰ ਸਿੰਘ ਸੀਨੀਅਰ ਦੇ ਨਾਮ ਨਾਲ ਜਾਣਦੀ ਹੈ। ਸ. ਬਲਬੀਰ ਸਿੰਘ ਜੀ ਦਾ ਜਨਮ 31/12/1923 ਨੂੰ ਉਨ੍ਹਾਂ ਦੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਸ. ਦਲੀਪ ਸਿੰਘ ਇਕ ਅਜ਼ਾਦੀ ਘੁਲਾਟੀਏ ਸਨ ਅਤੇ ਮਾਤਾ ਜੀ ਦਾ ਨਾਮ ਕਰਮ ਕੌਰ ਸੀ। ਸ. ਬਲਬੀਰ ਸਿੰਘ ਦਾ ਜੱਦੀ ਪਿੰਡ ਪੁਆਦੜਾ ਹੈ ਜੋ ਕਿ ਜ਼ਿਲ੍ਹਾ ਜਲੰਧਰ ਵਿਚ ਹੀ ਪੈਂਦਾ ਹੈ।ਬਲਬੀਰ ਸਿੰਘ ਜੀ ਨੇ ਮੋਗੇ ਦੇ ਦੇਵ ਸਮਾਜ ਸਕੂਲ ਵਿਖੇ ਆਪਣੇ ਖੇਡ ਜੀਵਨ ਦੀ ਸ਼ੁਰੂਆਤ ਗੋਲ-ਕੀਪਰ ਵਜੋਂ ਕੀਤੀ ਪਰ ਬਾਅਦ ਵਿਚ ਉਹ ਫਾਰਵਰਡ ਲਾਈਨ ਵਿਚ ਖੇਡਣ ਲੱਗੇ। ਸ. ਹਰਬੇਲ ਸਿੰਘ ਜੋ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਹਾਕੀ ਟੀਮ ਦੇ ਕੋਚ ਸਨ, ਉਹ ਬਲਬੀਰ ਸਿੰਘ ਦੀ ਖੇਡ ਕਲਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦੇ ਜ਼ੋਰ ਦੇਣ 'ਤੇ ਬਲਬੀਰ ਸਿੰਘ ਸੰਨ 1942 'ਚ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਆ ਕੇ ਉਨ੍ਹਾਂ ਦੀ ਦੇਖ ਰੇਖ ਵਿਚ ਹਾਕੀ ਖੇਡਣ ਲੱਗੇ। ਸੰਨ 1942 'ਚ ਹੀ ਉਨ੍ਹਾਂ ਦੀ ਪੰਜਾਬ ਯੂਨੀਵਰਸਿਟੀ ਦੀ ਟੀਮ ਵਿਚ ਚੋਣ ਹੋਈ ਅਤੇ ਉਨ੍ਹਾਂ ਦੀ ਕਪਤਾਨੀ ਦੇ ਅੰਦਰ ਹੀ ਯੂਨੀਵਰਸਿਟੀ ਲਗਾਤਾਰ ਸੰਨ 1943,44,45 ਵਿਚ ਇੰਟਰ ਯੂਨੀਵਰਸਿਟੀ ਖ਼ਿਤਾਬ ਜਿੱਤਣ ਵਿਚ ਕਾਮਯਾਬ ਰਹੀ। ਉਹ ਵੰਡ ਤੋਂ ਪਹਿਲਾਂ ਦੇ ਪੰਜਾਬ ਦੀ ਸੰਨ 1947 'ਚ ਨੈਸ਼ਨਲ ਚੈਂਪੀਅਨ ਜਿੱਤਣ ਵਾਲੀ ਟੀਮ ਦੇ ਖਿਡਾਰੀ ਵੀ ਰਹੇ। ਪੰਜਾਬ ਪੁਲਿਸ ਵਿਚ ਨੌਕਰੀ ਕਰਦੇ ਉਨ੍ਹਾਂ ਨੇ ਸੰਨ 1941 ਤੋਂ ਸੰਨ 1961 ਤੱਕ ਪੰਜਾਬ ਪੁਲਿਸ ਹਾਕੀ ਟੀਮ ਦੀ ਕਪਤਾਨੀ ਵੀ ਕੀਤੀ।

ਉਨ੍ਹਾਂ ਨੇ ਆਪਣੀ ਪਹਿਲੀ ਲੰਡਨ ਓਲੰਪਿਕ ਸੰਨ 1948 'ਚ ਆਪਣੇ ਪਹਿਲੇ ਹੀ ਮੈਚ ਵਿੱਚ ਅਰਜਨਟੀਨਾ ਖ਼ਿਲਾਫ਼ 6 ਗੋਲ ਕੀਤੇ ਅਤੇ ਹੈਟ੍ਰਿਕ ਵੀ ਬਣਾਈ। ਫਾਈਨਲ ਮੈਚ ਵਿਚ ਭਾਰਤ ਨੇ ਬਰਤਾਨੀਆ ਦੀ ਟੀਮ ਨੂੰ ਉਸ ਦੇ ਹੀ ਖੇਡ ਮੈਦਾਨ ਅੰਦਰ 4-0 ਨਾਲ ਹਰਾਇਆ, ਇਸ ਵਿੱਚ ਬਲਬੀਰ ਸਿੰਘ ਦੇ ਵੀ 2 ਸ਼ਾਨਦਾਰ ਗੋਲ ਸ਼ਾਮਿਲ ਸਨ। ਇਸ ਓਲੰਪਿਕ ਵਿਚ ਸ. ਬਲਬੀਰ ਸਿੰਘ ਨੂੰ ਖੇਡ ਰਾਜਨੀਤੀ ਦਾ ਵੀ ਸ਼ਿਕਾਰ ਹੋਣਾ ਪਿਆ ਤੇ ਉਹ ਕੁਝ ਮੈਚ ਨਹੀਂ ਖੇਡ ਸਕੇ।ਸੰਨ 1952 'ਚ ਹੈਲਸਿੰਕੀ, ਫਿਨਲੈਂਡ ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਉਨ੍ਹਾਂ ਨੂੰ ਭਾਰਤੀ ਖੇਡ ਦਲ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਅਤੇ ਉਹ ਭਾਰਤੀ ਹਾਕੀ ਟੀਮ ਦੇ ਵਾਈਸ ਕੈਪਟਨ ਵਜੋਂ ਖੇਡੇ। ਇਸ ਓਲੰਪਿਕ ਵਿਚ ਬਰਤਾਨੀਆ ਖ਼ਿਲਾਫ਼ ਸੈਮੀ ਫਾਈਨਲ ਵਿਚ ਉਨ੍ਹਾਂ ਨੇ ਇਕ ਵਾਰ ਫਿਰ ਹੈਟ੍ਰਿਕ ਬਣਾਈ। ਇਹ ਮੈਚ ਭਾਰਤ ਨੇ ਬਲਬੀਰ ਸਿੰਘ ਦੇ ਹੀ ਤਿੰਨ ਗੋਲਾਂ ਨਾਲ ਜਿੱਤਿਆ। ਫਾਈਨਲ ਵਿਚ ਉਨ੍ਹਾਂ ਨੇ ਜੋ ਰਿਕਾਰਡ ਬਣਾਇਆ ਉਹ ਅੱਜ ਵੀ ਕਾਇਮ ਹੈ ਜਦੋਂ ਬਲਬੀਰ ਸਿੰਘ ਨੇ ਇਕ ਤੋਂ ਬਾਅਦ ਇਕ ਪੰਜ ਗੋਲ ਕਰਕੇ ਭਾਰਤ ਨੂੰ ਨੀਦਰਲੈਂਡ ਖ਼ਿਲਾਫ਼ 6-1 ਨਾਲ ਵੱਡੀ ਜਿੱਤ ਦਿਵਾਉਣ ਵਿਚ ਮੁੱਖ ਭੂਮਿਕਾ ਨਿਭਾਈ। ਇਸ ਰਿਕਾਰਡ ਲਈ ਉਨ੍ਹਾਂ ਦਾ ਨਾਮ ਗਿੰਨਿਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਦਰਜ ਹੈ। ਇਸ ਹੀ ਓਲੰਪਿਕ ਵਿਚ ਇਕ ਰੋਚਕ ਘਟਨਾ ਵੀ ਵਾਪਰੀ ਜਦੋਂ ਇਕ ਮਹਿਲਾ ਪ੍ਰਸ਼ੰਸਕ ਨੇ ਬਲਬੀਰ ਸਿੰਘ ਦੀ ਜਰਸੀ ਦਾ 13 ਨੰਬਰ ਹੋਣ ਕਾਰਨ ਉਸ ਨੂੰ ਕਿਹਾ ਕਿ ਇਹ ਨੰਬਰ ਸ਼ੁਭ ਨਹੀਂ ਮੰਨਿਆ ਜਾਂਦਾ ਪਰ ਬਲਬੀਰ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ ਕਿ ਸਾਡੀ ਸੰਸਕ੍ਰਿਤੀ ਅਨੁਸਾਰ 13 ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ ਇਸ ਲਈ ਇਹ ਮੇਰੇ ਲਈ ਅਸ਼ੁਭ ਨਹੀਂ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਓਲਪਿੰਕ ਵਿਚ ਭਾਰਤੀ ਟੀਮ ਨੇ ਕੁੱਲ ਗੋਲ ਵੀ 13 ਹੀ ਕੀਤੇ ਜਿਸ ਵਿਚ ਬਲਬੀਰ ਸਿੰਘ ਦੇ 9 ਗੋਲ ਸ਼ਾਮਿਲ ਸਨ।

ਸੰਨ 1956 'ਚ ਮੈਲਬੌਰਨ (ਆਸਟ੍ਰੇਲੀਆ) ਵਿਚ ਹੋਈਆਂ ਓਲੰਪਿਕ ਖੇਡਾਂ ਵਿੱਚ ਬਲਬੀਰ ਸਿੰਘ ਨੂੰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ। ਉਨ੍ਹਾਂ ਨੇ ਆਪਣੇ ਪਹਿਲੇ ਹੀ ਮੈਚ ਵਿਚ ਅਫ਼ਗਾਨਿਸਤਾਨ ਖ਼ਿਲਾਫ਼ ਪੰਜ ਗੋਲ ਕੀਤੇ ਪਰ ਬਦਕਿਸਮਤੀ ਨਾਲ ਸੱਟ ਲੱਗਣ ਕਾਰਨ ਲੀਗ ਮੈਚ ਖੇਡ ਨਹੀਂ ਸਕੇ ਅਤੇ ਰਣਧੀਰ ਸਿੰਘ ਨੇ ਇਨ੍ਹਾਂ ਮੁਕਾਬਲਿਆਂ ਵਿਚ ਕਪਤਾਨੀ ਦੀ ਜ਼ਿੰਮੇਵਾਰੀ ਨਿਭਾਈ। ਬਲਬੀਰ ਸਿੰਘ ਇਸ ਤੋਂ ਬਾਅਦ ਹੋਏ ਸੈਮੀ ਫਾਈਨਲ ਅਤੇ ਫਾਈਨਲ ਮੁਕਾਬਲਾ ਖੇਡੇ। ਭਾਰਤ ਨੇ ਸੋਨ ਤਗਮਾ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 1-0 ਨਾਲ ਹਰਾ ਕੇ ਜਿੱਤਿਆ। ਉਨ੍ਹਾਂ ਨੂੰ ਤਿੰਨ ਵਾਰ ਓਲੰਪਿਕ ਜੇਤੂ ਟੀਮ ਦਾ ਹਿੱਸਾ ਹੋਣ ਕਾਰਨ ਗੋਲਡਨ ਹੈਟ੍ਰਿਕ ਵਾਲਾ ਬਲਬੀਰ ਵੀ ਕਿਹਾ ਜਾਣ ਲੱਗਾ। ਸੰਨ 1957 'ਚ ਸ. ਬਲਬੀਰ ਸਿੰਘ ਖੇਡ ਵਰਗ ਵਿਚ ਪਦਮ ਸ਼੍ਰੀ ਪ੍ਰਾਪਤ ਕਰਨ ਵਾਲੇ ਪਹਿਲੇ ਖਿਡਾਰੀ ਬਣੇ। ਉਹ ਸੰਨ 1958 ਅਤੇ ਸੰਨ 1962 ਦੀ ਚਾਂਦੀ ਦਾ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਮੈਂਬਰ ਵੀ ਰਹੇ। ਸੰਨ 1971 ਦੀ ਵਿਸ਼ਵ ਕੱਪ ਵਿਚ ਤਾਂਬੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਉਹ ਕੋਚ ਰਹੇ ਅਤੇ ਸੰਨ 1975 ਦੀ ਵਿਸ਼ਵ ਕੱਪ ਵਿਜੇਤਾ ਟੀਮ ਦੇ ਉਹ ਚੀਫ਼ ਕੋਚ ਅਤੇ ਮੈਨੇਜਰ ਰਹੇ। ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀ ਮੌਤ ਹੋਣ ਅਤੇ ਆਪਣੀ ਧਰਮ ਪਤਨੀ ਸੁਸ਼ੀਲ ਕੌਰ ਨੂੰ ਬਰੇਨ ਸਟ੍ਰੋਕ ਹੋਣ ਦੇ ਬਾਵਜੂਦ ਭਾਰਤੀ ਟੀਮ ਦੀ ਸਿਖਲਾਈ ਵਿਚ ਕੋਈ ਵਿਘਨ ਨਹੀਂ ਆਉਣ ਦਿਤਾ। ਉਹ ਕਹਿੰਦੇ ਕਿ ਦੇਸ਼ ਸਭ ਤੋਂ ਪਹਿਲਾਂ, ਉਨ੍ਹਾਂ ਦੇ ਇਸ ਜਜ਼ਬੇ ਦੇ ਫਲਸਰੂਪ ਹੀ ਭਾਰਤੀ ਟੀਮ ਸੰਨ 1975 'ਚ ਵਿਸ਼ਵ ਵਿਜੇਤਾ ਬਣੀ। ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀ ਖੇਡ ਉਪਲਬਧੀਆਂ ਲਈ ਕਈ ਮਾਣ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਸੰਨ 1958 'ਚ ਡੋਮੈਨਿਕ ਗਣਰਾਜ ਦੁਆਰਾ ਸੰਨ 1956 ਦੇ ਓਲੰਪਿਕ ਦੀ ਯਾਦਗਾਰ ਮਨਾਉਣ ਲਈ ਉਨ੍ਹਾਂ 'ਤੇ ਡਾਕ ਟਿਕਟ ਵੀ ਜਾਰੀ ਕੀਤਾ ਗਿਆ। ਸੰਨ 1982 'ਚ ਨਵੀਂ ਦਿੱਲੀ ਵਿਚ ਹੋਈਆਂ ਏਸ਼ੀਅਨ ਖੇਡਾਂ ਮੌਕੇ ਉਨ੍ਹਾਂ ਦੁਆਰਾ ਹੀ ਖੇਡਾਂ ਦੀ ਮਸ਼ਾਲ ਨੂੰ ਰੌਸ਼ਨ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਸੰਨ 1982 ਵਿਚ ਪੈਟਰੋਇਟ ਅਖ਼ਬਾਰ ਦੁਆਰਾ ਕਰਵਾਏ ਗਏ ਇਕ ਕੌਮੀ ਸਰਵੇਖਣ ਵਿਚ ਉਨ੍ਹਾਂ ਨੂੰ ਸਦੀ ਦੇ ਮਹਾਨ ਭਾਰਤੀ ਖਿਡਾਰੀ ਵਜੋਂ ਚੁਣਿਆ ਗਿਆ।

ਸੰਨ 2006 'ਚ ਉਨ੍ਹਾਂ ਨੂੰ ਸਭ ਤੋਂ ਸਰਵੋਤਮ ਸਿੱਖ ਹਾਕੀ ਖਿਡਾਰੀ ਦੇ ਸਨਮਾਨ ਨਾਲ ਨਿਵਾਜਿਆ ਗਿਆ। ਸੰਨ 2012 'ਚ ਉਹ ਏਸ਼ੀਆ ਮਹਾਂਦੀਪ ਤੋਂ ਇਕਲੌਤੇ ਖਿਡਾਰੀ ਬਣੇ, ਜਿਨ੍ਹਾਂ ਨੂੰ ਕਿ ਕੌਮਾਂਤਰੀ ਓਲੰਪਿਕ ਕਮੇਟੀ ਨੇ ਓਲੰਪਿਕ ਇਤਿਹਾਸ ਦੇ 16 ਆਈਕਾਨ ਖਿਡਾਰੀਆਂ ਵਿਚ ਸ਼ਾਮਿਲ ਕੀਤਾ, ਜਿਨ੍ਹਾਂ ਵਿਚ ਅੱਠ ਪੁਰਸ਼ ਅਤੇ ਅੱਠ ਮਹਿਲਾ ਖਿਡਾਰੀ ਸ਼ਾਮਲ ਸਨ। ਸੰਨ 2015 'ਚ ਸ. ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਮੇਜਰ ਧਿਆਨ ਚੰਦ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਦੋ ਕਿਤਾਬਾਂ ਵੀ ਲਿਖੀਆਂ "ਦੀ ਗੋਲਡਨ ਹੈਟ੍ਰਿਕ (1977)" ਅਤੇ "ਦੀ ਗੋਲਡਨ ਯਾਰਡ ਸਟਿੱਕ (2008)", ਜਿਨ੍ਹਾਂ ਵਿਚ ਪਹਿਲੀ ਉਨ੍ਹਾਂ ਦੀ ਸਵੈਜੀਵਨੀ ਹੈ। ਉਹ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਵਜੋਂ ਵੀ ਆਪਣੀਆਂ ਸੇਵਾ ਨਿਭਾ ਚੁੱਕੇ ਹਨ। ਉਹ ਅੱਜਕੱਲ੍ਹ ਚੰਡੀਗੜ੍ਹ ਵਿਚ ਰਹਿ ਰਹੇ ਹਨ। ਸੰਨ 2016 'ਚ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ "ਪੰਜਾਬ ਯੂਨੀਵਰਸਿਟੀ ਖੇਲ ਰਤਨ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਸ. ਬਲਬੀਰ ਸਿੰਘ ਜੀ ਦੀਆਂ ਹੁਣ ਦੋ ਇੱਛਾਵਾਂ ਹਨ, ਇਕ ਤਾਂ ਉਹ ਭਾਰਤੀ ਹਾਕੀ ਟੀਮ ਦੇ ਓਲੰਪਿਕ ਵਿਚ ਸੋਨ ਤਗਮਾ ਜਿੱਤਦੇ ਦੇਖਣਾ ਚਾਹੁੰਦੇ ਹਨ ਤੇ ਦੂਜੀ ਉਨ੍ਹਾਂ ਦੇ ਮੈਡਲ ਅਤੇ ਬਲੈਜ਼ਰ ਜੋ ਕਿ ਸਪੋਰਟਸ ਅਥਾਰਿਟੀ ਆਫ਼ ਇੰਡੀਆ ਨੂੰ ਸਪੋਰਟਸ ਮਿਊਜ਼ੀਅਮ ਵਿਚ ਰੱਖਣ ਨੂੰ ਦਿੱਤੇ ਸਨ, ਜੋ ਸ਼ਾਇਦ ਲਾਪਤਾ ਹੋ ਗਏ ਹਨ, ਉਹ ਉਨ੍ਹਾਂ ਨੂੰ ਵਾਪਸ ਮਿਲ ਜਾਣ। ਆਪਣੇ ਦੇਸ਼ ਨਾਲ ਅਥਾਹ ਪਿਆਰ ਅਤੇ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਵਾਲੇ ਇਸ ਮਹਾਨ ਖਿਡਾਰੀ ਨੂੰ 'ਭਾਰਤ ਰਤਨ' ਦਿਵਾਉਣ ਲਈ ਕਈ ਮੁਹਿੰਮਾਂ ਚਲਾਈਆਂ ਗਈਆਂ ਪਰ ਹਾਲੇ ਤੱਕ ਉਨ੍ਹਾਂ ਨੂੰ ਇਹ ਸਨਮਾਨ ਨਹੀਂ ਦਿੱਤਾ ਗਿਆ। ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਦੇਖਦੇ ਹੋਏ ਇਹੀ ਕਿਹਾ ਜਾ ਸਕਦਾ ਹੈ ਕਿ ਉਹ ਇਸ ਸਨਮਾਨ ਦੇ ਹੱਕਦਾਰ ਹਨ।

### ਪਾਠਕਾਂ ਦੀ ਸੱਥ

# ਦੋਗਲਾਪਣ

**ਸੁਖਜੀਤ ਕੌਰ**
98148-78835

ਪੰਜਾਬੀ ਭਾਸ਼ਾ ਨਾਲ ਮੁਹੱਬਤ ਰੱਖਣ ਵਾਲੇ ਬੁੱਧੀਜੀਵੀਆਂ ਦੀ, ਪੰਜਾਬੀ ਭਾਸ਼ਾ ਦੀ ਦਿਨੋ ਦਿਨ ਹੋ ਰਹੀ ਦੁਰਗਤੀ ਸਬੰਧੀ ਟੀਚਰ ਹੋਮ ਵਿਚ ਹੋਣ ਵਾਲੀ ਮੀਟਿੰਗ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ । ਭਾਗ ਲੈਣ ਵਾਲੇ ਜ਼ਿਆਦਾਤਰ ਮੈਂਬਰ ਅਧਿਆਪਕ ਵਰਗ ਨਾਲ ਸਬੰਧਿਤ ਸਨ । ਮੈਂ ਇਥੇ ਇੱਕ ਅਧਿਆਪਕ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਈ ।ਉਹਨਾਂ ਦੇ ਵਿਚਾਰਾਂ ਤੋਂ, ਉਹਨਾਂ ਦਾ ਆਪਣੀ ਮਾਂ ਬੋਲੀ ਪ੍ਰਤੀ ਪਿਆਰ ਸਾਫ਼ ਝਲਕ ਰਿਹਾ ਸੀ ਅਤੇ ਮਾਤ ਭਾਸ਼ਾ ਦੀ ਹੋ ਰਹੀ ਅਣਦੇਖੀ ਪ੍ਰਤੀ ਦਰਦ ਵੀ ਮਹਿਸੂਸ ਹੋ ਰਿਹਾ ਸੀ । ਕੁਝ ਦਿਨਾਂ ਬਾਅਦ ਆਪਣੀ ਇਕ ਸਾਥੀ ਅਧਿਆਪਕਾ ਨਾਲ ਉਸ ਅਧਿਆਪਕ ਦੇ ਘਰ ਜਾਣ ਦਾ ਮੌਕਾ ਮਿਲਿਆ । ਉਹ ਬਹੁਤ ਪਿਆਰ ਤੇ ਸਤਿਕਾਰ ਨਾਲ ਮਿਲੇ ।ਫਿਰ ਸਾਡੇ ਵਿਚਕਾਰ ਮਾਤ ਭਾਸ਼ਾ ਦੇ ਵਿਸ਼ੇ 'ਤੇ ਹੀ ਗੱਲਬਾਤ ਹੋਣ ਲੱਗੀ । ਕੁਝ ਸਮੇਂ ਬਾਅਦ ਉਹਨਾਂ ਦੀ ਪੰਜ ਕੁ ਸਾਲ ਦੀ ਬੇਟੀ ਖੇਡਦੀ-ਖੇਡਦੀ ਉਹਨਾਂ ਕੋਲ ਆਈ ਤੇ ਕੁਝ ਦੱਸਣ ਲੱਗੀ ਜੋ ਸਕੂਲ ਵਿਚ ਉਹਨਾਂ ਦੇ ਅਧਿਆਪਕ ਨੇ ਕਿਹਾ ਸੀ ।ਮੈਂ ਉਸ ਦੀ ਮਿੱਠੀ ਪੰਜਾਬੀ ਬੋਲੀ ਦੀ ਅਜੇ ਤਾਰੀਫ਼ ਹੀ ਕਰਨ ਲੱਗੀ ਸੀ ਕਿ ਉਸ ਅਧਿਆਪਕ ਨੇ ਆਪਣੀ ਬੇਟੀ ਦੇ ਥੱਪੜ ਮਾਰਦਿਆਂ ਕਿਹਾ, "ਤੈਨੂੰ ਐਨੀਆਂ ਫੀਸਾਂ ਭਰ ਕੇ ਮਹਿੰਗੇ ਸਕੂਲ 'ਚ ਪੜ੍ਹਾ ਰਹੇ ਹਾਂ । ਤੈਨੂੰ ਕਿੰਨੇ ਵਾਰ ਕਿਹਾ ਕਿ ਹਿੰਦੀ ਜਾਂ ਅੰਗਰੇਜ਼ੀ ਵਿਚ ਗੱਲ ਕਰਿਆ ਕਰ ।" ਉਸ ਅਧਿਆਪਕ ਦੇ ਅਜਿਹੇ ਦੋਗਲੇਪਨ ਨੂੰ ਦੇਖ ਕੇ ਮੈਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਸਾਡੀ ਮਾਂ ਬੋਲੀ ਦਾ ਅੱਜ ਇਹ ਹਸ਼ਰ ਕਿਉਂ ਹੈ ।

## 'ਤੁਸੀਂ ਚੁੱਪ ਹੋ, ਬੱਸ ਚੁੱਪ ਹੋ।'

**ਸੁਖਵਿੰਦਰ ਸਿੰਘ ਸ਼ਾਨ**
(94636-96700)

ਕਲਮਾਂ ਵਾਲਿਓ
ਜਾਗਦੇ ਹੋ ? ਵੱਡੀਆਂ ਕਲਮਾਂ ਵਾਲਿਓ
ਕਿ ਸ਼ੋਹਰਤ ਦਾ ਮਦ ਸਿਰ ਨੂੰ ਚੜ੍ਹਿਆ,
ਧਰਤੀ ਦੇ ਪੁੱਤ ਮਸਤ ਨੇ ਚਗਲੇ ਸਵਾਦਾਂ 'ਚ ?
ਦੇਖ ਰਹੇ ਨੇ ਸ਼ਮਾਦਾਨ, ਪਸਰਦਾ ਹਨੇਰਾ ਦਰਾਂ 'ਚ
ਪਰ ਤੁਸੀਂ ਚੁੱਪ ਹੋ, ਬਸ ਚੁੱਪ ਹੋ।

ਪਸਰਿਆ ਕਾਲਾ ਹਨੇਰਾ ਮੌਤ ਦਾ
ਪਿੰਡ-ਪਿੰਡ, ਸ਼ਹਿਰ-ਸ਼ਹਿਰ
'ਚਿੱਟੇ' ਦਾ ਰੂਪ ਧਾਰ ਕੇ।
ਉਜੜੀਆਂ ਕੁੱਖਾਂ, ਲੱਥ ਗਏ ਕਲੀਰੇ
ਪੈਂਦੇ ਨੇ ਵੈਣ, ਸ਼ਾਮ ਸਵੇਰੇ।
ਰੇਤੇ ਦੀ ਖਾਣ 'ਚੋਂ, ਸੱਤਾ ਦੀ ਢਾਬ 'ਚੋਂ
ਨਿਕਲੇ ਨਹਾ ਕੇ ਸ਼ਾਹੀ-ਲੁਟੇਰੇ
ਸਭ ਦਰਿਆ, ਨਦੀਆਂ ਤੇ ਟੋਭੇ ਭੈ-ਭੀਤ ਹੋ ਗਏ
ਆਬਾਂ ਦੀ ਧਰਤੀ ਦੇ ਪਾਣੀ ਪਲੀਤ ਹੋ ਗਏ
ਮਾਰ ਦਿੱਤੇ ਜੀਵ ਲੱਖਾਂ, ਡੋਲ੍ਹ ਕੇ ਜ਼ਹਿਰਾਂ,
ਹਰਫ ਤੇਰੀ ਕਲਮ ਦੇ ਬਦਨੀਤ ਹੋ ਗਏ।
ਮਾਨਵਤਾ ਦਾ ਰਹਿਬਰ, ਪ੍ਰਮੇਸ਼ਰ ਦਾ ਥਾਨ,
ਜ਼ਾਲਮਾਂ ਨੇ ਕੀਤਾ ਲਹੂ-ਲੁਹਾਨ
ਕੁਕਰਮ ਇਹ ਨਿੱਤ ਦਾ ਬਣਿਆ ਨਿਸੰਗ
ਅੱਖੀਆਂ ਵੀ ਰੋ-ਰੋ ਕੇ ਗਈਆਂ ਨੇ ਹੰਭ
ਪਰ ਤੁਸੀਂ ਚੁੱਪ ਹੋ, ਬਸ ਚੁੱਪ ਹੋ।

ਤੁਸੀਂ ਲਿਖਦੇ ਸੀ ਵਾਰਾਂ, ਜ਼ਮੀਰਾਂ ਜਗਾਉਣ ਲਈ
ਤੁਸੀਂ ਗਾਉਂਦੇ ਸੀ ਕਦੇ, ਤੇਗਾਂ ਵਾਹੁਣ ਲਈ
ਲਿਖੋ ਤਾਂ ਕਦੇ ਹੁਣ ਵੀ, ਸੱਚ ਦੇ ਹਰਫ ਭਾਲ ਕੇ
ਹਨੇਰੇ ਨੂੰ ਟੱਕਰਾਂਗੇ, ਤਲੀਆਂ 'ਤੇ ਦੀਵੇ ਬਾਲ ਕੇ
ਤਖ਼ਤਾਂ ਦੀ ਈਨ ਮੰਨ ਪੱਥਰ ਹੋਈਆਂ
ਕਲਮਾਂ ਤੇ ਜ਼ਮੀਰਾਂ ਸੱਥਰ ਹੋਈਆਂ
ਸ਼ਮਾਦਾਨ ਤੇ ਸੁਖਵਿੰਦਰ ਇਹੋ ਕਹਿਣਗੇ
ਬਸ ਕਹਿੰਦੇ ਰਹਿਣਗੇ।
"ਤੁਸੀਂ ਚੁੱਪ ਹੋ, ਬਸ ਚੁੱਪ ਹੋ।"

# ਹੁਣ ਪੁਦੀਨਾ ਵਾਲਾਂ ਲਈ ਵੀ ਵਰਦਾਨ

ਜੜ੍ਹੀ ਬੂਟੀਆਂ ਨਾਲ ਸੰਬੰਧਿਤ ਪੁਦੀਨਾ ਅਜਿਹਾ ਕੁਦਰਤੀ ਪੌਦਾ ਹੈ, ਜੋ ਚਾਹ, ਚਟਨੀ, ਤੇਲ, ਪਾਊਡਰ ਤੇ ਦਰਦ ਨਿਵਾਰਕ ਦੇ ਤੌਰ ‘ਤੇ ਇਸਤੇਮਾਲ ਕੀਤਾ ਜਾਂਦਾ ਹੈ ਪਰ ਸ਼ਾਇਦ ਤੁਸੀਂ ਇਹ ਨਹੀਂ ਜਾਣਦੇ ਕਿ ਇਹ ਵਾਲਾਂ ਲਈ ਵੀ ਬਹੁਤ ਫਾਇਦੇਮੰਦ ਹੈ। ਇਸ ਦੇ ਪੱਤੇ ਵਾਲਾਂ ਨਾਲ ਸੰਬੰਧਿਤ ਗੁਣਾਂ ਨਾਲ ਭਰਪੂਰ ਹੁੰਦੇ ਹਨ। ਇਹ ਸਿਰ ਨੂੰ ਠੰਡਕ ਦਿੰਦਾ ਹੈ ਅਤੇ ਵਾਲਾਂ ਨੂੰ ਸ਼ਕਤੀ ਪ੍ਰਦਾਨ ਕਰਕੇ ਉਨ੍ਹਾਂ ਵਿਚ ਊਰਜਾ ਦਾ ਸੰਚਾਰ ਕਰਦਾ ਹੈ। ਪ੍ਰਦੂਸ਼ਣ, ਗੰਦਗੀ ਤੇ ਤਣਾਅ ਨਾਲ ਵਾਲ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਅਤੇ ਸਿੱਟੇ ਵਜੋਂ ਵਾਲਾਂ ਦਾ ਝੜਨਾ, ਸਮੇਂ ਤੋਂ ਪਹਿਲਾਂ ਚਿੱਟੇ ਹੋਣਾ, ਗੰਜਾਪਣ ਤੇ ਹਲਕਾਪਣ ਸ਼ੁਰੂ ਹੋ ਜਾਂਦਾ ਹੈ।



ਸਿਹਤਮੰਦ ਤੇ ਸੁੰਦਰ ਵਾਲਾਂ ਲਈ ਥੋੜ੍ਹੀ ਜਿਹੀ ਸਾਵਧਾਨੀ ਤੇ ਧਿਆਨ ਦੀ ਲੋੜ ਹੁੰਦੀ ਹੈ। ਪੁਦੀਨੇ ਦੇ ਤੇਲ ਦੀ ਵਾਲਾਂ ਵਿਚ ਮਾਲਿਸ਼ ਕਰਨ ਨਾਲ ਉਹ ਕਾਲੇ ਤੇ ਘਣੇ ਹੋ ਜਾਂਦੇ ਹਨ। ਹੇਠਾਂ ਦਿੱਤੇ ਗਏ ਸੁਝਾਵਾਂ ਨੂੰ ਅਪਨਾ ਕੇ ਤੁਸੀਂ ਵਾਲਾਂ ਨਾਲ ਸੰਬੰਧਿਤ ਅਨੇਕ ਪ੍ਰੇਸ਼ਾਨੀਆਂ ਤੋਂ ਨਿਜਾਤ ਪਾ ਸਕਦੇ ਹੋ-



**ਜੂੰਆਂ** : ਇਹ ਬਚਪਨ ਵਿਚ ਫੈਲਣ ਵਾਲਾ ਆਮ ਵਿਕਾਰ ਹੈ ਜੋ ਸਕੂਲ ਜਾਂਦੇ ਬੱਚਿਆਂ ਜਾਂ ਫਿਰ ਵੱਡੇ-ਬੁੱਢੇ ਲੋਕਾਂ ਵਿਚ ਹੁੰਦਾ ਹੈ। ਸਿਰ ‘ਚ ਖਾਜ ਕਰਦੇ ਰਹਿਣ ਨਾਲ ਖੂਨ ਦਾ ਨਿਕਲ ਆਉਣਾ ਜਾਂ ਜੰਮ ਜਾਣਾ ਬਹੁਤ ਦੁੱਖ ਦਿੰਦਾ ਹੈ। ਇਨ੍ਹਾਂ ਦੀ ਪ੍ਰਜਨਣ ਸਮਰੱਥਾ ਸਾਰਿਆਂ ਨਾਲੋਂ ਜ਼ਿਆਦਾ ਹੁੰਦੀ ਹੈ। ਪੁਦੀਨੇ ਦਾ ਸੱਤ ਜੀਵਾਣੂ ਨਾਸ਼ਕ ਹੁੰਦਾ ਹੈ ਅਤੇ ਲਗਾਉਣ ਨਾਲ ਜਲਦ ਆਰਾਮ ਮਿਲਦਾ ਹੈ।

**ਸਿਕਰੀ** : ਬਰਫ ਦੇ ਛੋਟੇ-ਛੋਟੇ ਚੂਰੇ ਵਰਗੀ ਸਿਕਰੀ ਅਕਸਰ ਸਿਰ ਤੋਂ ਡਿੱਗਣ ਲਗਦੀ ਹੈ, ਜਿਸ ਕਾਰਨ ਕਦੇ-ਕਦੇ ਸ਼ਰਮਸਾਰ ਹੋਣਾ ਪੈਂਦਾ ਹੈ। ਦੋ ਬੂੰਦਾਂ ਪੁਦੀਨੇ ਦਾ ਤੇਲ 1/2 ਕੱਪ ਪਾਣੀ ਵਿਚ ਪਾਓ ਅਤੇ 2 ਗੋਲੀਆਂ ਐਸਪ੍ਰੀਨ। ਇਸ ਮਿਸ਼ਰਣ ਨੂੰ 15-20 ਮਿੰਟ ਤੱਕ ਸਿਰ ‘ਤੇ ਲੱਗਾ ਰਹਿਣ ਦਿਓ। ਫਿਰ ਸਿਰ ਧੋ ਲਓ। ਸਿਕਰੀ ਗਾਇਬ ਹੋ ਜਾਵੇਗੀ। ਸਿਰ ਵਿਚ ਖਾਜ, ਜਲਣ ਅਤੇ ਐਲਰਜੀ ਹੋਵੇ ਤਾਂ ਪੁਦੀਨੇ ਦੇ ਤੇਲ ਦੀ ਮਾਲਿਸ਼ ਕਰਨ ਨਾਲ ਜਲਦ ਆਰਾਮ ਮਿਲਦਾ ਹੈ।

**ਤੇਲੀ ਖੋਪੜੀ** : ਜਿਸ ਪ੍ਰਕਾਰ ਤੇਲੀ ਚਮੜੀ ‘ਤੇ ਐਸਟ੍ਰੈਂਜੇਟ ਲੋਸ਼ਨ ਕੰਮ ਕਰਦਾ ਹੈ, ਉਸੇ ਤਰ੍ਹਾਂ ਤੇਲੀ ਸਿਰ ਦੀ ਚਮੜੀ ‘ਤੇ ਪੁਦੀਨੇ ਦਾ ਤੇਲ ਕੰਮ ਕਰਦਾ ਹੈ ਅਤੇ ਉਸ ਨੂੰ ਸਾਧਾਰਨ ਬਣਾਉਂਦਾ ਹੈ। ਪੁਦੀਨੇ ਦੇ ਤੇਲ ਨੂੰ ਸ਼ੈਂਪੂ ਵਿਚ 50 ਫੀਸਦੀ ਅਤੇ ਕੰਡੀਸ਼ਨਰ ਵਿਚ 30 ਫੀਸਦੀ ਮਿਲਾ ਕੇ ਉੱਤਮ ਨਤੀਜੇ ਮਿਲਦੇ ਹਨ।

**ਵਾਲਾਂ ਦਾ ਝੜਨਾ** : ਜੇਕਰ ਤੁਸੀਂ ਵਾਲ ਝੜਨ ਤੋਂ ਪ੍ਰੇਸ਼ਾਨ ਹੋ ਅਤੇ ਕੋਈ ਕੁਦਰਤੀ ਨੁਸਖਾ ਅਪਨਾਉਣਾ ਚਾਹੁੰਦੇ ਹੋ ਤਾਂ ਇਸ ਲਈ ਛੋਟੇ-ਛੋਟੇ ਪੁਦੀਨੇ ਦੇ ਪੱਤੇ ਸਭ ਤੋਂ ਬਿਹਤਰ ਹਨ। ਪੁਦੀਨੇ ਨੂੰ ਚੰਗੀ ਤਰ੍ਹਾਂ ਪੀਸ ਕੇ ਜੜ੍ਹਾਂ ਵਿਚ ਲਗਾਓ। ਇਸ ਨਾਲ ਵਾਲਾਂ ਦਾ ਝੜਨਾ ਤਾਂ ਰੁਕੇਗਾ ਹੀ, ਖੂਨ ਦਾ ਸੰਚਾਰ ਵੀ ਵਧੇਗਾ।

**ਰੁੱਖੇ ਬੇਜਾਨ ਵਾਲ** : ਰੋਜ਼ਾਨਾ ਪੁਦੀਨੇ ਦਾ ਤੇਲ ਵਾਲਾਂ ਵਿਚ ਲਗਾਉਣ ਨਾਲ ਉਨ੍ਹਾਂ ਵਿਚ ਚਮਕ, ਦਮਕ ਆ ਜਾਂਦੀ ਹੈ। ਇਹ ਕੰਡੀਸ਼ਨਰ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਵਾਲਾਂ ਨੂੰ ਕੋਮਲ ਬਣਾਉਂਦਾ ਹੈ। ਜੇਕਰ ਤੁਹਾਡੇ ਵਾਲ ਖਰਾਬ ਹੋ ਗਏ ਹੋਣ ਤਾਂ ਪੁਦੀਨੇ ਦਾ ਤੇਲ ਚਮਤਕਾਰੀ ਅਸਰ ਦਿਖਾਉਂਦਾ ਹੋਇਆ ਉਸ ਵਿਚ ਪਹਿਲਾਂ ਵਰਗੀ ਕੁਦਰਤੀ ਰੰਗਤ ਲਿਆਉਂਦਾ ਹੈ। ਖੁਸ਼ਬੂਦਾਰ ਪੱਤਿਆਂ ਵਾਲੀ ਕਪੂਰ ਨੂੰ ਪੁਦੀਨੇ ਦੇ ਤੇਲ ਵਿਚ ਮਿਲਾ ਕੇ ਸਿਰ ‘ਤੇ ਲਗਾਉਣ ਨਾਲ ਰਾਮਬਾਣ ਵਰਗਾ ਅਸਰ ਹੁੰਦਾ ਹੈ।

# ਥਕੇਵੇਂ ਨੂੰ ਕਹੋ ਬਾਏ-ਬਾਏ



ਕੰਮਕਾਜੀ ਔਰਤਾਂ ਸਰੀਰਕ ਤੇ ਦਿਮਾਗੀ ਤੌਰ ‘ਤੇ ਬੁਰੀ ਤਰ੍ਹਾਂ ਥੱਕ ਜਾਂਦੀਆਂ ਹਨ। ਘਰ ਦਾ ਕੰਮ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਤੇ ਨੌਕਰੀ ਕਰਨਾ ਉਨ੍ਹਾਂ ਦੀ ਮਜਬੂਰੀ। ਉਹ ਦੋਵਾਂ ‘ਚੋਂ ਕਿਸੇ ਤੋਂ ਵੀ ਬਚ ਨਹੀਂ ਸਕਦੀਆਂ। ਕੰਮ ਦਾ ਦੁੱਗਣਾ ਬੋਝ ਉਨ੍ਹਾਂ ਨੂੰ ਇੰਨਾ ਥਕਾ ਦਿੰਦਾ ਹੈ ਕਿ ਉਨ੍ਹਾਂ ਦੇ ਚਿਹਰੇ ਤੋਂ ਹਾਸਾ ਤੇ ਮੁਸਕਰਾਹਟ ਦੂਰ ਹੋ ਜਾਂਦੀ ਹੈ। ਜੇ ਤੁਸੀਂ ਥਕੇਵੇਂ ਤੋਂ ਬਚਣਾ ਚਾਹੁੰਦੇ ਹੋ ਤਾਂ ਹੇਠ ਲਿਖੀਆਂ ਕੁਝ ਗੱਲਾਂ ਦਾ ਧਿਆਨ ਰੱਖੋ :

× ਜੇ ਕੰਮ ਤੋਂ ਬਾਅਦ ਥੋੜ੍ਹਾ ਆਰਾਮ ਕਰ ਲਿਆ ਜਾਵੇ ਤਾਂ ਇਸ ਨਾਲ ਮੁੜ ਸ਼ਕਤੀ ਮਿਲ ਜਾਂਦੀ ਹੈ ਅਤੇ ਤੁਸੀਂ ਮੁੜ ਖੁਦ ਨੂੰ ਕੰਮ ਕਰਨ ਦੇ ਯੋਗ ਮਹਿਸੂਸ ਕਰਦੇ ਹੋ।

× ਹਰ ਸੁਆਣੀ ਨੂੰ ਆਪਣੇ ਕੰਮਾਂ ਦੀ ਰੂਪਰੇਖਾ ਪਤਾ ਹੁੰਦੀ ਹੈ। ਯੋਜਨਾ ਬਣਾ ਕੇ ਕੰਮ ਕਰਨ ਨਾਲ ਨਾ ਸਿਰਫ ਤੁਸੀਂ ਵਿਅਰਥ ਦੇ ਥਕੇਵੇਂ ਤੋਂ ਬਚੋਗੇ, ਸਗੋਂ ਸਮੇਂ ਦੀ ਵੀ ਬਰਬਾਦੀ ਨਹੀਂ ਹੋਵੇਗੀ।

× ਜਿਨ੍ਹਾਂ ਦੋ ਕੰਮਾਂ ਦਰਮਿਆਨ ਤੁਹਾਨੂੰ ਜ਼ਿਆਦਾ ਥਕੇਵਾਂ ਲੱਗਦਾ ਹੋਵੇ, ਉਨ੍ਹਾਂ ਨੂੰ ਇਕ ਤੋਂ ਬਾਅਦ ਇਕ ਨਹੀਂ ਕਰਨਾ ਚਾਹੀਦਾ, ਸਗੋਂ ਇਸ ਦਰਮਿਆਨ ਉਹ ਕੰਮ ਨਜਿੱਠ ਲੈਣਾ ਚਾਹੀਦਾ ਹੈ ਜਿਸ ਵਿਚ ਥਕੇਵਾਂ ਮੁਕਾਬਲਤਨ ਘੱਟ ਲੱਗਦਾ ਹੋਵੇ।

× ਜਦੋਂ ਸਰੀਰ ਤੇ ਦਿਮਾਗ ਜ਼ਿਆਦਾ ਥੱਕ ਜਾਣ ਤਾਂ ਸਾਰੇ ਫਿਕਰ ਛੱਡ ਕੇ ਇਕ ਝਪਕੀ ਲੈ ਲੈਣਾ ਠੀਕ ਰਹਿੰਦਾ ਹੈ। ਇਸ ਨਾਲ ਸਰੀਰ ਨੂੰ ਆਰਾਮ ਮਿਲਦਾ ਹੈ।

× ਜੇ ਲੱਕ ਦਰਦ ਕਰਨ ਲੱਗੇ ਤਾਂ ਫਰਸ਼ ਤੇ ਦਰੀ ਜਾਂ ਚਟਾਈ ਵਿਛਾ ਕੇ ਉਸ ‘ਤੇ ਸਿੱਧੇ ਲੰਮੇ ਪੈ ਜਾਵੋ। ਇਸ ਨਾਲ ਕਮਰ ਦਰਦ ਤੋਂ ਆਰਾਮ ਮਿਲਦਾ ਹੈ। ਜੇ ਦਰਦ ਜ਼ਿਆਦਾ ਹੋਵੇ ਤਾਂ ਰਾਤ ਨੂੰ ਗਰਮ ਪਾਣੀ ਦੀ ਥੈਲੀ ਨਾਲ ਸੇਕ ਦਿਓ, ਆਰਾਮ ਮਿਲੇਗਾ।

× ਜੇ ਕੰਮ ਵੇਲੇ ਜ਼ਿਆਦਾ ਦੇਰ ਤਕ ਖੜ੍ਹੇ ਰਹਿਣ ਕਾਰਨ ਅੱਡੀਆਂ ਦਰਦ ਕਰਨ ਲੱਗਣ ਤਾਂ ਗਰਮ ਪਾਣੀ ਵਿਚ ਥੋੜ੍ਹਾ ਜਿਹਾ ਲੂਣ ਪਾ ਕੇ ਅੱਡੀਆਂ ਨੂੰ ਕੁਝ ਦੇਰ ਤਕ ਉਸ ਵਿਚ ਡੁਬੋਵੋ, ਦਰਦ ਗਾਇਬ ਹੋ ਜਾਵੇਗਾ।

× ਜੇ ਪੈਰਾਂ ਦੀਆਂ ਪਿੰਡਲੀਆਂ ਦਰਦ ਕਰ ਰਹੀਆਂ ਹੋਣ ਤਾਂ ਗੋਡਿਆਂ ਦੇ ਉੱਪਰੋਂ ਉਨ੍ਹਾਂ ‘ਤੇ ਠੰਡਾ ਪਾਣੀ ਪਾਓ।

× ਧੂੜ, ਧੁੱਪ ਜਾਂ ਹੋਰ ਕਿਸੇ ਕਾਰਨ ਜੇ ਅੱਖਾਂ ਥੱਕ ਗਈਆਂ ਹੋਣ ਤਾਂ ਉਨ੍ਹਾਂ ਨੂੰ ਸਾਫ ਪਾਣੀ ਨਾਲ ਧੋ ਲਵੋ। ਜੇ ਕੰਮ ਵੇਲੇ ਆਰਾਮ ਦਾ ਮੌਕਾ ਨਾ ਮਿਲੇ ਤਾਂ ਅੱਖਾਂ ਬੰਦ ਕਰਕੇ ਉਨ੍ਹਾਂ ‘ਤੇ ਆਪਣੀਆਂ ਹਥੇਲੀਆਂ ਰੱਖੋ। ਇਸ ਨਾਲ ਅੱਖਾਂ ਨੂੰ ਆਰਾਮ ਮਿਲਦਾ ਹੈ।

× ਲੋੜੀਂਦੀ ਨੀਂਦ ਲਵੋ। 24 ਘੰਟਿਆਂ ‘ਚੋਂ ਘੱਟੋ-ਘੱਟ 6 ਤੋਂ 8 ਘੰਟੇ ਦੀ ਨੀਂਦ ਜ਼ਰੂਰ ਲੈਣੀ ਚਾਹੀਦੀ ਹੈ।

—ਡਾ. ਵਿਨੋਦ ਗੁਪਤਾ

## ਮਹਿਲਾ ਵਿਧਾਇਕਾਂ ਬਾਰੇ ਭੱਦੀਆਂ ਟਿੱਪਣੀਆਂ ਕਾਰਨ ਘਿਰੇ ਖਹਿਰਾ

ਰਿਹਾ ਹੈ। ਇਨ੍ਹਾਂ ਮਹਿਲਾ ਵਿਧਾਇਕਾਂ ਨੇ ਸਿੱਧੇ ਦੋਸ਼ ਲਾਏ ਹਨ ਕਿ ਸ੍ਰੀ ਖਹਿਰਾ ਦੀ ਟੀਮ ਦੇ ਇਕ ਆਗੂ ਵੱਲੋਂ ਉਨ੍ਹਾਂ ਪ੍ਰਤੀ ਕੀਤੀਆਂ ਟਿੱਪਣੀਆਂ ਅਪਮਾਨਜਨਕ ਹਨ। ਮਹਿਲਾ ਵਿਧਾਇਕਾਂ ਨੇ ਦੋਸ਼ ਲਾਇਆ ਹੈ ਕਿ ਸ੍ਰੀ ਖਹਿਰਾ ਨੇ ਆਪਣੀ ਕਨਵੈਨਸ਼ਨ ਵਿਚ ਵਿਧਾਇਕਾਂ ਨੂੰ ਪਿੰਡਾਂ ਵਿਚ ਨਾ ਵੜਨ ਦੇਣ ਦਾ ਸੱਦਾ ਦੇ ਕੇ ਵੀ ਲੋਕਾਂ ਨੂੰ ਭੜਕਾ ਕੇ ਮਾਹੌਲ ਖ਼ਰਾਬ ਕਰਨ ਦਾ ਯਤਨ ਕੀਤਾ ਹੈ। ਗੌਰਤਲਬ ਹੈ ਕਿ ਰਾਇਸ਼ੁਮਾਰੀ-2020 ਬਾਰੇ ਛਿੜੇ ਵਿਵਾਦ ਦੌਰਾਨ ਵੀ ਸ੍ਰੀ ਖਹਿਰਾ ਵੱਲੋਂ ਸੋਸ਼ਲ ਮੀਡੀਆ 'ਤੇ ਲਾਈਵ ਹੋਣ ਕਾਰਨ ਡਾ. ਬਲਬੀਰ ਸਿੰਘ ਅਤੇ ਸ੍ਰੀ ਖਹਿਰਾ ਵਿਚਕਾਰ ਟਕਰਾਅ ਵਧਿਆ ਸੀ। ਇਸ ਤੋਂ ਇਲਾਵਾ 'ਆਪ' ਨੇ ਹੀ ਸਿਆਸੀ ਤੌਰ 'ਤੇ ਸਟਿੰਗ ਕਰਨ ਦੀ 'ਪਿਰਤ' ਪਾਈ ਸੀ ਪਰ ਬਾਅਦ ਵਿਚ ਇਸ ਦੀ ਸਭ ਤੋਂ ਵੱਧ ਮਾਰ ਇਸੇ ਪਾਰਟੀ ਦੇ ਆਗੂਆਂ ਨੂੰ ਹੀ ਪਈ ਹੈ।

ਪਿਛਲੇ ਦਿਨੀਂ ਪੰਜਾਬ ਇਕਾਈ ਦੇ ਸੰਗਠਨ ਸਿਰਜਕ ਗੈਰੀ ਵੜਿੰਗ ਅਤੇ 'ਆਪ' ਦੇ ਹੀ ਇਕ ਆਗੂ ਸੁਮੀਤ ਯਾਦਵ ਵਿਚਕਾਰ ਫੋਨ 'ਤੇ ਹੋਈ ਗੱਲਬਾਤ ਦੀ ਜਾਰੀ ਸਟਿੰਗ ਆਡੀਓ ਵੀ ਹਾਈਕਮਾਂਡ ਅਤੇ ਸ੍ਰੀ ਖਹਿਰਾ ਵਿਚਕਾਰ ਪਏ ਖੱਪੇ ਦਾ ਇਕ ਕਾਰਨ ਬਣਿਆ ਹੈ। ਦਰਅਸਲ, ਇਸ ਵਿੱਚ ਸ੍ਰੀ ਵੜਿੰਗ ਇਹ ਕਹਿੰਦੇ ਸੁਣਾਈ ਦੇ ਰਹੇ ਹਨ ਕਿ ਸ੍ਰੀ ਖਹਿਰਾ ਦੇ ਪਰ ਕਿਵੇਂ ਕੱਟੇ ਜਾਣਗੇ, ਜਿਸ ਦਾ ਸ੍ਰੀ ਖਹਿਰਾ ਵੱਲੋਂ ਬੁਰਾ ਮਨਾਇਆ ਗਿਆ। ਉਨ੍ਹਾਂ ਇਹ ਮਾਮਲਾ ਹਾਈਕਮਾਂਡ ਕੋਲ ਵੀ ਉਠਾਇਆ ਸੀ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਸਟਿੰਗ ਦਾ ਹਵਾਲਾ ਦੇ ਕੇ ਸ੍ਰੀ ਛੋਟੇਪੁਰ ਨੂੰ ਅਹੁਦੇ ਤੋਂ ਹਟਾਉਣ ਦੀ ਕਾਰਵਾਈ ਵੀ 'ਆਪ' ਲਈ ਮਾਰੂ ਸਾਬਿਤ ਹੋਈ ਸੀ। ਫਿਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਤੋਂ ਨਰਾਜ਼ ਕਈ ਆਗੂਆਂ ਨੇ ਸਟਿੰਗ, ਵੀਡੀਓਜ਼ ਤੇ ਆਡੀਓਜ਼ ਜਾਰੀ ਕਰਕੇ ਲੀਡਰਸ਼ਿਪ ਉਪਰ ਕਈ ਗੰਭੀਰ ਦੋਸ਼ ਲਾਏ ਸਨ।

## ਪੰਜਾਬੀ ਨੌਜਵਾਨ ਕਿਰਪਾਲ ਸੰਘੇੜਾ ਦੇ ਕਾਤਲ ਨੂੰ 23 ਸਾਲ ਕੈਦ ਦੀ ਸਜ਼ਾ

ਨੂੰ ਯੂਨੀਅਨ ਰੋਡ ਅਤੇ ਰੈਡਕਲਿਫ ਰੋਡ ਦੇ ਇਕ ਕੋਨੇ 'ਤੇ ਜ਼ਖ਼ਮੀ ਹਾਲਤ ਵਿਚ ਪਾਇਆ ਗਿਆ ਸੀ, ਜਿਸ ਨੂੰ ਬਾਅਦ ਵਿਚ ਸਾਊਥਹੈਂਪਟਨ ਹਸਪਤਾਲ ਭਰਤੀ ਕਰਵਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਸੰਘੇੜਾ ਦੀ ਪ੍ਰੇਮਿਕਾ ਯਾਸਮੀਨ ਸਮਿਥ ਨੇ ਦੱਸਿਆ ਕਿ ਉਸ ਦੇ ਸਾਹਮਣੇ ਐਡਮ ਅਬਦੁੱਲਾ ਨੇ ਉਸ ਦੀ ਛਾਤੀ ਵਿਚ ਚਾਕੂ ਨਾਲ ਵਾਰ ਕੀਤੇ ਸਨ। ਜਸਟਿਸ ਡਿੰਗਮੈਨ ਨੇ ਇਸ ਦੁਰਘਟਨਾ ਨੂੰ ਦੋ ਧਿਰਾਂ ਵਿਚ ਖਿੱਚ-ਧੂਹ ਦਾ ਨਤੀਜਾ ਦੱਸਦਿਆਂ ਅਬਦੁੱਲਾ ਨੂੰ 23 ਸਾਲ ਕੈਦ ਦੀ ਸਖ਼ਤ ਸਜ਼ਾ ਸੁਣਾਈ ਹੈ।

## ਭਾਈ ਨਰਾਇਣ ਸਿੰਘ ਚੌੜਾ ਨੂੰ ਮਿਲੀ ਜ਼ਮਾਨਤ

ਕਰਨ ਦੀ ਲੋੜ ਹੈ। ਉਨ੍ਹਾਂ ਮੁਤਵਾਜ਼ੀ ਜਥੇਦਾਰਾਂ ਨੂੰ ਸਮਰਥਨ ਦਿੰਦਿਆਂ ਆਖਿਆ ਕਿ ਮੌਜੂਦਾ ਜਥੇਦਾਰਾਂ ਨੂੰ ਕੌਮ ਨਕਾਰ ਚੁੱਕੀ ਹੈ ਅਤੇ ਨੈਤਿਕ ਆਧਾਰ 'ਤੇ ਉਨ੍ਹਾਂ ਨੂੰ ਅਹੁਦਿਆਂ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਵਿਚ ਨਸ਼ਿਆਂ ਦਾ ਕਾਰੋਬਾਰ ਇਕ ਵੱਡੀ ਸਾਜਿਸ਼ ਹੈ, ਜਿਸ ਤਹਿਤ ਸਿੱਖ ਕੌਮ ਨੂੰ ਬਦਨਾਮ ਅਤੇ ਤਬਾਹ ਕੀਤਾ ਜਾ ਰਿਹਾ ਹੈ। ਇਸ ਮੌਕੇ ਦੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਤੇ ਹੋਰ ਹਾਜ਼ਰ ਸਨ। ਦੱਸਣਯੋਗ ਹੈ ਕਿ ਭਾਈ ਨਰਾਇਣ ਸਿੰਘ ਚੌੜਾ ਨੂੰ ਸੰਨ 2013 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਲਗਪਗ ਪੰਜ ਵਰ੍ਹੇ ਜੇਲ੍ਹ ਵਿਚ ਰਹਿਣ ਮਗਰੋਂ ਹੁਣ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ।

## ਬੀਜੇਪੀ ਭਾਰਤ ਨੂੰ ਤਬਾਹ ਕਰਨ ਦੇ ਰਾਹ 'ਤੇ ਤੁਰੀ

ਐਲਾਨ ਕੇ, ਇਨ੍ਹਾਂ ਦੇ ਵੋਟ ਦੇ ਹੱਕ ਨੂੰ ਖਤਮ ਕਰ ਦਿੱਤਾ ਜਾਏ। ਬੀਜੇਪੀ ਦੇ ਪ੍ਰਧਾਨ ਅਮਿਤ ਸ਼ਾਹ ਦਾ ਕਹਿਣਾ ਹੈ ਕਿ ਐਨਆਰਸੀ. ਰਿਪੋਰਟ ਨੂੰ ਇਨ-ਬਿੰਨ ਲਾਗੂ ਕੀਤਾ ਜਾਵੇਗਾ। ਬੀਜੇਪੀ ਦੇ ਐਮ. ਐਲ. ਏ., ਟੀ. ਰਾਜਾ ਸਿੰਘ ਦਾ ਕਹਿਣਾ ਹੈ ਕਿ, 'ਜੇ ਇਹ ਬੰਗਲਾ ਦੇਸ਼ੀ ਤੇ ਰੋਹੰਗੀਆ ਮੁਸਲਮਾਨ, ਭਾਰਤ 'ਚੋਂ ਬਾਹਰ ਨਹੀਂ ਨਿਕਲਦੇ ਤਾਂ ਇਨ੍ਹਾਂ ਨੂੰ ਗੋਲੀਆਂ ਨਾਲ ਭੁੰਨ ਕੇ ਇਨ੍ਹਾਂ ਦਾ ਅੰਤ ਕਰ ਦੇਣਾ ਚਾਹੀਦਾ ਹੈ।' ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅਸਾਮ ਦੇ ਬੰਗਾਲੀਆਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਦਿਆਂ ਚੇਤਾਵਨੀ ਦਿੱਤੀ ਹੈ ਕਿ 'ਭਾਰਤ ਇੱਕ ਸਿਵਲ-ਵਾਰ ਤੇ ਖੂਨ-ਖਰਾਬੇ ਵੱਲ ਵਧ ਰਿਹਾ ਹੈ। ਭਾਜਪਾ ਭਾਰਤ ਨੂੰ ਮੁਕੰਮਲ ਤੌਰ 'ਤੇ ਤਬਾਹ ਕਰਨ ਦੇ ਰਸਤੇ ਤੇ ਤੁਰੀ ਹੈ।' ਮਮਤਾ ਬੈਨਰਜੀ ਦੇ ਬਿਆਨ ਨੂੰ ਲੈ ਕੇ ਬੀਜੇਪੀ ਵਲੋਂ ਬੜਾ ਚੀਕ ਚਿਹਾੜਾ ਪਾਇਆ ਗਿਆ ਹੈ ਅਤੇ ਉਸ ਦੇ ਖਿਲਾਫ ਕੇਸ ਰਜਿਸਟਰ ਕਰ ਲਿਆ ਗਿਆ ਹੈ।

ਅਫਸੋਸ! ਮਮਤਾ ਬੈਨਰਜੀ ਨੇ ਤਾਂ ਸੱਚ ਲਈ ਅਵਾਜ਼ ਬੁਲੰਦ ਕੀਤੀ ਹੈ ਪਰ ਪੰਜਾਬ ਦੀ ਅਕਾਲੀ ਲੀਡਰਸ਼ਿਪ ਅਤੇ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਮੂੰਹ ਵਿੱਚ ਘੁੰਗਣੀਆਂ ਪਾਈਆਂ ਹੋਈਆਂ ਹਨ।

## ਰੈਫਰੰਡਮ 2020 : ਲੰਡਨ ਵਿਚ ਹੋਣ ਜਾ ਰਹੀ ਰੈਲੀ ਤੋਂ ਭਾਰਤ ਸਰਕਾਰ ਪਰੇਸ਼ਾਨ

ਟ੍ਰਾਫਲਗਰ ਸਕੁਏਰ ਵਿਖੇ ਆਪਣੇ ਸਮਾਰੋਹ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇੱਥੇ 'ਲੰਡਨ ਐਲਾਨਨਾਮਾ' ਜਾਰੀ ਹੋਣ ਦੀ ਸੰਭਾਵਨਾ ਹੈ; ਜਿਸ ਰਾਹੀਂ 'ਪੰਜਾਬ ਦੀ ਆਜ਼ਾਦੀ ਲਈ ਰਾਇਸ਼ੁਮਾਰੀ' ਕਰਵਾਉਣ ਦਾ ਸੱਦਾ ਦਿੱਤਾ ਜਾ ਸਕਦਾ ਹੈ। 'ਸਿੱਖਸ ਫ਼ਾਰ ਜਸਟਿਸ' ਨੇ ਲੰਡਨ ਵਿਚ ਆਪਣੇ 12 ਅਗਸਤ ਦੇ ਸਮਾਰੋਹ ਦੇ ਵੱਡੇ-ਵੱਡੇ ਬੋਰਡ ਲਾਏ ਹਨ ਤੇ ਇਸ ਸਮਾਰੋਹ ਨੂੰ ਕੁਝ ਕਸ਼ਮੀਰੀ ਸਮੂਹਾਂ ਦੀ ਹਮਾਇਤ ਵੀ ਦੱਸੀ ਜਾ ਰਹੀ ਹੈ। ਬਹੁਤ ਸਾਰੇ ਭਾਰਤੀ ਸੋਸ਼ਲ ਮੀਡੀਆ 'ਤੇ ਇਸ ਸਮਾਰੋਹ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ। ਸਿੱਖਾਂ ਦੇ ਵੱਡੇ ਸਿਆਸੀ ਤੇ ਬੌਧਿਕ ਹਲਕਿਆਂ ਵਲੋਂ ਵੀ ਇਸ ਦਾ ਕੁਝ ਨੁਕਤਿਆਂ ਦੇ ਆਧਾਰ ਉਤੇ ਵਿਰੋਧ ਹੋ ਰਿਹਾ ਹੈ।

'ਸਿੱਖਸ ਫ਼ਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਤੇ ਅਟਾਰਨੀ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ,ਕਿ "ਆਉਂਦੀ 12 ਅਗਸਤ ਨੂੰ ਅਸੀਂ ਸਿੱਖਾਂ ਨੂੰ ਆਪਣੇ ਫ਼ੈਸਲੇ ਆਪ ਲੈਣ ਦਾ ਅਧਿਕਾਰ ਦੇਣ ਦੀ ਗੱਲ ਕਰਾਂਗੇ; ਜਿਵੇਂ ਸੰਯੁਕਤ ਰਾਸ਼ਟਰ ਦੇ ਚਾਰਟਰ ਤੇ ਸਿਵਲ ਤੇ ਸਿਆਸੀ ਅਧਿਕਾਰਾਂ ਬਾਰੇ ਕੌਮਾਂਤਰੀ ਸਮਝੌਤੇ ਵਿੱਚ ਪਹਿਲਾਂ ਤੋਂ ਹੀ ਦਰਜ ਹੈ। ਸਿੱਖ ਤੇ ਕਸ਼ਮੀਰੀ ਹੁਣ ਸਾਂਝੇ ਮੰਚ ਤੋਂ ਆਪੋ-ਆਪਣੇ ਹੋਮਲੈਂਡਜ਼ ਦੀ ਆਜ਼ਾਦੀ ਦੀ ਜਮਹੂਰੀ ਮੰਗ ਕਰਨਗੇ।" ਸਿੱਖ ਹਿਊਮਨ ਰਾਈਟਸ ਨਾਂਅ ਦੇ ਸਮੂਹ ਨਾਲ ਜੁੜੇ ਜਸਦੇਵ ਰਾਇ ਦਾ ਮੰਨਣਾ ਹੈ ਕਿ 12 ਅਗਸਤ ਦਾ ਇਹ ਸਮਾਰੋਹ ਇਕ ਤਰ੍ਹਾਂ ਭਾਰਤ ਸਰਕਾਰ ਨੂੰ ਸਿੱਧੀ ਚੁਣੌਤੀ ਹੈ। ਜਸਦੇਵ ਰਾਇ ਹੁਰਾਂ ਇਹ ਵੀ ਕਿਹਾ, ਇਸ ਸਮਾਰੋਹ ਦੇ ਪ੍ਰਬੰਧਕਾਂ ਨੂੰ ਦੁਬਾਰਾ ਵਿਚਾਰ ਕਰਨਾ ਚਾਹੀਦਾ ਹੈ ਤੇ ਸੰਨ 1984 ਤੋਂ ਸਿੱਖ ਸੰਘਰਸ਼ ਦਾ ਹਿੱਸਾ ਬਣੇ ਰਹੇ ਸਿੱਖਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਜਦੋਂ ਨਰਿੰਦਰ ਮੋਦੀ ਸਰਕਾਰ ਨੇ ਬਿਨਾ ਸ਼ਰਤ ਗੱਲਬਾਤ ਦੀ ਪੇਸ਼ਕਸ਼ ਦਿੱਤੀ ਹੋਈ ਹੈ, ਉਸ ਦਾ ਲਾਹਾ ਜ਼ਰੂਰ ਲੈਣਾ ਚਾਹੀਦਾ ਹੈ।

'ਕਨਜ਼ਰਵੇਟਿਵ ਫ਼ਰੈਂਡਜ਼ ਆਫ਼ ਇੰਡੀਆ' ਕੋ-ਚੇਅਰ ਰਾਮੀ ਰੇਂਜਰ ਨੇ ਕਿਹਾ ਹੈ ਕਿ, "ਇਹ ਮੁੱਠੀ ਭਰ ਸਿੱਖ ਸਾਰੇ ਸਿੱਖਾਂ ਲਈ ਪਰੇਸ਼ਾਨੀ ਖੜ੍ਹੀ ਕਰ ਰਹੇ ਹਨ ਤੇ ਪੰਜਾਬ ਦੀ ਤਰੱਕੀ ਦੇ ਰਾਹ ਵਿੱਚ ਅੜਿੱਕਾ ਬਣੇ ਹੋਏ ਹਨ।" ਬੈਡਫੋਰਡਸ਼ਾਇਰ ਏਸ਼ੀਅਨ ਬਿਜ਼ਨੇਸ ਐਸੋਸੀਏਸ਼ਨ ਦੇ ਜਸਬੀਰ ਸਿੰਘ ਪਰਮਾਰ ਨੇ ਕਿਹਾ ਕਿ ਪੰਜਾਬ ਦੇ ਬਹੁ-ਗਿਣਤੀ ਲੋਕ ਅਜਿਹੀ ਕੋਈ ਰਾਇਸ਼ੁਮਾਰੀ ਨਹੀਂ ਚਾਹੁਣਗੇ।

ਰੈਫਰੰਡਮ ਬਾਰੇ ਭਾਰਤ ਸਰਕਾਰ ਨੇ ਪ੍ਰਚਾਰ ਅਰੰਭਿਆ : ਰੈਫਰੰਡਮ ਨੂੰ ਫੇਲ੍ਹ ਕਰਨ ਲਈ ਭਾਰਤ ਸਰਕਾਰ ਤੇ ਭਾਰਤੀ ਮੀਡੀਆ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ ਤੇ ਇਸ ਨੂੰ ਅੱਤਵਾਦ ਦੇ ਨਾਮ 'ਤੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ। ਭਾਰਤ ਸਰਕਾਰ ਦੀਆਂ ਖੁਫੀਆ ਏਜੰਸੀਆਂ ਦੀ ਰਿਪੋਰਟ ਅਨੁਸਾਰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਗੁਪਤ ਅਪਰੇਸ਼ਨ ਕੋਡ 'ਐਕਸਪ੍ਰੈਸ' ਰਾਹੀਂ ਸਿੱਖ ਰਾਇਸ਼ੁਮਾਰੀ-2020 ਮੁਹਿੰਮ ਨੂੰ ਹੱਲਾਸ਼ੇਰੀ ਦੇਣ ਦੇ ਨਾਲ ਇਸ ਲਈ ਫੰਡ ਵੀ ਮੁਹੱਈਆ ਕਰਵਾ ਰਹੀ ਹੈ। ਸੁਰੱਖਿਆ ਏਜੰਸੀਆਂ ਨੇ ਡਿਜੀਟਲ, ਖਾਸਕਰ ਸੋਸ਼ਲ ਮੀਡੀਆ 'ਤੇ ਚੱਲ ਰਹੀ ਚਰਚਾ ਦਾ ਪਤਾ ਲਾਇਆ ਹੈ ਜਿਸ ਦੇ ਆਧਾਰ 'ਤੇ ਇਹ ਦਾਅਵਾ ਕੀਤਾ ਗਿਆ ਹੈ।

ਭਾਰਤੀ ਖੁਫੀਆ ਰਿਪੋਰਟਾਂ ਅਨੁਸਾਰ, "ਰਾਇਸ਼ੁਮਾਰੀ ਸਬੰਧੀ ਪੋਸਟਰ ਸਿੱਖ ਜਥਿਆਂ ਦੇ ਧਾਰਮਿਕ ਯਾਤਰਾ ਦੌਰਾਨ ਪ੍ਰਮੁੱਖ ਤੌਰ 'ਤੇ ਪਾਕਿਸਤਾਨ ਦੇ ਗੁਰਦੁਆਰੇ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਵਿਚ ਲਾਏ ਗਏ ਸਨ। ਇਸ ਮੁਹਿੰਮ ਦਾ ਇਕ ਹੋਰ ਕਰਤਾ-ਧਰਤਾ ਪਰਮਜੀਤ ਸਿੰਘ ਪੰਮਾ ਹੈ।" ਖੁਫੀਆ ਏਜੰਸੀਆਂ ਅਨੁਸਾਰ, ਪੰਮਾ ਖਾਲਿਸਤਾਨ ਟਾਈਗਰ ਫੋਰਸ ਦੀਆਂ ਸਰਗਰਮੀਆਂ ਦਾ ਮੁੱਖ ਸੰਚਾਲਕ ਰਿਹਾ ਹੈ। ਬਾਅਦ ਵਿਚ ਪੰਮਾ ਪਾਕਿਸਤਾਨ ਚਲਾ ਗਿਆ ਸੀ ਅਤੇ ਉਥੋਂ ਸੰਨ 2000 ਵਿਚ ਉਸ ਨੇ ਯੂ.ਕੇ. ਵਿਚ ਸਿਆਸੀ ਪਨਾਹ ਲੈ ਲਈ ਸੀ। ਪਟਿਆਲਾ ਤੇ ਅੰਬਾਲਾ ਵਿਚ ਹੋਏ ਬੰਬ ਧਮਾਕਿਆਂ ਤੋਂ ਬਾਅਦ ਉਸ ਦਾ ਨਾਂ ਰੁਲਦਾ ਸਿੰਘ ਮਰਡਰ ਕੇਸ ਵਿਚ ਵੀ ਸਾਹਮਣੇ ਆਇਆ ਸੀ। ਰੁਲਦਾ ਮਰਡਰ ਕੇਸ ਵਿਚ ਉਸ ਦੀ ਯੂਕੇ. ਵਿਚ ਇਕ ਵਾਰ ਗ੍ਰਿਫਤਾਰੀ ਹੋ ਚੁੱਕੀ ਹੈ। ਉਸ ਤੋਂ ਬਾਅਦ ਬ੍ਰਿਟਿਸ਼ ਪੁਲਸ ਦੀ ਇਕ ਟੀਮ ਰੁਲਦਾ ਮਰਡਰ ਕੇਸ ਵਿਚ ਜਾਂਚ ਕਰਨ ਪਟਿਆਲਾ ਆਈ ਸੀ ਪਰ ਕੋਈ ਅਹਿਮ ਤੱਥ ਨਾ ਮਿਲਣ ਤੋਂ ਬਾਅਦ ਪੰਮਾ ਨੂੰ ਯੂਕੇ. ਪੁਲਸ ਨੇ ਛੱਡ ਦਿੱਤਾ ਸੀ। ਓਧਰ ਇੰਟਰਪੋਲ ਵਲੋਂ ਪੰਮਾ ਵਿਰੁੱਧ ਰੈੱਡ ਕਾਰਨਰ ਨੋਟਿਸ ਜਾਰੀ ਹੋਣ ਕਾਰਨ ਉਸ ਨੂੰ ਪੁਰਤਗਾਲ ਵਿਚ ਵੀ ਗ੍ਰਿਫਤਾਰ ਕੀਤਾ ਗਿਆ ਸੀ ਪਰ ਭਾਰਤ ਸਰਕਾਰ ਵਲੋਂ ਸਮੇਂ ਸਿਰ ਕੋਈ ਦਸਤਾਵੇਜ਼ ਮੁਹੱਈਆ ਨਾ ਕਰਵਾਏ ਜਾਣ 'ਤੇ ਪੁਰਤਗਾਲ ਪੁਲਸ ਨੇ ਉਸ ਨੂੰ ਰਿਹਾਅ ਕਰ ਦਿੱਤਾ ਸੀ ਤੇ ਹੁਣ ਪੰਮਾ ਯੂਕੇ. ਵਿਚ ਰਹਿ ਰਿਹਾ ਹੈ।

### ਪੰਮੇ ਦੀ ਪ੍ਰੈੱਸ ਕਾਨਫਰੰਸ :

ਸੋਸ਼ਲ ਮੀਡੀਆ 'ਤੇ ਸਿੱਖ ਫਾਰ ਜਸਟਿਸ ਦੀ ਵਾਇਰਲ ਪ੍ਰੈੱਸ ਕਾਨਫਰੰਸ ਵਿਚ ਪਾਕਿਸਤਾਨੀ ਅਤੇ ਕਸ਼ਮੀਰੀ ਨੇਤਾਵਾਂ ਦੇ ਨਾਲ ਪਰਮਜੀਤ ਸਿੰਘ ਪੰਮੇ ਨੇ ਕਿਹਾ ਕਿ ਸਿੱਖ ਰੈਫਰੰਡਮ ਦੇ ਦੋ ਮੁੱਦੇ ਹਨ। ਪਹਿਲਾ ਉਨ੍ਹਾਂ ਦਾ ਰੈਫਰੈਂਡਮ ਕਰਨ ਦਾ ਉਦੇਸ਼ ਦੁਨੀਆ ਭਰ ਨੂੰ ਦੱਸਣਾ ਹੈ ਕਿ ਪੰਜਾਬ ਤੇ ਕਸ਼ਮੀਰ ਦੀਆਂ ਦੋ ਮੁੱਖ ਕੌਮਾਂ ਸਿੱਖ ਤੇ ਮੁਸਲਮਾਨ ਕੌਮ 'ਤੇ ਕਿਵੇਂ ਭਾਰਤ ਸਰਕਾਰ ਨੇ ਕਹਿਰ ਢਾਹਿਆ ਹੈ। ਦੂਸਰਾ ਅਸੀਂ ਰੈਫਰੰਡਮ ਕਰ ਕੇ ਦੁਨੀਆ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਜਮਹੂਰੀ ਢੰਗ ਨਾਲ ਭਾਰਤ ਸਰਕਾਰ ਤੋਂ ਪੰਜਾਬ ਨੂੰ ਆਜ਼ਾਦ ਕਰਵਾਉਣਾ ਚਾਹੁੰਦੇ ਹਾਂ। ਉਸ ਦੇ ਲਈ 12 ਅਗਸਤ ਨੂੰ ਇਹ ਰੈਲੀ ਰੱਖੀ ਗਈ ਹੈ। ਇਸ ਲਈ ਕਸ਼ਮੀਰੀ ਭਰਾਵਾਂ ਨੇ ਵੀ ਸਾਨੂੰ ਸਹਿਯੋਗ ਦਿੱਤਾ ਹੈ।

### ਨਈਮ ਨੇ ਦਿੱਤਾ ਹਮਾਇਤ ਦਾ ਪੈਗਾਮ :

ਪ੍ਰੈੱਸ ਕਾਨਫਰੰਸ ਵਿਚ ਓਵਰਸੀਜ਼ ਪਾਕਿਸਤਾਨੀ ਵੈਲਫੇਅਰ ਕੌਂਸਲ ਦੇ ਨਈਮ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡੀ ਕਸ਼ਮੀਰੀ ਕਮਿਊਨਿਟੀ ਸਿੱਖਜ਼ ਫਾਰ ਜਸਟਿਸ ਦੇ ਸਿੱਖ ਰੈਫਰੰਡਮ ਵਿਚ ਪੂਰੀ ਤਰ੍ਹਾਂ ਇਨ੍ਹਾਂ ਦੇ ਨਾਲ ਹੈ ਤੇ ਇਸ ਮਿਸ਼ਨ ਵਿਚ ਪੂਰਾ ਸਾਥ ਦਿੱਤਾ ਜਾਵੇਗਾ। ਨਈਮ ਨੇ ਕਿਹਾ ਕਿ ਅਸੀਂ ਮਿਲ ਕੇ ਖਾਲਿਸਤਾਨ ਫਰੀਡਮ ਮੂਵਮੈਂਟ ਚਲਾਵਾਂਗੇ ਅਤੇ ਭਾਰਤ ਸਰਕਾਰ ਨੂੰ ਇਹ ਸਾਡਾ ਪੈਗਾਮ ਹੈ। ਸਾਨੂੰ ਇਹ ਫੈਸਲਾ ਪਹਿਲਾਂ ਮਿਲ ਕੇ ਕਰਨਾ ਚਾਹੀਦਾ ਸੀ, ਫਿਰ ਵੀ ਅਸੀਂ ਸਾਰੇ ਮਿਲ ਕੇ ਇਕ-ਦੂਸਰੇ ਨੂੰ ਹੋਰ ਮਜ਼ਬੂਤ ਕਰਾਂਗੇ। ਪ੍ਰੈੱਸ ਕਾਨਫਰੰਸ ਨੂੰ ਚੌਧਰੀ ਗੁਲਾਮ ਰੱਬਾਨੀ ਨੇ ਵੀ ਸੰਬੋਧਨ ਕਰਦੇ ਹੋਏ ਪੰਜਾਬ ਤੇ ਕਸ਼ਮੀਰ ਦੀ ਆਜ਼ਾਦੀ ਦਾ ਮੁੱਦਾ ਉਠਾਇਆ। ਭਾਰਤੀ ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਆਈਐਸਆਈ ਵੱਲੋਂ ਉਸ ਨੂੰ ਫੰਡ ਮੁਹੱਈਆ ਕਰਾਇਆ ਜਾ ਰਿਹਾ ਹੈ।

ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਅਸੀਂ 12 ਅਗਸਤ ਨੂੰ ਲੰਡਨ ਵਿੱਚ ਹੋਣ ਵਾਲੀ ਰੈਲੀ ਅਤੇ ਉਸ ਨਾਲ ਸਬੰਧਿਤ ਗਤੀਵਿਧੀਆਂ ਦੀ ਨਿਗਰਾਨੀ ਕਰ ਰਹੇ ਹਾਂ। ਪੰਜਾਬ ਪੁਲੀਸ ਅਜਿਹੇ ਅਨਸਰਾਂ ਨਾਲ ਸਿੱਝਣ ਦੇ ਪੂਰੀ ਤਰ੍ਹਾਂ ਯੋਗ ਹੈ। ਇਸ ਸਬੰਧੀ ਆਨਲਾਈਨ ਬਹੁਤ ਪ੍ਰਾਪੇਗੰਡਾ ਹੋ ਰਿਹਾ ਹੈ, ਸੁਰੱਖਿਆ ਏਜੰਸੀਆਂ ਸੋਸ਼ਲ ਮੀਡੀਆ ਪਲੇਟਫਾਰਮ ਦੀ ਨਿਗਰਾਨੀ ਕਰ ਰਹੀਆਂ ਹਨ।

ਖੁਫੀਆ ਏਜੰਸੀਆਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਇਹ ਖਾੜਕੂ ਖੁੱਲ੍ਹੇਆਮ ਕੰਮ ਕਰ ਰਹੇ ਹਨ, ਆਉਣ ਵਾਲੇ ਦਿਨਾਂ ਵਿਚ ਇਹ ਇਕ ਵੱਡਾ ਖਤਰਾ ਬਣ ਸਕਦੇ ਹਨ, ਹਾਲਾਂਕਿ ਖਾਲਿਸਤਾਨੀ ਅਤੇ ਕਸ਼ਮੀਰੀ ਖਾੜਕੂ ਕਾਫੀ ਸਮੇਂ ਤੋਂ ਨਾਲ ਮਿਲ ਕੇ ਕੰਮ ਕਰਨ ਦੀ ਯੋਜਨਾ ਬਣਾ ਰਹੇ ਹਨ ਪਰ ਅਜੇ ਤਕ ਇਸ ਵਿਚ ਇਨ੍ਹਾਂ ਨੂੰ ਕੋਈ ਵੱਡੀ ਸਫਲਤਾ ਨਹੀਂ ਮਿਲੀ ਹੈ।

### ਸੰਸਦ ਵਿੱਚ ਚੁੱਕਾਂਗਾ ਮੁੱਦਾ : ਰਵਨੀਤ ਬਿੱਟੂ :

ਪੰਜਾਬ ਦੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਰੈਫਰੰਡਮ 2020 ਨੂੰ ਗੁੰਮਰਾਹਕੁਨ ਦੱਸਦਿਆਂ ਇਹ ਮੁੱਦਾ ਸੰਸਦ ਦੇ ਚੱਲ ਰਹੇ ਸੈਸ਼ਨ ਵਿਚ ਚੁੱਕਣ ਦੀ ਗੱਲ ਆਖੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖ ਭਾਈਚਾਰੇ ਦਾ ਇਕ ਹਿੱਸਾ ਕੁਝ ਸਮੇਂ ਬਾਅਦ ਨਵਾਂ ਪ੍ਰੋਗਰਾਮ ਭਾਲਦਾ ਹੈ ਅਤੇ ਕੁਝ ਸ਼ਰਾਰਤੀ ਅਨਸਰ ਪੰਜਾਬੀਆਂ ਦੇ ਅਜਿਹੇ ਜਜ਼ਬਾਤਾਂ ਨਾਲ ਖੇਡਣ ਦੀ ਤਾਕ ਵਿੱਚ ਹਮੇਸ਼ਾ ਪੰਜਾਬ ਵਿੱਚ ਭੜਕਾਹਟ ਪੈਦਾ ਕਰਨ ਲਈ ਤਿਆਰ ਰਹਿੰਦੇ ਹਨ। ਅਜਿਹੀਆਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਬੈਠ ਕੇ ਭੜਕਾਹਟ ਪੈਦਾ ਕਰ ਰਹੇ ਇਹ ਲੋਕ ਜਾਂ ਤਾਂ ਪੰਜਾਬ ਵਿੱਚ ਆ ਕੇ ਗੱਲ ਕਰਨ ਜਾਂ ਫਿਰ ਚੁੱਪ ਰਹਿਣ।

### ਬਰਤਾਨੀਆ ਦੀ ਖੱਬੇ ਪੱਖੀ ਪਾਰਟੀ ਨੇ ਦਿੱਤਾ ਸਮਰਥਨ

ਬਰਤਾਨੀਆ ਦੀ ਖੱਬੇ ਪੱਖੀ ਗਰੀਨ ਪਾਰਟੀ ਲੰਡਨ ਵਿਚ ਐਤਵਾਰ ਨੂੰ ਹੋ ਰਹੇ ਖਾਲਿਸਤਾਨ ਪੱਖੀ ਸਮਾਗਮ ਲਈ ਖੁੱਲ੍ਹ ਕੇ ਸਮਰਥਨ ਵਿੱਚ ਆ ਗਈ ਹੈ। ਇਸ ਸਮਾਗਮ ਦਾ ਭਾਰਤ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇਸ ਪਾਰਟੀ ਦੀ ਐਮਪੀ ਕਾਰੋਲਾਈਨ ਲੁਕਸ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਇਹ ਅਧਿਕਾਰ ਹੈ ਕਿ ਉਹ ਆਪਣੇ ਲਈ ਆਜ਼ਾਦ ਪੰਜਾਬੀ ਸੂਬੇ ਦੀ ਮੰਗ ਕਰਨ। ਇਸ ਰੈਲੀ ਨੂੰ ਬਰਤਾਨੀਆ ਦੀ ਪਹਿਲੀ ਮੈਂਬਰ ਪਾਰਲੀਮੈਂਟ ਵੱਲੋਂ ਖੁੱਲ੍ਹਾ ਸਮਰਥਨ ਮਿਲਿਆ ਹੈ।

## "ਰੈਫਰੰਡਮ-2020" ਬਾਰੇ ਖਾਲਿਸਤਾਨ ਪੱਖੀ ਜਥੇਬੰਦੀਆਂ ਦੇ ਅਹਿਮ ਇਤਰਾਜ਼ਾਂ 'ਤੇ 'ਸਿੱਖਜ਼ ਫਾਰ ਜਸਟਿਸ' ਖਾਮੋਸ਼

ਦੂਰ ਹੈ। ਹਾਲ ਹੀ ਵਿਚ ਦਲ ਖਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਹਰਪਾਲ ਸਿੰਘ ਚੀਮਾ ਤੇ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖਜ਼ ਫਾਰ ਜਸਟਿਸ ਨੂੰ ਇਕ ਪੱਤਰ ਭੇਜ ਕੇ "ਰੈਫਰੰਡਮ 2020" ਬਾਰੇ ਸਪੱਸ਼ਟਤਾ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਕਈ ਗੰਭੀਰ ਸਵਾਲ ਉਠਾਏ ਹਨ ਅਤੇ ਸਿੱਖਜ਼ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਤੋਂ ਲਿਖਤੀ ਤੌਰ 'ਤੇ ਵੀ ਜਵਾਬ ਮੰਗਿਆ ਹੈ ਪਰ ਅਜੇ ਸਿੱਖਜ਼ ਫਾਰ ਜਸਟਿਸ ਦੀ ਤਰਫ ਤੋਂ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ ਹੈ। ਇਹ ਸਵਾਲ ਪੰਜਾਬ ਤੇ ਸਿੱਖ ਪੰਥ ਦੇ ਦਰਦ ਨੂੰ ਮਹਿਸੂਸ ਕਰਨ ਵਾਲੇ ਕਈ ਵਿਦਵਾਨਾਂ ਤੇ ਸਿਆਸਤਦਾਨਾਂ ਵੱਲੋਂ ਵੀ ਚੁੱਕੇ ਗਏ ਹਨ, ਜਿਨ੍ਹਾਂ ਬਾਰੇ ਕੋਈ ਸਪਸ਼ਟੀਕਰਨ ਨਹੀਂ ਆ ਰਿਹਾ ਹੈ। ਇਸ ਕਰਕੇ ਕਈ ਅਹਿਮ ਖਾਲਿਸਤਾਨ ਪੱਖੀ ਧਿਰਾਂ ਨੇ ਫਿਲਹਾਲ ਇਸ ਰਾਏਸ਼ੁਮਾਰੀ ਦਾ ਸਮਰਥਨ ਨਹੀਂ ਕੀਤਾ ਪਰ ਉਨ੍ਹਾਂ ਸਿੱਧੇ ਢੰਗ ਨਾਲ ਵਿਰੋਧ ਵੀ ਨਹੀਂ ਪ੍ਰਗਟਾਇਆ। ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਰਾਏਸ਼ੁਮਾਰੀ ਕਰਾਉਣ ਵਾਲੀ ਜਥੇਬੰਦੀ ਕੋਲ ਕੁਝ ਖਦਸ਼ੇ ਪ੍ਰਗਟਾਏ ਗਏ ਹਨ ਅਤੇ ਸਪੱਸ਼ਟ ਕਰਨ ਲਈ ਆਖਿਆ ਹੈ ਪਰ ਹੁਣ ਤਕ ਕੋਈ ਹੁੰਗਾਰਾ ਨਹੀਂ ਆਇਆ। ਉਨ੍ਹਾਂ ਦੱਸਿਆ ਕਿ 12 ਅਗਸਤ ਨੂੰ ਲੰਡਨ ਵਿਚ ਹੋਣ ਵਾਲੇ ਸਮਾਗਮ ਵਿਚ ਸ਼ਮੂਲੀਅਤ ਨਹੀਂ ਕਰਨਗੇ। ਉਨ੍ਹਾਂ ਲੰਡਨ ਵਿਚ ਹੋਣ ਵਾਲੇ ਸਮਾਗਮ ਵਿਚ ਕੀਤੇ ਜਾਣ ਵਾਲੇ ਫੈਸਲਿਆਂ 'ਤੇ ਵਿਚਾਰ ਕਰਨ ਲਈ13 ਅਗਸਤ ਨੂੰ ਚੰਡੀਗੜ੍ਹ ਵਿਖੇ ਇਕ ਕਨਵੈਨਸ਼ਨ ਸੱਦੀ ਹੈ। ਯੂਨਾਈਟਿਡ ਅਕਾਲੀ ਦਲ ਦੇ ਆਗੂ ਗੁਰਦੀਪ ਸਿੰਘ ਬਠਿੰਡਾ ਨੇ ਆਖਿਆ ਕਿ ਉਨ੍ਹਾਂ ਦੀ ਜਥੇਬੰਦੀ ਨੇ ਇਸ ਰਾਏਸ਼ੁਮਾਰੀ ਦੀ ਨਾ ਤਾਂ ਹਮਾਇਤ ਕੀਤੀ ਹੈ ਅਤੇ ਨਾ ਹੀ ਵਿਰੋਧ। ਸਿੱਖਜ਼ ਫਾਰ ਜਸਟਿਸ ਦੀ ਹਮਖਿਆਲੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਉਹ ਲੰਡਨ ਵਿਚ 12 ਅਗਸਤ ਨੂੰ ਸੱਦੇ ਗਏ ਸਮਾਗਮ ਵਿਚ ਸ਼ਾਮਲ ਨਹੀਂ ਹੋਣਗੇ ਪਰ ਉਹ ਸਿੱਖ ਆਜ਼ਾਦੀ ਦੇ ਹਾਮੀ ਹਨ।

## 50 ਸਾਲਾ ਸਿੱਖ ਦੀ ਨਸਲੀ ਹਮਲੇ 'ਚ ਕੁੱਟਮਾਰ

ਦੱਸਿਆ ਕਿ ਪੀੜਤ ਸਥਾਨਕ ਉਮੀਦਵਾਰ ਦੇ ਪ੍ਰਚਾਰ ਲਈ ਪੋਸਟਰ ਲਗਾ ਲਗਾ ਰਿਹਾ ਸੀ। ਉਸ ਸਮੇਂ ਦੋ ਗੋਰਿਆਂ ਨੇ ਉਸ ਦੀ ਕੁੱਟਮਾਰ ਕੀਤੀ। ਗੋਰਿਆਂ ਨੇ ਸਿੱਖ ਦੇ ਸਿਰ 'ਤੇ ਰਾਡ ਨਾਲ ਹਮਲਾ ਕੀਤਾ ਪਰ ਉਹ ਦਸਤਾਰ ਬੰਨ੍ਹੀ ਹੋਣ ਕਾਰਨ ਗੰਭੀਰ ਸੱਟ ਤੋਂ ਬਚ ਗਿਆ।

ਸ਼ੁਰੂ ਵਿਚ ਇਹ ਖ਼ਬਰ ਫੇਸਬੁੱਕ ਉਤੇ ਸ਼ੇਅਰ ਹੋਈ, ਇਸ ਪੋਸਟ ਵਿਚ ਪਿਕਅੱਪ ਟਰੱਕ ਦੀ ਤਸਵੀਰ ਵੀ ਸ਼ੇਅਰ ਕੀਤੀ ਗਈ, ਜਿਸ 'ਤੇ ਕਾਲੇ ਅੱਖਰਾਂ ਵਿਚ ਲਿਖਿਆ ਗਿਆ ਦਿਖ ਰਿਹਾ ਹੈ, "ਗੋ ਬੈਕ ਟੂ ਯੂਅਰ ਕੰਟਰੀ।" ਪੁਲਿਸ ਨੇ ਕਿਹਾ ਕਿ ਉਹ ਇਸ ਘਟਨਾ ਨੂੰ ਨਫ਼ਰਤੀ ਅਪਰਾਧ ਮੰਨ ਕੇ ਜਾਂਚ ਕਰ ਰਹੇ ਹਨ।

ਸਿੱਖਾਂ ਵੱਲੋਂ ਇਸ ਘਟਨਾ ਦੀ ਨਿੰਦਾ ਕੀਤੀ ਜਾ ਰਹੀ ਹੈ। ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਦੇ ਪ੍ਰਧਾਨ ਜਸਵੰਤ ਸਿੰਘ ਹੋਠੀ, ਕੋਆਰਡੀਨੇਟਰ ਪ੍ਰਿਤਪਾਲ ਸਿੰਘ ਅਤੇ ਮੈਡਿਸਟੋ ਦੇ ਵਾਇਸ ਮੇਅਰ ਮਨਮੀਤ ਸਿੰਘ ਗਰੇਵਾਲ, ਅਮਰੀਕਨ ਸਿੱਖ ਕੌਂਜ਼ਸ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ। ਇਹ ਸਿੱਖ ਆਗੂ ਇਸ ਮਾਮਲੇ ਦੀ ਨਿਰਪੱਖ ਜਾਂਚ ਬਾਰੇ ਸੈਂਟਰਲ ਵੈਲੀ ਦੇ ਕਾਨੂੰਨੀ ਅਤੇ ਸਰਕਾਰੀ ਅਧਿਕਾਰੀਆਂ ਨੂੰ ਵੀ ਮਿਲੇ।

ਜਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਕੈਲੀਫ਼ੋਰਨੀਆ ਵਿਚ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧ ਵਧ ਗਏ ਹਨ। ਇਸ ਸੂਬੇ ਵਿਚ ਸਿੱਖਾਂ ਦੀ ਸਭ ਤੋਂ ਜ਼ਿਆਦਾ ਵਸੋਂ ਹੈ। ਕੈਲੀਫ਼ੋਰਨੀਆ ਦੇ ਸ਼ਹਿਰ ਸਟਾਕਟਨ ਵਿਚ ਸੰਨ 1912 'ਚ ਪਹਿਲਾ ਗੁਰਦਵਾਰਾ ਉਸਾਰਿਆ ਗਿਆ ਸੀ। ਇਕ ਸਰਵੇਖਣ ਮੁਤਾਬਕ ਲਗਭਗ ਪੰਜ ਲੱਖ ਸਿੱਖ ਅਮਰੀਕਾ ਵਿਚ ਵਸਦੇ ਹਨ ਅਤੇ ਦੁਨੀਆ ਭਰ ਵਿਚ 25 ਮਿਲੀਅਨ ਦੀ ਆਬਾਦੀ ਵਾਲੇ ਸਿੱਖ ਧਰਮ ਨੂੰ ਪੰਜਵਾਂ ਸਥਾਨ ਪ੍ਰਾਪਤ ਹੈ।

## ਪੰਜਾਬੀ ਨੌਜਵਾਨ ਦੀ ਕੈਨੇਡਾ ਵਿਚ ਗੋਲੀਆਂ ਲੱਗਣ ਨਾਲ ਮੌਤ

ਗਈ ਹੈ। ਗਗਨ ਦੇ ਪਿਤਾ ਗੁਰਚਰਨ ਸਿੰਘ ਧਾਲੀਵਾਲ ਐਬਟਸਫੋਰਡ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਗਗਨ ਦੇ ਪਿਤਾ ਨੇ ਦੱਸਿਆ ਕਿ ਗੈਂਗਵਾਰ ਦੇ ਚਲਦਿਆਂ ਨੌਜਵਾਨਾਂ ਲਈ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਉਨ੍ਹਾਂ ਕੁਝ ਮਹੀਨੇ ਪਹਿਲਾਂ ਗਗਨ ਨੂੰ ਪੰਜਾਬ ਭੇਜ ਦਿੱਤਾ ਸੀ ਤੇ ਉਹ ਅਜੇ ਕੁਝ ਦਿਨ ਪਹਿਲਾਂ ਹੀ ਵਾਪਸ ਕੈਨੇਡਾ ਆਇਆ ਸੀ। ਰਾਤ ਨੂੰ ਉਹ ਆਪਣੀ ਭੂਆ ਦੇ ਪੁੱਤ ਨਾਲ ਗੈਰਾਜ ਵਿਚ ਬੈਠਾ ਸੀ ਕਿ ਹਮਲਾਵਰਾਂ ਨੇ ਨੇੜਿਓਂ ਆ ਕੇ ਉਨ੍ਹਾਂ ਨੂੰ ਗੋਲੀਆਂ ਮਾਰੀਆਂ ਤੇ ਫ਼ਰਾਰ ਹੋ ਗਏ। ਉਧਰ ਮਾਮਲੇ ਦੀ ਜਾਂਚ ਕਰ ਰਹੀ ਪੁਲੀਸ ਦਾ ਕਹਿਣਾ ਹੈ ਕਿ ਉਨ੍ਹਾਂ ਕਿ ਹੱਥ ਹਮਲਾਵਰਾਂ ਬਾਰੇ ਕੁਝ ਸੁਰਾਗ ਲੱਗੇ ਹਨ। ਗਗਨ ਦੀ ਛਾਤੀ ਵਿਚ ਲੱਗੀਆਂ ਦੋ ਗੋਲੀਆਂ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਜ਼ਖ਼ਮੀ 15 ਸਾਲਾ ਲੜਕੇ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
LOVE
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.


SHER ROTI
SOFT SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM